# ਸਮਤਾ

ਨਵੰਬਰ 1982 (ਅੰਕ 30)

ਸੰਪਾਦਕ: ਗੁਰਸ਼ਰਨ ਸਿੰਘ (1929-2011)


ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਕੈਨੇਡਾ ਤੋਂ ਨਿਕਲਦੇ ਸਾਹਿਤਕ ਮੈਗਜ਼ੀਨ "ਵਤਨ" ਦੇ ਵੈੱਬਸਾਈਟ 'ਤੇ ਪਾਉਣ ਲਈ ਤਿਆਰ ਕੀਤੀ।

ਸ੍ਰੋਤ: ਸੁਖਵੰਤ ਹੁੰਦਲ ਅਤੇ ਸਾਧੂ ਬਿਨਿੰਗ ਦੀ ਨਿੱਜੀ ਲਾਇਬ੍ਰੇਰੀ ਵਿੱਚੋਂ।

ਨਵੰਬਰ 1982

30

ਮੁਲ—ਦੋ ਰੁਪਿਆ



ਅਰਪਿਤਾ ਸਿੰਘ

## ਇਸ ਅੰਕ ਵਿਚ :

ਇਕ ਰੀਪੋਰਟ : ਅਸੀਂ ਵੀ ਮਨੁੱਖ ਹਾਂ—ਰਾਜਧਾਨੀ ਵਿਚ ਹੋ ਰਹੀਆਂ ਏਸ਼ਿਆਈ ਖੇਡਾਂ ਦੀ ਸ਼ਾਨੋਸ਼ੌਕਤ ਵਿਚ ਮਜ਼ਦੂਰਾਂ ਦੇ ਹੋ ਰਹੇ ਸ਼ੋਸ਼ਨ ਦੀ ਇਕ ਦਾਸਤਾਨ

ਕਵਿਤਾਵਾਂ : ਦਰਸ਼ਨ ਬੁਲੰਦਵੀ, ਜਸਵਿੰਦਰ, ਜਗਰੂਪ ਸਿੰਘ ਰੂਪ ਅਤੇ ਆਰੀਤ ਦੀ ਅਨੁਵਾਦਤ ਐਟਿਕਾ ਦੇ ਕੈਦੀਆਂ ਦੀ ਕਵਿਤਾ

ਕਹਾਣੀਆਂ : ਰਾਕੇਸ਼ ਵਤਸ, ਮਨਦੀਪ ਜਲਾਲਾਬਾਦੀ, ਦਾਮੋਦਰ ਦੱਤ ਦੀਕਸ਼ਤ

ਲੇਖ : "ਬਿਜਲੀ ਰਾਣੀ ਦੀ ਕਹਾਣੀ" ਐਮ. ਸੀ. ਭਾਰਦਵਾਜ

—ਤੇ ਹੋਰ ਟਿਪਣੀਆਂ—

# ਸੰਪਾਦਕੀ ਤੇ ਸੰਪਾਦਕੀ ਟਿਪਣੀਆਂ

- ਜਿਸ ਤਰ੍ਹਾਂ ਉਮੀਦ ਕੀਤੀ ਜਾਂਦੀ ਸੀ ਕਿ ਇੰਦਰਾ ਬੀਬੀ ਅਕਾਲੀਆਂ ਨਾਲ ਕਿਸੇ ਵਿਚੋਲੇ ਰਾਹੀਂ ਗਲਬਾਤ ਕਰੇਗੀ, ਉਸਨੇ ਸੰਵਰਨ ਸਿੰਘ ਨੂੰ ਪੰਜਾਬ ਭੇਜ ਦਿਤਾ ਹੈ।
- ਜਿਸ ਤਰ੍ਹਾਂ ਉਮੀਦ ਕੀਤੀ ਜਾਂਦੀ ਸੀ ਕਿ ਅਕਾਲੀ ਪਹਿਲੇ ਕੁਝ ਸਖਤ ਬਿਆਨ ਦੇਣ ਤੋਂ ਬਾਅਦ ਇਸ ਗਲਬਾਤ ਦੀ ਮੰਗ ਨੂੰ ਮੰਨ ਲੈਣਗੇ, ਉਹ ਉਹਨਾਂ ਨੇ ਮੰਨ ਲਈ ਹੈ।
- ਜਿਸ ਤਰ੍ਹਾਂ ਉਮੀਦ ਕੀਤੀ ਜਾਂਦੀ ਸੀ ਕਿ ਅਕਾਲੀ ਲੀਡਰਸ਼ਿਪ ਲੜਾਈ ਵਿਚ ਇਕੱਠੀ ਹੁੰਦੀ ਹੈ, ਤੇ ਲੜਾਈ ਦੇ ਬਾਅਦ ਖਿੰਡਦੀ ਹੈ, ਉਸ ਅਨੁਸਾਰ ਹੁਣ ਦੋ ਸੰਤਾਂ ਦੇ ਦਰਮਿਆਨ ਮੱਤਭੇਦ ਪੈਦਾ ਹੋ ਗਏ ਹਨ।
- ਜਿਸ ਤਰ੍ਹਾਂ ਉਮੀਦ ਕੀਤੀ ਜਾਂਦੀ ਸੀ ਕਿ ਅਕਾਲੀਆਂ ਦੇ ਹਰ ਮੋਰਚੇ ਦੇ ਧੂੰਮ ਧੜੱਕੇ ਦੇ ਬਾਅਦ ਜਿਥੋਂ ਤਕ ਪੰਜਾਬ ਦੇ ਲੋਕਾਂ ਦਾ ਤੁਅਲਕ ਹੈ, ਪ੍ਰਾਪਤੀ ਤਕਰੀਬਨ ਸਿਫਰ ਹੀ ਹੁੰਦੀ ਹੈ, ਇਸ ਮੋਰਚੇ ਦੀ ਪ੍ਰਾਪਤੀ ਉਸ ਲਿਹਾਜ਼ ਨਾਲ ਸਿਫਰ ਹੈ ਕਿਉਂਕਿ ਲੋਕਾਂ ਨੂੰ ਆਪਣੀ ਰੋਜ਼ ਦੀ ਜ਼ਿੰਦਗੀ ਵਿਚ ਮੰਡੀਆਂ ਵਿਚ ਫਸਲ ਰੁੱਲਣ ਤੋਂ ਲੈਕੇ ਹਰ ਕਿਸਮ ਦੇ ਭ੍ਰਿਸ਼ਟਾਚਾਰੀ ਸਰਕਾਰੀ ਢਾਂਚੇ ਤੋਂ ਕਿਸੇ ਕਿਸਮ ਦੀ ਨਿਜ਼ਾਤ ਨਹੀਂ ਮਿਲੇਗੀ।

ਪਰ ਇਸ ਮੋਰਚੇ ਦੀਆਂ ਵਡੀਆਂ ਪ੍ਰਾਪਤੀਆਂ ਅਸਿਧੇ ਤੌਰ ਤੇ ਇਸਦੇ ਸ਼ਬਕ ਹਨ :—

- ਲੋਕਾਂ ਵਿਚ ਇਹ ਭਰਮ ਮਿੱਟ ਗਿਆ ਹੈ ਕਿ ਸਰਕਾਰ ਜਾਂ ਸਟੇਟ ਨਾਲ ਟੱਕਰ ਨਹੀਂ ਲਈ ਜਾ ਸਕਦੀ। ਲੋਕਾਂ ਦੇ ਹੜ ਅਗੇ ਫਨੇ ਖਾਂ ਪੁਲਸ, ਜੇਲ ਅਧਿਕਾਰੀ ਸਭ ਸਿਫਰ ਹੋ ਗਏ। ਆਉਣ ਵਾਲੇ ਸੰਘਰਸ਼ਾਂ ਲਈ ਇਹ ਇਕ ਮਹੱਤਵਪੂਰਨ ਗਲ ਹੈ।
- ਕਾਂਗਰਸੀ ਸਿੱਖ ਨਾਂ ਦੀ ਕੋਈ ਚੀਜ਼ ਪੰਜਾਬ ਵਿਚ ਨਹੀਂ ਹੈ। ਜ਼ੈਲ ਸਿੰਘ, ਦਰਬਾਰਾ ਸਿੰਘ, ਬੂਟਾ ਸਿੰਘ ਇਹ ਬੀਬੀ ਦੇ ਜ਼ੈਲਦਾਰ, ਦਰਬਾਰੀ ਅਤੇ ਬੂਟੇ ਹੀ ਹਨ, ਜਿਨਾਂ ਦੀਆਂ ਪੰਜਾਬ ਵਿਚ ਕੋਈ ਜੜ੍ਹਾਂ ਨਹੀਂ, ਭਾਵੇਂ ਉਹ ਰਾਸ਼ਟਰਪਤੀ ਹੋਣ, ਮੁੱਖ ਮੰਤਰੀ ਹੋਣ ਜਾਂ ਏਸ਼ੀਆਈ ਖੇਡਾਂ ਦੇ ਮੁੱਖੀ ਹੋਣ।
- ਲੋਕ ਪੱਖੀ ਤਾਕਤਾਂ ਜੇਕਰ ਲੋਕਾਂ ਦੀ ਲਾਮਬੰਦੀ ਨਹੀਂ ਕਰਨਗੀਆਂ ਤਾਂ ਲੋਕ ਦੁਸ਼ਮਣ ਧਾਰਮਿਕ ਜਨੂੰਨੀ ਇਹਦਾ ਲਾਭ ਲੈਂਦੇ ਰਹਿਣਗੇ ਤੇ ਲੋਕਾਂ ਨੂੰ ਗੁੰਮਰਾਹ ਕਰਦੇ ਰਹਿਣਗੇ।

—ਗੁਰਸ਼ਰਨ ਸਿੰਘ

## 1. ਇਕ ਬੇਮਿਸਾਲ ਸਾਹਿਤਕ ਸੰਮੇਲਨ

'ਆਰਸੀ' ਦੇ ਅਕਤੂਬਰ ਅੰਕ ਵਿਚ ਸੁਖਬੀਰ ਹੋਰਾਂ ਵਲੋਂ ਭੇਜੀ ਬੰਬਈ ਵਿਚ ਹੋਏ 'ਮਰਾਠੀ ਸਾਹਿਤ-ਸੰਮੇਲਨ' ਦੀ ਇਕ ਰੀਪੋਰਟ ਪੜੀ। ਇਸ ਸਮੇਲਨ ਨੂੰ 'ਇਕ ਬੇਮਿਸਾਲ ਸਾਹਿਤ ਸੰਮੇਲਨ' ਦਾ ਉਹਨਾਂ ਨਾਂ ਦਿਤਾ। ਉਹਨਾਂ ਦੇ ਦੱਸਣ ਅਨੁਸਾਰ ਸ਼ਾਇਦ ਇਹ ਸੰਮੇਲਨ ਪੂਰੇ ਹਿੰਦੋਸਤਾਨ ਵਿਚ ਆਪਣੀ ਕਿਸਮ ਦਾ ਪਹਿਲਾ ਸਾਹਿਤ ਸੰਮੇਲਨ ਸੀ, ਜਿਸਦੇ ਪ੍ਰਬੰਧਕਾਂ ਨੇ ਕਿਸੇ ਵੀ ਕਿਸਮ ਦੀ ਸਰਕਾਰੀ ਸਹਾਇਤਾ ਤੋਂ ਬਿਨਾਂ, ਸਗੋਂ ਜਾਣ ਬੁਝਕੇ ਉਸਨੂੰ ਠੁਕਰਾਂਦਿਆਂ ਬੇਮਿਸਾਲ ਕਾਮਯਾਬੀ ਹਾਸਲ ਕੀਤੀ। ਮਰਾਠੀ ਦੇ ਲਗਭਗ ਸਾਰੇ ਵਡੇ ਲੇਖਕ ਉਸ ਵਿਚ ਸ਼ਾਮਿਲ ਸਨ, ਜਿਨ੍ਹਾਂ ਨੇ ਭਾਸ਼ਾ, ਸਾਹਿੱਤ, ਲੇਖਕ ਦੀ ਆਜ਼ਾਦੀ, ਸਮਾਜ ਵਿਚ ਲੇਖਕ ਦੀ ਹੋਂਦ ਅਤੇ ਕਰਤਵ ਬਾਰੇ ਬੜੀ ਉੱਚੀ ਪੱਧਰ ਤੇ ਵਿਚਾਰ ਪ੍ਰਗਟ ਕੀਤੇ ਤੇ ਅਹਿਮ ਸਿੱਟੇ ਕਢੇ। ਕੁਝ ਮਸਲਿਆਂ ਬਾਰੇ ਲੇਖਕਾਂ ਦੇ ਆਪਸੀ ਮਤਭੇਦ ਦੇ ਬਾਵਜੂਦ ਸਾਰੇ ਹੀ ਲੇਖਕ ਇਸ ਗੱਲ ਤੇ ਇਕਮਤ ਸਨ ਕਿ ਲੇਖਕ ਦੀ ਆਜ਼ਾਦੀ ਅਤੇ ਸਾਹਿਤ-ਸੰਸਥਾਵਾਂ ਤੇ ਸੰਮੇਲਨਾਂ ਵਿਚ ਸਰਕਾਰ ਦੀ ਦਖਲ-ਅੰਦਾਜ਼ੀ ਨਿੰਦਣਯੋਗ ਹੈ ਤੇ ਲੇਖਕ ਦੀ ਹੋਂਦ ਲਈ ਘਾਤਕ ਹੈ। ਮਰਾਠੀ ਦੇ ਇਸ ਬੇਮਿਸਾਲ ਸਾਹਿਤ ਸੰਮੇਲਨ ਦੇ ਮੁਕਾਬਲੇ ਵਿਚ ਪੰਜਾਬ ਵਿਚ ਵੀ ਇਕ 'ਬੇਮਿਸਾਲ ਸਾਹਿਤ ਸੰਮੇਲਨ' ਪਿਛਲੇ ਦਿਨਾਂ ਵਿਚ ਪ੍ਰੋ. ਮੋਹਣ ਸਿੰਘ ਦੇ 78-ਵੇਂ ਜਨਮ ਦਿਵਸ ਦੇ ਮੌਕੇ ਤੇ ਪੰਜਾਬੀ ਭਵਨ ਲੁਧਿਆਣਾ ਵਿਚ ਹੋਇਆ ਹੈ। ਇਹ ਸ਼ਾਇਰ ਜੋ ਪੰਜਾਬ ਵਿਚ ਅਗਾਂਹਵਧੂ ਕਵਿਤਾ ਦੀਆਂ ਲੀਹਾਂ ਘੜਣ ਵਾਲਾ ਕਿਹਾ ਜਾ ਸਕਦਾ ਹੈ :

—'ਦੋ ਟੋਟਿਆਂ ਵਿਚ ਭੋਂ ਵੰਡੀ,
ਇਕ ਮਹਿਲਾਂ ਦਾ ਇਕ ਝੋਕਾਂ ਦਾ,
ਦੋ ਟੋਟਿਆਂ ਵਿਚ ਖਲਕਤ ਵੰਡੀ,
ਇਕ ਲੋਕਾਂ ਦਾ ਇਕ ਜੋਕਾਂ ਦਾ'—

ਵਰਗੇ ਸ਼ੇਅਰਾਂ ਦਾ ਜਨਮਦਾਤਾ ਸੀ, ਉਸਦੀ ਯਾਦ ਵਿਚ ਮਨਾਏ ਜਾਣ ਵਾਲੇ ਸੰਮੇਲਨ ਦੇ ਚਾਰ ਸੈਸ਼ਨਾਂ ਵਿਚ ਪ੍ਰਧਾਨਗੀ ਕਰਮਵਾਰ ਕਰ ਰਹੇ ਸਨ—ਸ੍ਰੀ ਸਰਦਾਰੀ ਲਾਲ ਕਪੂਰ, ਲੋਕਲ ਬਾਡੀਜ਼ ਮੰਤਰੀ—ਸ੍ਰੀ ਬੀਰਬਲ ਸਿੰਘ, ਰਾਜ ਸਹਿਕਾਰਤਾ ਮੰਤਰੀ—ਸ੍ਰੀ ਜੁਗਿੰਦਰ ਪਾਲ ਪਾਂਡੇ, ਲੋਕ ਸੰਪਰਕ ਮੰਤਰੀ—ਅਤੇ ਸ੍ਰੀ ਬੇਅੰਤ ਸਿੰਘ, ਲੋਕ ਨਿਰਮਾਣ ਮੰਤਰੀ। ਇਸ ਬਾਰੇ ਸ਼ਕ ਹੀ ਹੈ ਕਿ ਇਹਨਾਂ ਲੋਕਾਂ ਨੇ ਕਦੀ ਪ੍ਰੋ. ਮੋਹਣ ਸਿੰਘ ਦੀ ਕਵਿਤਾ

ਦੀ ਕੋਈ ਪੰਗਤੀ ਵੀ ਪੜ੍ਹੀ ਹੋਵੇ। 'ਅੰਬੀ ਦਾ ਬੂਟਾ' ਵਰਗੀ ਜੰਗ ਵਿਰੁਧੀ ਮਹਾਨ ਰਚਨਾ ਇਹਨਾਂ ਲਈ ਤੇ ਹੋਰ ਸਰਕਾਰੀ ਪਤਵੰਤਿਆਂ ਲਈ ਜੋ ਅਗਲੀਆਂ ਕਤਾਰਾਂ ਵਿਚ ਬਿਰਾਜਮਾਨ ਸਨ, ਇਕ ਮੁਟਿਆਰ ਲਈ ਗਲਵਕੜੀਆਂ ਦੀ ਤਾਂਘ ਤੋਂ ਸਿਵਾ ਹੋਰ ਕੁਝ ਵੀ ਨਹੀਂ ਸੀ। ਇਸ 'ਬੇਮਿਸਾਲ ਸਾਹਿਤ ਅਤੇ ਸਭਿਆਚਾਰਕ ਸੰਮੇਲਨ' ਲਈ ਪ੍ਰਬੰਧਕ 'ਵਧਾਈ' ਦੀ ਹਕਦਾਰ ਹਨ।

## 2. ਲੈਬਨਾਨ ਉਤੇ ਇਸਰਾਈਲ ਦਾ ਹਮਲਾ

ਕਿਸੇ ਮਹਲੇ ਵਿਚ ਕੁਝ ਹਥਿਆਰ-ਬੰਦ ਗੁੰਡੇ ਆ ਕੇ ਕਿਸੇ ਗਰੀਬੜੇ ਨੂੰ ਘੇਰ ਲੈਣ ਅਤੇ ਸਾਰਾ ਮਹਲਾ ਲਾਚਾਰੀ ਵਿਚ ਵੇਖਦਾ ਹੀ ਰਹੇ ਅਤੇ ਕਰ ਕੁਝ ਨਾ ਸਕੇ, ਇਹੋ ਹਾਲ ਬਾਕੀ ਦੁਨੀਆਂ ਦਾ ਇਸਰਾਈਲ ਦੇ ਲੈਬਨਾਨ ਉਤੇ ਹਮਲੇ ਬਾਰੇ ਹੈ। ਹਥਿਆਰਾਂ ਨਾਲ ਪੂਰੀ ਤਰ੍ਹਾਂ ਲੈਸ ਹੋ ਕੇ ਇਸਰਾਈਲ ਨੇ ਲੈਬਨਾਨ ਨੂੰ ਆ ਦਬੋਚਿਆ, ਬਹਾਨਾ ਇਹ ਹੈ ਕਿ ਲੈਬਨਾਨ ਨੇ ਫਲਸਤੀਨੀ ਗੁਰੀਲਿਆਂ ਨੂੰ ਪਨਾਹ ਦਿਤੀ ਹੋਈ ਸੀ, ਜਿਹੜੇ ਪਿਛਲੇ 37 ਸਾਲਾਂ ਤੋਂ ਇਸਰਾਈਲ ਦੇ ਵਿਰੁਧ ਜਹਾਦ ਕਰ ਰਹੇ ਹਨ। ਦੂਜੀ ਵੱਡੀ ਜੰਗ ਤੋਂ ਪਹਿਲਾਂ ਹਿਟਲਰ ਦੇ ਫਾਸ਼ੀ ਦਸਤਿਆਂ ਨੇ ਜੋ ਯਹੂਦੀਆਂ ਤੇ ਜ਼ੁਲਮ ਕੀਤੇ ਸਨ, ਸਾਰੀ ਦੁਨੀਆਂ ਦੇ ਜਮਹੂਰੀਅਤ ਪਸੰਦ ਲੋਕਾਂ ਦੀ ਹਮਦਰਦੀ ਯਹੂਦੀਆਂ ਨਾਲ ਸੀ। ਹਿਟਲਰ ਦੇ ਜ਼ੁਲਮ ਦਾ ਇਹ ਸ਼ਿਕਾਰ ਸਨ। ਦੁਨੀਆਂ ਦੀ ਬਰਾਦਰੀ ਚਾਹੁੰਦੀ ਸੀ ਕਿ ਯਹੂਦੀਆਂ ਨੂੰ ਜੋ 300 ਸਾਲ ਪਹਿਲਾਂ ਆਪਣੇ ਮੁਲਕ ਇਸਰਾਈਲ ਵਿਚੋਂ ਕਢੇ ਗਏ ਸਨ, ਉਹਨਾਂ ਨੂੰ ਵੀ ਇਕ ਘਰ ਮਿਲੇ। ਪਰ ਦੁਨੀਆਂ ਦੀ ਬਰਾਦਰੀ ਇਹ ਨਹੀਂ ਚਾਹੁੰਦੀ ਸੀ ਕਿ ਜਦੋਂ ਇਹਨਾਂ ਨੂੰ ਘਰ ਮਿਲੇ ਤਾਂ ਵੀਹਾਂ ਪੀੜੀਆਂ ਤੋਂ ਇਸਰਾਈਲ ਵਿਚ ਵਸਦੇ ਅਰਬ ਨਸਲ ਦੇ ਫਲਸਤੀਨੀ ਬੇਘਰ ਹੋ ਜਾਣ! ਪਰ ਇਸਰਾਈਲ ਵਿਚ ਯਹੂਦੀਆਂ ਦੀ ਹਕੂਮਤ ਬਣਦੇ ਹੀ ਸਰਕਾਰ ਨੇ ਫਲਸਤੀਨੀਆਂ ਵਿਰੁਧ ਪੂਰੀ ਜਾਰਹਾਨਾ ਕਾਰਵਾਈ ਸ਼ੁਰੂ ਕਰ ਦਿਤੀ। ਅਮਰੀਕਾ ਵਲੋਂ ਇਸਰਾਈਲ ਨੂੰ ਪੂਰੀ ਸ਼ਹਿ ਸੀ। ਝਗੜਾ ਬੜਾ ਮਾਮੂਲੀ ਹੈ। ਯਹੂਦੀਆਂ ਨੂੰ ਘਰ ਮਿਲ ਗਿਆ। ਫਲਸਤੀਨੀਆਂ ਨੂੰ ਵੀ ਉਥੇ ਇਕ ਹਿੱਸਾ ਮਿਲ ਸਕਦਾ ਸੀ ਪਰ ਇਸਰਾਈਲ ਤਾਕਤ ਦੀ ਵਰਤੋਂ ਨਾਲ ਫਲਸਤੀਨੀਆਂ ਦਾ ਹੱਕ ਖੋਹਣਾ ਚਾਹੁੰਦੇ ਸੀ। ਫਲਸਤੀਨੀ ਗੁਰੀਲਿਆਂ ਨੇ ਬੜੀ ਬਹਾਦਰੀ ਨਾਲ ਪਿਛਲੇ 35-37 ਸਾਲਾਂ ਤੋਂ ਇਸਰਾਈਲ ਦੀ ਇਸ ਜਾਰਹਾਨਾ ਕਾਰਵਾਈ ਦਾ ਮੁਕਾਬਲਾ ਕੀਤਾ ਹੈ। ਪੀ. ਐਲ. ਓ. (Palestine Liberation Organisation) ਨੂੰ ਦੁਨੀਆਂ ਦੇ ਸਾਰੇ ਇਨਸਾਫ ਪਸੰਦ ਲੋਕਾਂ ਦੀ ਹਮਾਇਤ ਹਾਸਲ ਹੈ। ਪੀ. ਐਲ. ਓ. ਦਾ ਆਗੂ ਅਰਾਫਤ ਪਿਛਲੇ ਸਾਲ ਹਿੰਦੋਸਤਾਨ ਫੇਰੀ ਤੇ ਵੀ ਆਇਆ ਸੀ ਅਤੇ ਕਿੰਨੀਆਂ ਹੀ ਯੂਨੀਵਰਸਿਟੀਆਂ ਵਿਚ ਉਹਨੇ ਫਲਸਤੀਨੀ ਮੁਕਤੀ ਮੋਰਚੇ ਦਾ ਪੱਖ ਬੜੀ ਸਫਲਤਾ ਨਾਲ ਲੋਕਾਂ ਅਗੇ ਪੇਸ਼ ਕੀਤਾ ਸੀ। ਲੈਬਨਾਨ ਉਤੇ ਹਮਲੇ ਵੇਲੇ ਯਹੂਦੀ ਆਪਣੇ ਉਤੇ ਹੋਏ ਹਿਟਲਰ ਦੇ ਜ਼ੁਲਮਾਂ ਨੂੰ ਭੁਲ ਗਏ ਹਨ। ਸਾਧਾਰਨ ਸ਼ਹਿਰੀ ਔਰਤਾਂ ਬਚਿਆਂ ਸਮੇਤ ਉਹਨਾਂ ਦੇ ਜ਼ੁਲਮ ਦਾ ਸ਼ਿਕਾਰ ਹਨ। ਬੈਰੂਤ ਤੇ ਹੋਰ ਸ਼ਹਿਰਾਂ ਨੂੰ ਘੇਰ ਕੇ ਪਾਣੀ ਬਿਜਲੀ ਦੀ ਸਪਲਾਈ ਬੰਦ ਕਰ ਦੇਣੇ, ਰਿਫਿਊਜ਼ੀ ਕੈਂਪਾਂ 'ਚ ਜੀਉਂਦੇ ਲੋਕਾਂ ਉਤੇ ਬੁਲਡੋਜ਼ਰ ਚੜ੍ਹਾ ਦੇਣੇ। ਇਹ ਸਭ ਜੁਰਮ ਇਸਰਾਈਲ ਵਲੋਂ ਕੀਤੇ ਜਾ ਰਹੇ ਹਨ। ਕਈ ਸਵਾਲ ਉਠਦੇ ਹਨ:

1. ਅਰਬ ਦੇਸ਼ ਲੈਬਨਾਨ ਦੀ ਮਦਦ ਲਈ ਨਹੀਂ ਆਏ। ਸ਼ੇਖ਼ਾਂ ਦੀ ਇਹਨਾਂ ਦੇਸ਼ਾਂ ਤੇ ਹਕੂਮਤ ਹੈ, ਦੁਨੀਆਂ ਨੂੰ ਤੇਲ ਵੇਚ ਕੇ ਉਹਨਾਂ ਨੇ ਆਪਣੀ ਅਯਾਸ਼ੀ ਦਾ ਸਵਰਗ ਬਣਾਇਆ ਹੋਇਆ ਹੈ। ਦੁਨੀਆਂ ਭਰ ਦੀਆਂ ਸੋਹਣੀਆਂ ਔਰਤਾਂ ਆਪਣੇ ਹਰਮਾਂ ਵਿਚ ਲਿਆਂਦੀਆਂ ਹੋਈਆਂ ਹਨ। ਉਹ ਲੜਾਈ ਵਾਲੇ ਪੰਗੇ ਵਿਚ ਪੈਣ ਲਈ ਤਿਆਰ ਨਹੀਂ, ਉਂਝ ਅਰਬ ਭਰਾਵਾਂ ਦੀ ਮਦਦ ਕਰਨੀ ਉਨ੍ਹਾਂ ਦੀ ਬਣਦੀ ਸੀ।

2. ਹਿੰਦੋਸਤਾਨ ਵਰਗੇ ਕਥਿਤ ਗੁੱਟ-ਨਿਰਲੇਪ ਦੇਸ਼ ਇਸਰਾਈਲ ਦੀ ਵਿਰੋਧਤਾ ਕਰਕੇ ਅਮਰੀਕਾ ਵਰਗੇ ਦੇਸ਼ ਦੀ ਨਰਾਜ਼ਗੀ ਮੁੱਲ ਨਹੀਂ ਲੈਣਾ ਚਾਹੁੰਦੇ।

3. ਅਮਰੀਕਾ ਉਤੋਂ ਉਤੋਂ ਇਸਰਾਈਲ ਨੂੰ ਕਿਹਾ "ਬਈ ਇਸ ਤਰ੍ਹਾਂ ਨਾ ਕਰ" ਫਲਸਤੀਨੀ ਗੁਰੀਲਿਆਂ ਨੂੰ ਵਿਚੋਲੇ ਬਣਨ ਦੀ ਪੇਸ਼ਕਸ਼ ਵੀ ਕੀਤੀ ਪਰ ਆਪਣੇ ਬੱਚੇ ਜਮੂਰੇ ਇਸਰਾਈਲ ਰਾਹੀਂ ਉਹ ਦੁਨੀਆਂ ਉਤੇ ਆਪਣਾ ਰੋਅਬ ਦਸਣਾ ਚਾਹੁੰਦਾ ਸੀ ਕਿ ਜਿਸ ਦੀ ਪਿੱਠ ਉਤੇ ਅਮਰੀਕਾ ਹੈ, ਉਹ ਦੇਸ਼ ਕਿੰਨਾ ਤਾਕਤਵਰ ਹੈ।

4. ਰੂਸ, ਚੀਨ, ਕਿਊਬਾ, ਜਿਹੜੇ ਕਿਸੇ ਵੇਲੇ ਦੁਨੀਆਂ ਦੇ ਸੰਘਰਸ਼ ਕਰਦੇ ਲੋਕਾਂ ਦੀ ਮਦਦ ਵਿਚ ਆਉਣ ਦਾ ਦਾਅਵਾ ਕਰਦੇ ਸਨ, ਉਹ ਵੀ ਚੁੱਪ ਰਹੇ, ਉਹਨਾਂ ਨੂੰ ਇਹ ਡਰ ਹੈ ਕਿ ਜੇਕਰ ਉਹ ਦਖਲ-ਅੰਦਾਜ਼ੀ ਲੈਬਨਾਨ ਦੇ ਹੱਕ ਵਿਚ ਕਰਨਗੇ ਤਾਂ ਜੰਗ ਵਧ ਸਕਦੀ ਹੈ, ਜਿਹੜੀ ਕਿ ਨਿਊਕਲਰ ਜੰਗ ਤੋਂ ਘੱਟ ਨਹੀਂ ਹੋਣ ਲਗੀ ਅਤੇ ਜਿਸ ਵਿਚ ਅੰਤਾਂ ਦੇ ਨੁਕਸਾਨ ਦਾ ਡਰ ਹੈ।

ਫੇਰ ਦੁਨੀਆਂ ਵਿਚ ਹਮਲੇ ਦੇ ਸ਼ਿਕਾਰ ਹੋਏ ਨਿੱਕੇ ਗਰੀਬ ਦੇਸ਼ਾਂ ਦੀ ਮੱਦਦ ਵਿਚ ਕੌਣ ਆਏ। ਯੂ. ਐਨ. ਓ ਦਾ ਅਦਾਰਾ ਤਾਂ ਵਡੀਆਂ ਤਾਕਤਾਂ ਦੀ ਵੀਟੋ ਦੀ ਵਰਤੋਂ ਕਰ ਕੇ ਬਿਲਕੁਲ ਨਾਕਾਰਾ ਹੋ ਗਿਆ ਹੈ। 1936-37 ਵਿਚ ਸਪੇਨ ਵਿਚ ਫਾਸ਼ੀ ਅੰਸ਼ਾਂ ਦੇ ਸਿਰ ਚੁਕਣ ਤੇ

ਖਾਨਾਜੰਗੀ ਵੇਲੇ ਇਕ ਇੰਟਰਨੈਸ਼ਨਲ ਬਰੀਗੇਡ ਬਣੀ ਸੀ ਜਿਹੜੀ ਪ੍ਰਤੀਕ ਦੇ ਤੌਰ ਤੇ 'ਉਥੋਂ' ਦੀ ਖਾਨਾਜੰਗੀ ਵਿਚ ਜਮਹੂਰੀ ਤਾਕਤਾਂ ਦੇ ਹੱਕ ਵਿਚ ਸਪੇਨ ਗਈ ਸੀ। ਕਾਲਡਵੈਲ ਵਰਗੇ ਕਮਿਊਨਿਸਟ ਬੁਧੀਜੀਵਾਂ ਨੇ ਇੰਟਰ-ਨੈਸ਼ਨਲ ਬਰੀਗੇਡ ਵਿਚ ਲੜਦਿਆਂ ਸ਼ਹਾਦਤ ਪਾਈ ਸੀ। ਸਾਡਾ ਆਪਣਾ ਜਵਾਹਰ ਲਾਲ ਨਹਿਰੂ ਉਸ ਵੇਲੇ ਇੰਟਰਨੈਸ਼ਨਲ ਬਰੀਗੇਡ ਵਿਚ ਗਿਆ ਸੀ।

ਕੀ ਇਹੋ ਜੇਹੀ ਇੰਟਰਨੈਸ਼ਨਲ ਬਰੀਗੇਡ ਹੁਣ ਨਹੀਂ ਬਣ ਸਕਦੀ ? ਕਮਿਊਨਿਸਟ ਤਾਕਤਾਂ ਦੀ ਆਪਸੀ ਫੁੱਟ ਅਤੇ ਅੰਤਰਰਾਸ਼ਟਰੀ ਪੱਧਰ ਤੇ ਕੁਝ ਗਲਤ ਕਾਰ-ਵਾਈਆਂ ਨੇ ਉਹਨਾਂ ਦੀ ਉਹ ਸ਼ਾਖ ਨਹੀਂ ਰਹਿਣ ਦਿਤੀ ਕਿ ਉਹ ਇਹੋ ਜਿਹੇ ਕਿਸੇ ਲਹਿਰ ਦੀਆਂ ਮੋਹਰਲੀਆਂ ਸਫ਼ਾਂ ਵਿਚੋਂ ਹੋ ਸਕਣ ਪਰ ਦੁਨੀਆਂ ਦੇ ਹੋਰ ਜਮਹੂਰੀ ਅੰਸ਼ਾਂ ਦੇ ਨਾਲ ਰਲ ਕੇ ਉਹ ਇਸ ਲਹਿਰ ਦਾ ਛੋਟਾ ਹਿੱਸਾ ਬਣ ਸਕਦੇ ਹਨ। ਵੀਹਵੀਂ ਸਦੀ ਦਾ ਇਕ ਵਡਾ ਦੁਖਾਂਤ ਲੈਬਨਾਨ ਵਿਚ ਪ੍ਰਤੱਖ ਦਿਸ ਰਿਹਾ ਹੈ। ਘੜੀਆਂ ਘੜਾਈਆਂ ਪੁਜ਼ੀਸ਼ਨਾਂ ਲੈਣ ਦੀ ਥਾਂ ਅਸਲੀਅਤ ਦਾ ਟਾਕਰਾ ਕਰਨ ਲਈ ਦੁਨੀਆਂ ਭਰ ਦੇ ਹੱਕ ਪਸੰਦ ਲੋਕਾਂ ਦਾ ਇਕ ਵਿਸ਼ਾਲ ਫਰੰਟ ਸਮੇਂ ਦੀ ਲੋੜ ਬਣ ਰਿਹਾ ਹੈ। ਆਪਣੇ ਆਪ ਉਭਾਰ ਥਲੇ ਵੱਖ ਵੱਖ ਮੁਲਕਾਂ ਵਿਚ ਨਿਊਕਲਾਈ ਹਥਿਆਰਾਂ ਤੇ ਪਾਬੰਦੀ ਲਗਾਉਣ ਵਾਸਤੇ ਲੱਖਾਂ ਕ੍ਰੋੜਾਂ ਲੋਕਾਂ ਦੇ ਵਿਖਾਵੇ ਵੀ ਸੰਸਾਰ ਦੇ ਲੋਕਾਂ ਦੇ ਇਸ ਵਿਸ਼ਾਲ ਫਰੰਟ ਵਲ ਇਸ਼ਾਰਾ ਕਰ ਰਹੇ ਹਨ। ਲੀਗ ਆਫ਼ ਨੈਸ਼ਨਜ਼ ਫੇਲ ਹੋਈ। ਯੂ ਐਨ.ਓ. ਫੇਲ ਹੋ ਗਈ ਹੈ। ਪਰ ਮਨੁੱਖ ਦਾ ਇਰਾਦਾ ਫੇਲ ਨਹੀਂ ਹੋਇਆ। ਕਮਜ਼ੋਰ ਲੋਕਾਂ, ਕਮਜ਼ੋਰ ਮੁਲਕਾਂ ਦੇ ਬਚਾਅ ਲਈ ਹੋਰ ਰਾਹ ਲਭਣੇ ਹੀ ਪੈਣੇ ਹਨ।

## 3. ਲੋਕਾਂ ਦੇ ਗੀਤ

ਸਭਿਆਚਾਰਕ ਸਰਗਰਮੀਆਂ ਦਾਂ ਮਧਿਅਮ ਇਕ ਐਸਾ ਮਧਿਅਮ ਹੈ, ਜਿਸ ਨੂੰ ਹਾਕਮ ਜਮਾਤਾਂ ਲੋਕਾਂ ਦੀ ਸੋਚ ਨੂੰ ਖੁੰਡਿਆਂ ਕਰਨ ਵਾਸਤੇ ਵੱਧ ਤੋਂ ਵੱਧ ਵਰਤਦੀਆਂ ਹਨ। ਡਿਸਕ੍ਰੋ ਕਲਚਰ, ਲਚਰ ਗੀਤ, ਗੰਦਾ ਸਾਹਿਤ ਰੇਡੀਓ, ਟੈਲੀਵੀਜ਼ਨ, ਫਿਲਮਾਂ ਰਾਹੀਂ ਵਡੀ ਪੱਧਰ ਤੇ ਪਰਚਾਰਿਆ ਜਾਂਦਾ ਹੈ। ਸੰਘਰਸ਼ ਕਰਦੇ ਲੋਕਾਂ ਦੀ ਪਹਿਲੀ ਲੋੜ ਹੈ ਕਿ ਉਹ ਲੋਕਾਂ ਦੇ ਨਿਰੋਏ ਸਭਿਆ-ਚਾਰ ਉਤੇ ਪਹਿਰੇਦਾਰੀ ਕਰਨ। ਲੋਕ ਗੀਤਕਾਰ ਅਤੇ ਲੋਕ ਨਾਟਕ ਮੰਡਲੀਆਂ ਪੰਜਾਬ ਵਿਚ ਅਪਣੇ ਸੀਮਤ ਸਾਧਨਾਂ ਰਾਹੀਂ ਪਿਛਲੇ ਕੁਝ ਸਾਲਾਂ ਵਿਚ ਇਸ ਜ਼ਿਮੇਵਾਰੀ ਨੂੰ ਨਿਭਾਉਣ ਲਈ ਯਤਨਸ਼ੀਲ ਰਹੀਆਂ ਹਨ। ਪੰਜਾਬ ਲੋਕ ਸਭਿਆਚਾਰ ਮੰਚ ਦੀ ਸਥਾਪਨਾ ਇਸ ਦਿਸ਼ਾ ਵਲ ਇਕ ਠੋਸ ਕਦਮ ਹੈ. ਜਿਸ ਵਿਚ ਪੰਜਾਬ ਭਰ ਦੇ ਲੋਕ ਪੱਖੀ ਕਲਾਕਾਰ ਜਥੇਬੰਦ ਹੋ ਕੇ ਅਪਣੀ ਖਿੰਡਰੀ ਤਾਕਤ ਨੂੰ ਇਕ ਥਾਂ ਇਕੱਠਾ ਕਰ ਕੇ ਵੱਧ ਤੋਂ ਵੱਧ ਅਤੇ ਕਲਾ ਦੇ ਪੱਖ ਤੋਂ ਵਧੀਆ ਤੋਂ ਵਧੀਆ ਕ੍ਰਿਤਾਂ ਲੋਕਾਂ ਤਕ ਪੁਚਾਣ ਦਾ ਉਪਰਾਲਾ ਕਰ ਰਹੇ ਹਨ। ਮੰਚ ਦੇ ਉਲੀਕੇ ਪ੍ਰੋਗਰਾਮ ਵਿਚ ਇਕ ਪ੍ਰੋਗਰਾਮ ਚੰਗੇ ਗੀਤਾਂ ਦੇ ਕੈਸਟ ਟੇਪ ਤਿਆਰ ਕਰਵਾਣੇ ਹਨ। ਇਸ ਦਿਸ਼ਾ ਵਿਚ ਲੋਕ ਸੰਗੀਤ ਮੰਡਲੀ ਭਦੌੜ ਦੀ ਪਹਿਲ ਕਦਮੀ ਇਕ ਇਤਿਹਾਸਕ ਪ੍ਰਾਪਤੀ ਹੈ। 'ਲੋਕਾਂ ਦੇ ਗੀਤ' ਨਾ ਦੀ ਗੀਤਾਂ ਦੀ ਲੜੀ ਦੀ ਇਕ ਕੈਸਟ ਰੀਲ ਉਹਨਾਂ ਸੰਘਰਸ਼ਸੀਲ ਲੋਕਾਂ ਨੂੰ ਸਮਰਪਿਤ ਕੀਤੀ ਹੈ, ਇਸ ਵਿਚ ਕ੍ਰਿਸ਼ਨ ਕੌਰਪਾਲ, ਪਿਆਰਾ ਸਿੰਘ ਚ਼ਾਹਿਲ, ਜੁਗਰਾਜ ਧੌਲਾ, ਰਾਮ ਕੁਮਾਰ ਨੇ ਆਪਣੀਆਂ ਲੋਕ ਅਵਾਜ਼ਾਂ ਵਿਚ ਅਪਣੇ ਵੀ ਅਤੇ, ਨਵਕਿਰਨ ਦੇ ਲਿਖੇ ਹੋਏ ਦਸ ਗੀਤ ਸ਼ਾਮਿਲ ਹਨ। ਇਹਨਾਂ ਗੀਤਾਂ ਵਿਚ ਜਿਥੇ ਦੁਲੇ ਦੀ ਲਲਕਾਰ ਹੈ. ਉਥੇ ਉਧਮ ਸਿੰਘ ਅਤੇ ਕਰਤਾਰ ਸਿੰਘ ਸਰਾਭਾ ਦੀਆਂ ਵਾਰਾਂ ਹਨ। ਔਰਤ ਦੀ ਇਸ ਸਮਾਜ ਵਿਚ ਦੁਰਦਸ਼ਾ ਬਾਰੇ ਅਤੇ ਬੇਰੁਜ਼ਗਾਰਾਂ ਬਾਰੇ ਗੀਤ ਵੀ ਸ਼ਾਮਿਲ ਹਨ। ਨਸ਼ਿਆਂ ਦੇ ਵਿਰੁਧ ਗੀਤ ਵੀ ਹੈ ਅਤੇ ਵਿਸ਼ੇਸ਼ ਕਰਕੇ ਕਿਸਾਨਾਂ ਨੂੰ ਹਲੂਣਾ ਦੇਣ ਵਾਲੇ ਗੀਤ ਵੀ ਹਨ। ਭਾਵੇਂ ਗੀਤਾਂ ਵਿਚ ਕੁਝ ਨਿਕੀਆਂ ਨਿਕੀਆਂ ਤਕਨੀਕੀ ਅਤੇ ਸਿਧਾਂਤਕ ਗਲਤੀਆਂ ਹੈਨ, ਪਰ ਪਹਿਲਾਂ ਯਤਨ ਹੋਣ ਕਰਕੇ ਇਹ ਗਲਤੀਆਂ ਇਸ ਟੇਪ ਦੀ ਸਮੁੱਚੀ ਪ੍ਰਾਪਤੀ ਦੀ ਰੋਸ਼ਨੀ ਵਿਚ ਬੜੀ ਅਸਾਨੀ ਨਾਲ ਅਖੋਂ ਪਰੋਖੀਆਂ ਕੀਤੀਆਂ ਜਾ ਸਕਦੀਆਂ ਹਨ। ਇਹ ਕੈਸਟ ਰੀਲ ਵੱਧ ਤੋਂ ਵੱਧ ਲੋਕਾਂ ਵਿਚ ਜਾਏ, ਇਹ ਸਾਰੇ ਲੋਕ ਹਿਤੈਸ਼ੀਆਂ ਦਾ ਫਰਜ਼ ਹੈ ਅਤੇ ਇਹ ਉਸ ਨਿਸ਼ਾਨੇ ਵਲ ਵੱਧਣ ਦਾ ਉਪਰਾਲਾ ਹੋਵੇਗਾ, ਜਦੋਂ ਘਰ ਘਰ ਵਿਚ ਵੱਧੀਆ ਤੋਂ ਵੱਧੀਆ ਲੋਕ ਪੱਖੀ ਗੀਤਾਂ ਦੀਆਂ ਟੇਪਾਂ ਅਤੇ ਰੀਕਾਰਡ ਵਜਿਆ ਕਰਨਗੇ।

## 4. ਪੁਲਸ ਅੰਦੋਲਨ

ਸਾਧਾਰਨ ਪਬਲਿਕ ਪੁਲਸ ਦੇ ਹਥੋਂ ਤੰਗ ਹੈ। ਪੁਲਸ ਆਪਣੇ ਅਧਿਕਾਰੀਆਂ ਹਥੋਂ ਤੰਗ ਹੈ। ਸਾਧਾਰਨ ਪੁਲਸ ਸਿਪਾਹੀ ਆਪਣੇ ਅਫਸਰਾਂ ਦੇ ਹਥੋਂ ਬੜਾ ਜ਼ਲੀਲ ਕੀਤਾ ਜਾਂਦਾ ਹੈ। ਪੁਲਸ ਸਿਪਾਹੀ ਅੰਦਰੋਂ ਤੰਗ ਵੀ ਬੜਾ ਹੈ। ਬੁੜ ਬੁੜ ਵੀ ਬੜੀ ਕਰਦਾ ਹੈ ਪਰ ਪੁਲਸ ਜ਼ਬਤੇ ਐਸਾ ਹੈ ਕਿ ਉਹ ਕੁਝ ਵੀ ਕਰ ਨਹੀਂ ਸਕਦਾ। ਪੁਲਸ ਦਾ ਜ਼ਬਤ ਟੁੱਟਦਾ ਹੈ ਤਾਂ ਹਕੂਮਤ ਦੀ ਹੋਂਦ ਖਤਰੇ ਵਿਚ ਪੈ ਜਾਂਦੀ ਹੈ। ਇਸ ਕਰਕੇ ਸਾਧਾਰਨ ਪੁਲਸ ਦੇ ਉਪਰ ਚਾਰ ਪੰਜ ਕਿਸਮਾਂ ਦੀ ਹੋਰ ਪੁਲਸ ਬਣਾ ਦਿਤੀ ਗਈ ਹੈ ਤੇ ਫੇਰ ਸਾਰਿਆਂ ਦੇ ਉਤੇ ਫੌਜ ਵੀ ਮੌਜੂਦ ਹੈ। ਲੋਕਾਂ ਤੋਂ ਬਿਲਕੁਲ ਟੁਟਿਆ ਹੋਇਆ ਸਰਕਾਰ ਦਾ ਸਾਰਾ ਢਾਂਚਾ ਹੁਣ ਆਪਣੇ ਹਰ ਕੰਮ ਲਈ ਪੁਲਸ ਦੀ ਸਹਾਇਤਾ ਤੋਂ ਬਿਨਾ ਇਕ ਕਦਮ ਅਗੇ ਨਹੀਂ ਤੁਰ ਸਕਦਾ। ਮੰਤਰੀ ਨੇ ਕੋਈ ਤਕਰੀਰ ਕਰਨਾ ਹੈ ਤਾਂ ਪੁਲਸ ਬੰਦੋਬਸਤ ਦੇ ਥੱਲੇ ਹੀ ਕਰ ਸਕਦਾ ਹੈ ਨਹੀਂ ਤਾਂ ਕੋਈ ਪਤਾ ਨਹੀਂ ਵਟਿਆਂ ਨਾਲ ਹੀ ਉਹਦੀ ਤਕਰੀਰ ਦਾ ਸੁਆਗਤ ਹੋਏ। ਰੈਡ ਕਰਾਸ ਦਾ ਮੇਲਾ ਹੋਵੇ, ਜਿਥੇ ਵਡੇ ਅਫਸਰਾਂ ਦੀਆਂ ਵਹੁਟੀਆਂ ਨੇ ਕੋਈ ਗਾਇਕ ਬੁਲਾਇਆ ਹੋਵੇ। 200-100-50 ਰੁਪੈ ਦੀਆਂ ਟਿਕਟਾਂ ਲਾਈਆਂ ਹੋਣ, ਜਿਹੜੀਆਂ ਅਫਸਰੀ ਰਸੂਖ ਨਾਲ ਕਾਰਖਾਨੇਦਾਰਾਂ ਜਾਂ ਇਨਕਮ ਟੈਕਸ ਚੋਰਾਂ ਅਗੇ ਵੇਚੀਆਂ ਹੋਣ ਤੇ ਫੇਰ ਉਹ ਫੰਡ ਇਕੱਠਾ ਕਰਕੇ ਗਰੀਬ ਲੋਕਾਂ ਦੀ ਸਹਾਇਤਾ ਦਾ ਪਖੰਡ ਰਚਣਾ ਹੋਵੇ, ਇਹਦੇ ਲਈ ਪੁਲਸ ਬੰਦੋਬਸਤ ਜ਼ਰੂਰੀ ਹੈ, ਨਹੀਂ ਤਾਂ ਕੋਈ ਪਤਾ ਨਹੀਂ "ਅਵਾਰਾ" ਅਨਸਰ ਗਾਇਕ ਦੀ ਸਾਰੀ ਗਾਇਕੀ

ਦੀ ਖੇਹ ਨਾਂ ਉਡਾ ਦੇਵੇ, ਗਵਰਨਰ ਜਾਂ ਕਿਸੇ ਵਡੇ ਵਜ਼ੀਰ ਨੇ ਸੜਕ ਤੋਂ ਲੰਘਣਾ ਹੋਵੇ ਤਾਂ ਇਹ ਪੁਲਸ ਬੰਦੋਬਸਤ ਜ਼ਰੂਰੀ ਹੈ । ...ਹੁਣ ਇਸ ਬੰਦੋਬਸਤ ਵਿਚ ਤ੍ਰੇੜਾਂ ਆਉਣੀਆਂ ਸ਼ੁਰੂ ਹੋ ਗਈਆਂ ਹਨ । ਬੰਬਈ, ਹਰਿਆਨਾ ਪੁਲਸ ਵਾਲਿਆਂ ਨੇ ਆਪਣੀ ਹੋਣੀ ਨੂੰ ਸਵਾਰਨ ਵਾਸਤੇ ਕੁਝਮੰਗਾਂ ਪੇਸ਼ ਕੀਤੀਆਂ ਹਨ । ਕੇਂਦਰ ਵਲੋਂ ਹੁਕਮ ਹੋਇਆ ਹੈ ਕਿ ਕੁਚਲ ਦੇਵੋ । 'ਕੁੱਚਲ ਦੇਵੋ' ਦੀ ਖੇਡ ਇਹਨਾਂ ਸ਼ੁਰੂ ਕਰਕੇ ਗੇਂਦ ਵਿਹੜੇ ਵਿਚ ਸੁੱਟ ਦਿੱਤਾ ਹੈ । ਦੂਜਿਆਂ ਵਾਸਤੇ ਵੀ ਜ਼ਰੂਰੀ ਬਣ ਜਾਂਦਾ ਹੈ ਕਿ ਗੇਂਦ ਨੂੰ ਵਾਪਸ ਸੁਟਣ । ਹਰ ਇਕ ਖੇਡ ਦਾ ਇਹੀ ਇਕ ਬੁਨਿਆਦੀ ਅਸੂਲ ਹੈ । ਸਾਧਾਰਨ ਲੋਕ ਜੋ ਪੁਲਸ ਦੇ ਹਥੋਂ ਬਹੁਤ ਤੰਗ ਹਨ, ਇਸ ਖੇਡ ਨੂੰ ਦਿਲਚਸਪੀ ਨਾਲ ਵੇਖ ਰਹੇ ਹਨ । ਉਹ ਭਾਰੇ ਹੱਥ ਜਿਹੜੇ ਮਾਸੂਮ ਸ਼ਹਿਰੀਆਂ ਉਤੇ ਵਰ੍ਹਦੇ ਹਨ, ਉਹ ਉਤਲਿਆਂ ਵਾਸਤੇ ਆਪਣੀ ਤਾਕਤ ਜਾਂ ਆਪਣੇ ਜ਼ੋਰ ਦਾ ਕਦੋਂ ਵਖਾਵਾ ਕਰਨਗੇ ? ਸਮਾਂ ਇਹਦੀ ਉਡੀਕ ਵਿਚ ਹੈ ।

5. ਪੋਸਟ ਸਕਰਿਪਟ :

ਨਿਰੰਕਾਰੀਆਂ ਦੇ ਗੁਰੂ ਬਾਬਾ ਗੁਰਬਚਨ ਸਿੰਘ ਨੂੰ ਕਤਲ ਕੀਤਾ ਗਿਆ । ਸਿਖ ਧਾਰਮਕ ਜਨੂੰਨੀਆਂ ਦਾ ਖ਼ਿਆਲ ਸੀ ਕਿ ਨਿਰੰਕਾਰੀ ਹੁਣ ਸਿਰ ਨਹੀਂ ਚੁਕਣਗੇ । ਨਿਰੰਕਾਰੀਆਂ ਦਾ ਦਿਲੀ ਸੰਮੇਲਨ ਹੋਇਆ । ਤਿੰਨ ਲੱਖ ਲੋਕ ਜਾ ਹਾਜ਼ਿਰ ਹੋਏ । ਨਿਰੰਕਾਰੀ ਵੀ ਉਥੇ ਨੇ, ਧਾਰਮਕ ਜਨੂੰਨੀ ਵੀ ਉਥੇ ਨੇ । ਪੰਜਾਬ ਦੇ ਲੋਕਾਂ ਨੇ ਇਹਨਾਂ ਚਾਰ ਸਾਲਾਂ ਵਿਚ ਕੀ ਖੱਟਿਆ—ਵਧੇ ਹੋਏ ਬਸ ਕਿਰਾਏ, ਵਧੇ ਹੋਏ ਬਿਜਲੀ ਰੇਟ, ਅਤੇ ਅਠਾਰਾਂ ਅਠਾਰਾਂ ਘੰਟਿਆਂ ਦੀ ਬਿਜਲੀ ਦੀ ਕਟੌਤੀ ।

00

---

# *ਕਹਾਣੀ 'ਗਾਂਧੀ' ਦੀ ਫਿਲਮ ਦੀ*

ਮਿੱਟੀ ਨਾਲ ਮਿੱਟੀ ਹੁੰਦੇ ਹਿੰਦੋਸਤਾਨ ਦੇ ਕ੍ਰੋੜਾਂ ਗਰੀਬਾਂ ਦੀ ਮੇਹਨਤ ਕਿਸ ਤਰਾਂ ਭਾਰਤ ਸਰਕਾਰ ਅਤੇ ਉਹਦੀ ਅਫਸਰਸ਼ਾਹੀ ਪਾਣੀ ਵਾਕੂਨ ਰੋੜਦੀ ਹੈ ਇਹਦੀ ਇਕ ਮਿਸਾਲ ਅੰਗਰੇਜ਼ ਫਿਲਮ ਪ੍ਰੋਡਿਊਸਰ ਵਲੋਂ ਬਣਾਈ ਫਿਲਮ 'ਗਾਂਧੀ' ਤੋਂ ਮਿਲਦੀ ਹੈ, ਜਿਸਨੂੰ ਭਾਰਤ ਦੇ ਫਿਲਮ ਵਿਕਾਸ ਨਿਗਮ ਨੇ 15 ਕ੍ਰੋੜ ਰੁਪਏ ਦੀ ਰਕਮ ਬਿਨਾਂ ਸੂਦ ਤੇ ਬਿਨਾਂ ਗਰੰਟੀ ਕਰਜ਼ਾ ਦਿਤਾ ਹੈ ਤੇ ਜਿਸ ਬਾਰੇ ਹੁਣੇ ਹੀ ਕਿਹਾ ਜਾ ਸਕਦਾ ਹੈ ਕਿ ਇਹ ਰਕਮ ਰੁੜ੍ਹ ਗਈ ਹੈ ।

27 ਜੂਨ ਨੂੰ ਪਹਿਲੀ ਵਾਰ ਰਿਚਰਡ ਐਟਨਬਰੋ ਦੀ ਅੰਗਰੇਜ਼ੀ ਫਿਲਮ 'ਗਾਂਧੀ' ਕੁਝ ਚੋਣਵੇਂ ਵਿਤਰਕਾਂ ਨੂੰ ਦਿਖਾਈ ਗਈ । ਇਹ ਵਿਸ਼ੇਸ਼ ਸ਼ੋ ਬੰਬਈ ਦੇ ਪ੍ਰਸਿੱਧ ਅਕਸੈਲਸੀਅਰ ਮਿੰਨੀ ਥੀਏਟਰ ਵਿਚ ਆਯੋਜਿਤ ਕੀਤਾ ਗਿਆ ਸੀ । ਜਿਨਾਂ ਵਿਤਰਕਾਂ ਨੂੰ ਇਹ ਫਿਲਮ ਦਿਖਾਣ ਲਈ ਬੁਲਾਇਆ ਗਿਆ ਸੀ, ਉਹਨਾਂ ਵਿਚ ਵੱਡੇ ਵਿਤਰਕਾਂ ਵਿਚੋਂ ਸਿਰਫ ਬੜਜਾਤੀਆ ਐਂਡ ਕੰਪਨੀ ਸੀ । ਇਸਤੋਂ ਜ਼ਾਹਿਰ ਹੈ ਕਿ ਫਿਲਮ ਵਿਕਾਸ ਨਿਗਮ ਦੇ ਅਧਿਕਾਰੀਆਂ ਨੂੰ ਇਹ ਵੀ ਪਤਾ ਨਹੀਂ ਸੀ ਕਿ ਇਹ ਕਿਹੜੇ ਵਿਤਰਕ ਹਨ ਜਿਹੜੇ 'ਗਾਂਧੀ' ਫਿਲਮ ਨੂੰ ਭਾਰਤ ਵਿਚ ਠੀਕ ਢੰਗ ਨਾਲ ਪ੍ਰਦਰਸ਼ਿਤ ਕਰ ਸਕਦੇ ਹਨ । ਪੰਦਰਾਂ ਕਰੋੜ ਦੀ ਲਾਗਤ ਨਾਲ ਬਣੀ 'ਗਾਂਧੀ' ਫਿਲਮ ਨੂੰ ਬਿਨਾਂ ਸੂਦ ਨਿਗਮ ਨੇ ਕਰਜ਼ਾ ਦਿਤਾ ਹੈ ।

ਵਿਤਰਕਾਂ ਨੇ ਕਿਹਾ ਕਿ ਫਿਲਮ ਅੱਛੀ ਬਣੀ ਹੈ ਤੇ ਕਈਆਂ ਨੇ ਇਸਦੀ ਟੇਕਿੰਗ ਤੇ ਫੋਟੋਗ੍ਰਾਫੀ ਦੀ ਬਹੁਤ ਸ਼ਲਾਘਾ ਕੀਤੀ । ਪਰ ਇਹ ਵੀ ਕਿਹਾ ਕਿ ਇਸਤੋਂ ਬਹੁਤ ਘੱਟ ਲਾਗਤ ਨਾਲ ਇਸਤੋਂ ਵੀ ਵਧੀਆ ਫਿਲਮ ਬਣਾਈ ਜਾ ਸਕਦੀ ਸੀ ਅਤੇ ਭਾਰਤ ਵਿਚ ਹੀ ਅਜਿਹੇ ਪ੍ਰਤਿਭਾਸ਼ਾਲੀ ਨਿਰਦੇਸ਼ਕ ਮੌਜੂਦ ਹਨ ਜੋ ਬ੍ਰੇਹਤਰ ਫਿਲਮ ਬਣਾ ਸਕਦੇ ਸੀ । ਪਰ ਭਾਰਤ ਸਰਕਾਰ ਤਾਂ ਰਿਚਰਡ ਐਟਨਬਰੋ ਦੀ ਗੋਰੀ ਚਮੜੀ ਤੋਂ ਖੌਫ ਖਾ ਗਈ ਸੀ । ਖੈਰ 28 ਜੂਨ ਦੀ ਸ਼ਾਮ ਨੂੰ ਸਾਰੇ ਮਹਿਮਾਨ ਵਿਤਰਕਾਂ ਨੂੰ ਫਿਲਮ ਵਿਕਾਸ ਨਿਗਮ ਦੇ ਵਡੇ ਵਡੇ ਅਫਸਰਾਂ ਦੀ ਮੌਜੂਦਗੀ ਵਿਚ ਹੋਟਲ ਤਾਜ ਮਹਿਲ ਵਿਚ ਇਕ ਸ਼ਾਨਦਾਰ ਕਾਕਟੇਲ ਪਾਰਟੀ ਦਿਤੀ ਗਈ । ਤਾਜ ਮਹਿਲ ਹੋਟਲ ਦੇ ਸਾਰੇ ਕਮਰੇ ਆਪਣੀ ਸਜਧਜ ਲਈ ਮਸ਼ਹੂਰ ਹਨ । ਉਸ ਦਿਨ ਇਕ ਹਾਲ ਵਿਚ ਚਾਰ ਚੰਦ ਲੱਗੇ ਹੋਏ ਸੀ । ਇਕ ਕੋਨੇ ਵਿਚ ਇਕ ਟੇਬਲ ਉਤੇ ਗਾਂਧੀ ਦੀ ਫੋਟੋ ਰੱਖੀ ਹੋਈ ਸੀ, ਜਿਸਦੇ ਸਾਹਮਣੇ ਅਗਰ ਬੱਤੀਆਂ ਆਪਣੀ ਭਿੰਨੀ ਭਿੰਨੀ ਖੁਸ਼ਬੋ ਖਿਲਾਰ ਰਹੀਆਂ ਸਨ ।

ਗਾਂਧੀ ਦੀ ਤਸਵੀਰ ਦੇ ਸਾਹਮਣੇ ਹੱਥਾਂ ਵਿਚ ਜਾਮ ਲਈ ਫਿਲਮ ਗਾਂਧੀ ਦੀਆਂ ਵਪਾਰਕ ਸੰਭਾਵਨਾਵਾਂ ਉਤੇ ਵਿਚਾਰ-ਚਰਚਾ ਹੋ ਰਹੀ ਸੀ । ਏਥੇ ਇਹ ਦੱਸ ਦੇਣਾ ਵੀ ਉਚਿਤ ਹੋਵੇਗਾ ਕਿ ਪੂਰੀ ਫਿਲਮ ਹਿੰਦੀ ਵਿਚ ਡੱਬ ਕੀਤੀ ਜਾ ਰਹੀ ਹੈ ਅਤੇ ਬਤੌਰ ਨਮੂਨਾ ਹਿੰਦੀ ਵਿਚ ਡੱਬ ਕੀਤੀਆਂ ਦੋ ਰੀਲਾਂ ਉਥੇ ਦਿਖਾਈਆਂ ਵੀ ਗਈਆਂ । ਇਹ ਦੋਵੇਂ ਰੀਲਾਂ ਡਬਿੰਗ ਦੇ ਲਿਹਾਜ਼ ਨਾਲ ਮਹਾਂ-ਬਕਵਾਸ ਸਾਬਤ ਹੋਈਆਂ । ਲੱਗਪਗ ਸਾਰੇ ਪਾਤਰਾਂ ਦੇ ਬੁਲ੍ਹ ਹਿਲਦੇ ਰਹਿੰਦੇ ਅਤੇ ਸੰਵਾਦ ਬੰਦ, ਜਾਂ ਸੰਵਾਦ ਚਲਦਾ ਰਹਿੰਦਾ ਤੇ ਬੁਲ੍ਹ ਬੰਦ ਹੋ ਜਾਂਦੇ । ਕਾਕਟੇਲ ਦੇ ਦੌਰਾਨ ਕਿਸੇ ਵੀ ਵਿਤਰਕ ਨੇ ਫਿਲਮ ਖਰੀਦਣ ਲਈ ਉਤਸ਼ਾਹ ਨਹੀਂ ਦਿਖਾਇਆ । ਤਾਰਾ ਚੰਦ ਬੜਜਾਤੀਆ ਨੇ ਆਪਣੇ ਇਕ ਸਾਥੀ ਵਿਤਰਕ ਨੂੰ ਦੱਸ ਵੀ ਦਿਤਾ ਕਿ ਉਹ ਕਿਸੇ ਵੀ ਕੀਮਤ ਉਤੇ ਫਿਲਮ ਨਹੀਂ ਖਰੀਦਣਗੇ, ਹਾਂ ਕਮਿਸ਼ਨ ਉਤੇ ਚਲਾਉਣ ਲਈ ਤਿਆਰ ਹਨ ।

ਰਾਤ ਨੂੰ ਬਾਰਾਂ ਵਜੇ ਸਾਰਾ ਤਮਾਸ਼ਾ ਖਤਮ ਹੋਇਆ । ਗਾਂਧੀ ਦੀ ਤਸਵੀਰ ਦੇ ਸਾਹਮਣੇ ਹੁਣ ਅਗਰ ਬੱਤੀਆਂ ਦੀ ਤਾਂ ਕੁਝ ਖਾਲੀ ਗਿਲਾਸ ਅਤੇ ਕੁਝ ਅੱਧ ਖਾਲੀ ਗਿਲਾਸ ਖਿਲਰੇ ਹੋਏ ਸਨ ।

/ਗੁਰਸ਼ਰਨ ਸੇਖੋਂ

# ਖੇਤੂ ਬਨਾਮ-ਘੁਮਾਰ ਹਾਤਾ

ਸਾਡੇ ਦੇਸ਼ ਵਿੱਚ ਹਰ ਇੱਕ ਨੂੰ ਭਾਵੇਂ ਜਮਹੂਰੀਅਤ ਦੇ ਭਾਵੇਂ ਕਿੰਨੇ ਹੀ ਦਮਗਜੇ ਮਾਰੇ ਜਾਂਦੇ ਹਨ ਪਰ ਫਿਰ ਵੀ ਹਜ਼ਾਰਾਂ ਹੀ ਲੋਕ ਸਰਕਾਰ ਦੀਆਂ ਬਣਾਈਆਂ ਜੇਲ੍ਹਾਂ (ਸੁਧਾਰ ਘਰਾਂ) ਵਿੱਚ ਜ਼ਿੰਦਗੀ ਦੇ ਆਖਰੀ ਪਲ ਦੀਆਂ ਉਡੀਕਾਂ ਕਰਦੇ ਦਿਨ ਕਟੀ ਕਰ ਰਹੇ ਹਨ। ਭਾਵੇਂ ਹੋਰਨਾਂ ਸੂਬਿਆਂ ਵਿੱਚ ਬਹੁਤਿਆਂ ਨੂੰ ਇਹ ਵੀ ਪਤਾ ਨਹੀਂ ਕਿ ਉਹ ਕਿਸ ਕੇਸ ਬਦਲੇ ਜੇਲ੍ਹ ਵਿੱਚ ਹਨ ਪਰ ਅੱਜ ਆਪਾਂ ਪੰਜਾਬ ਦੀ ਇੱਕ ਜੇਲ੍ਹ (ਪਟਿਆਲਾ) ਵਿੱਚ ਦਿਨ ਕਟੀ ਕਰ ਰਹੇ ਖੇਤੂ ਰਾਮ ਉਰਫ਼ ਖੇਤੂ ਸਿੰਘ ਨਾਲ ਵਿਚਾਰ ਸਾਂਝੇ ਕਰਾਂਗੇ।

ਖੇਤੂ ਨੇ ਫ਼ਰੀਦਕੋਟ ਜ਼ਿਲ੍ਹ ਵਿੱਚ ਕਿਸੇ ਕਾਰਨ ਕਰਕੇ (ਜਿਸ ਦਾ ਜ਼ਿੰਮੇਵਾਰ ਵੀ ਇਥੋਂ ਦਾ ਗਲਿਆ ਸੜਿਆ ਢਾਂਚਾ ਹੈ) ਕਤਲ ਕਰ ਦਿੱਤਾ ਤੇ ਉਸ ਨੂੰ 26-6-69 ਨੂੰ ਕਤਲ ਦੇ ਦੋਸ਼ ਵਿੱਚ 20 ਸਾਲ ਕੈਦ ਹੋਈ। ਇਹ ਸਜ਼ਾ ਮਾਫ਼ੀ ਵਗੈਰਾ ਪਾ ਕੇ ਜਨਵਰੀ 1975 ਵਿੱਚ ਖ਼ਤਮ ਹੋ ਗਈ ਸੀ ਪਰ ਖੇਤੂ ਨੂੰ ਅੱਜ 13 ਸਾਲ ਚਾਰ ਮਹੀਨੇ ਹੋ ਗਏ ਪਰ ਰਿਹਾਈ ਕਿਥੇ।

ਕਿਸੇ ਨਾ ਕਿਸੇ ਤਰਾਂ ਮੈਂ ਖੇਤੂ ਨੂੰ ਘੁਮਾਰ ਹਾਤੇ ਵਿੱਚ ਮਿਲਿਆ। ਉਸ ਨੇ ਵਾਹਿਗੁਰੂ ਜੀ ਕਾ ਖਾਲਸਾ-ਵਾਹਿਗੁਰੂ ਜੀ ਕੀ ਫਤਹਿ ਬੁਲਾ ਕੇ, ਮੈਨੂੰ ਨਾਲ ਹੀ ਅੰਦਰ ਲੈ ਗਿਆ। ਮੱਧਰਾ ਕੱਦ 40 ਕਿਲੋ ਵਜ਼ਨ, ਦਾੜ੍ਹਾ ਖੁਲਾ ਛਡਿਆ ਤੇ ਸਿੰਘ ਸਜਿਆ ਖੇਤੂ ਹਸੂੰ ਹਸੂੰ ਕਰ ਰਿਹਾ ਸੀ। ਉਸ ਨੇ ਧੱਕੇ ਨਾਲ ਹੀ ਮੈਨੂੰ ਦੁੱਧ ਪਿਆ ਦਿੱਤਾ। ਜਦ ਮੈਂ ਉਸ ਨੂੰ ਸਾਰੀ ਕਹਾਣੀ ਸੁਣਾਉਣ ਬਾਰੇ ਕਿਹਾ ਤਾਂ ਉਸ ਨੂੰ ਸਾਰਾ ਗੁੱਸਾ ਅਫ਼ਸਰਸ਼ਾਹੀ ਉਪਰ ਸੀ। ਖੇਤੂ ਨੇ ਦੱਸਿਆ ਕਿ ਮੈਂ ਖੇਤੂ ਰਾਮ ਪੁੱਤਰ ਨਾਨੂੰ ਰਾਮ ਹਾਂ। ਹੁਣ ਸਿੰਘ ਸਜ ਗਿਆ ਹਾਂ ਤੇ ਅੰਮ੍ਰਿਤ ਨਹੀਂ ਛਕਿਆ।

ਖੇਤੂ ਤੇ ਉਸ ਦੇ ਨਾਲ ਦੇ ਸਾਥੀਆਂ ਦੇ ਦੱਸਣ ਮੁਤਾਬਿਕ ਉਹ ਅੱਜ ਤੱਕ ਜੇਲ੍ਹ ਸੁਪਰਡੈਂਟ ਜਾਂ ਹੋਰ ਅਧਿਕਾਰੀਆਂ ਦਾ ਚਮਚਾ (ਟਾਊਟ) ਨਹੀਂ ਬਣਿਆ। ਉਸ ਨੂੰ ਜਦ ਵੀ ਕਿਤੇ ਜੇਲ੍ਹ ਸੁਪਰਡੈਂਟ ਜਾਂ ਡੀ. ਆਈ. ਜੀ. ਜੇਲ ਜਾਂ ਆਈ. ਜੀ. ਜੇਲ੍ਹ ਨੂੰ ਸਾਲ ਦੋ ਸਾਲ ਪਿੱਛੋਂ ਮਿਲਾਇਆ ਜਾਂਦਾ ਹੈ ਤਾਂ ਉਹ ਗਾਲਾਂ ਨਾਲ ਉਹਨਾਂ ਦਾ ਸੁਆਗਤ ਕਰਦਾ ਹੈ। ਉਸਨੂੰ ਅਧਿਕਾਰੀਆਂ ਨਾਲ ਬਹੁਤ ਘਿਰਨਾ ਹੈ। ਉਹ ਦਸਦਾ ਹੈ ਕਿ ਅਜਿਹੀ ਪੰਜਾਬ ਦੀ ਕੋਈ ਜੇਲ ਨਹੀਂ ਜਿਥੇ ਮੈਂ ਨਾ ਗਿਆ ਹੋਵਾਂ ਤੇ ਹਰ ਇੱਕ ਜੇਲ ਵਿੱਚ ਹੀ ਮੈਨੂੰ ਘੁਮਾਰ ਹਾਤੇ ਵਿੱਚ ਬੰਦ ਰੱਖਿਆ ਜਾਂਦਾ ਹੈ। ਕਿਉਂਕਿ ਉਸ ਦੇ ਦੱਸਣ ਮੁਤਾਬਿਕ ਜੇਲ ਅਧਿਕਾਰੀ ਕੈਦੀਆਂ ਦਾ ਰਾਸ਼ਨ ਅਤੇ ਹੋਰ ਸਾਮਾਨ ਹੜੱਪ ਕਰ ਜਾਂਦੇ ਹਨ। ਜਿਥੇ ਉਹ ਘੁਮਾਰ ਹਾਤੇ ਵਿੱਚ ਦਿਨ ਕਟੀ ਕਰ ਰਿਹਾ ਹੈ ਤਾਂ ਇੱਕ ਪਾਗਲ ਕੈਦੀ ਜਾਣਕੇ ਸਰਕਾਰ ਨੇ ਉਸ ਦੇ ਨਾਲ ਤੂੜ ਰੱਖਿਆ ਹੈ ਪਰ ਉਹ ਬਹੁਤ ਸੇਵਾ ਕਰਕੇ ਉਸ ਪਾਗਲ ਨੂੰ ਵੀ ਖੁਸ਼ ਰਖਦਾ ਹੈ।

ਪਾਗਲ ਕੈਦੀ ਨੇ ਵੀ ਕੁਝ ਗੱਲਾਂ ਮੇਰੇ ਨਾਲ ਅੰਗਰੇਜ਼ੀ ਵਿੱਚ ਕੀਤੀਆਂ ਤੇ ਜਦ ਮੈਂ ਖੇਤੂ ਨੂੰ ਕਿਹਾ ਕਿ ਟਾਈਮ ਬਹੁਤ ਹੋ ਗਿਆ ਹੈ ਕਿਤੇ ਮੈਨੂੰ...ਤਾਂ ਉਸਨੇ ਕਿਹਾ ਅਕਾਲੀਆਂ ਦਾ ਮੋਰਚਾ ਹੈ ਕੋਈ ਨੀ ਪੁੱਛਦਾ... ਅਸੀਂ ਫਿਰ ਗੱਲੀਂ ਲੱਗ ਗਏ। ਸਾਰੇ ਪੰਜਾਬ ਦੀਆਂ ਜੇਲ੍ਹਾਂ ਦੇ ਚੱਕਰ ਕੱਟਣ ਤੋਂ ਬਾਅਦ ਅੱਜ ਕੱਲ ਖੇਤੂ ਸਿੰਘ ਪਟਿਆਲੇ ਜੇਲ ਦੇ ਘੁਮਾਰ ਹਾਤੇ ਨੰ: ਇੱਕ ਵਿੱਚ ਬੰਦ ਹੈ। ਉਸ ਨੇ ਦੱਸਿਆ ਕਿ ਕਈ ਵਾਰ ਉਸ ਨੂੰ ਇੰਨਾ ਮਾਰਿਆ ਕੁੱਟਿਆ ਜਾਂਦਾ ਹੈ ਕਿ 5-7 ਦਿਨਾਂ ਬਾਅਦ ਹੀ ਸੁਰਤ ਆਉਂਦੀ ਹੈ ਤੇ ਸਰੀਰ ਤੋਂ ਮਾਸ ਪੇਟੀਆਂ ਮਾਰ ਮਾਰ ਕੇ ਉਤਾਰ ਦਿੱਤਾ ਜਾਂਦਾ ਹੈ। ਜਦੋਂ ਦੋ ਹੋਰ ਸਾਥੀਆਂ ਨੇ ਉਸ ਦੇ ਸਿਰੜੀ ਹੋਣ ਬਾਰੇ ਦੱਸਿਆ ਤਾਂ ਮੈਂ ਪੁੱਛਿਆ ਕਿ ਕੋਈ ਮਾਰਕਸ ਲੈਨਿਨ ਜਾਂ ਹੋਰ ਲਿਟਰੇਚਰ ਜੋ ਅਗਾਂਹ ਵਧੂ ਹੋਵੇ ਪੜ੍ਹਿਆ ਹੈ ਤਾਂ ਉਸ ਨੇ ਨਾਂਹ ਵਿੱਚ ਜਵਾਬ ਦਿੰਦੇ ਹੋਏ ਕਿਹਾ ਕਿ ਬਸ ਮੈਂ ਤਾਂ ਜੇਲ ਅਧਿਕਾਰੀਆਂ ਦਾ ਚਮਚਾ ਨੀ ਬਣਨਾ ਤੇ ਅਫ਼ਸਰ ਸਾਡੇ ਨਾਲ 420 ਹੇਰਾਫੇਰੀ ਕਰ ਜਾਂਦੇ ਹਨ, ਆਪੇ ਭੈਣ...ਕੁੱਟ ਕੁੱਟ ਹਟ ਜਾਂਦੇ ਹਨ।

ਮੈਂ ਫਿਰ ਖੇਤੂ ਨੂੰ ਅਕਾਲੀਆਂ ਦੇ ਮੋਰਚੇ ਵਾਰੇ ਪੁੱਛਿਆ ਕਿ ਸਾਬਕਾ ਕਈ ਮੰਤਰੀ, ਐਮ. ਐਲ. ਏ. ਇਥੇ ਜੇਲ ਨੇ ਤੇ ਤੈਨੂੰ ਕੋਈ ਧਰਵਾਸ ਧਰਾਉਣ ਵੀ ਨੀ ਆਉਂਦਾ ਜਾਂ ਤੇਰੀ ਰਿਹਾਈ ਬਾਰੇ ਪਰ ਖੇਤੂ ਨੇ ਕਿਹਾ ਪਹਿਲ੍ਹਾਂ ਭੈਣ ਦੇਣੀ.. ਇੰਦਰਾ ਕਾਂਗਰਸ ਦੇ ਵਰਕਰ ਇੱਕ ਦਫ਼ਾ ਜੇਲ ਵਿੱਚ ਕਰ ਦਿੱਤੇ ਸਨ। ਉਹ ਮੈਨੂੰ ਮਿਲਣ ਆਏ ਤੇ ਕਹਿੰਦੇ ਜਦੋਂ ਤੇਰੀ ਸਜ਼ਾ ਹੀ ਪੂਰੀ ਹੋ ਚੁੱਕੀ ਹੈ ਤੇ ਤੈਨੂੰ 15 ਦਿਨਾਂ 'ਚ ਕਢਵਾ ਦੇਵਾਂਗੇ ਪਰ ਸਾਲੇ ਅੱਜ ਬਹੁੜਦੇ ਨੇ ਤੇ ਅਕਾਲੀਆਂ ਨੇ ਤਾਂ ਮਿੱਤਰਾ ਕੀ ਕਰਨਾ ਹੈ। ਇਹਨਾਂ ਵਿੱਚੋਂ ਤਾਂ ਜਦ ਮੈਨੂੰ ਸਾਧਾਰਨ ਸਿੰਘ ਮਿਲਣ ਆਉਂਦੇ ਨੇ ਉਹਨਾਂ ਨੂੰ ਤਾਂ ਇਹ ਵੀ ਪਤਾ ਨੀ ਕਿ ਅਸੀਂ ਅੰਦਰ ਕਿਉਂ ਹਾਂ ਬਸ ਪੰਥ ਨੂੰ ਖ਼ਤਰਾ ਕਹਿ ਛੱਡਦੇ ਨੇ ਤੇ ਅਕਾਲੀ ਲੀਡਰਾਂ ਨੇ ਤਾਂ ਸਾਥੋਂ ਲੈਣਾ ਕੀ ਹੈ ਉਹ ਤਾਂ ਕੁਰਸੀ ਦੁਬਾਰਾ ਪ੍ਰਾਪਤ ਕਰਨ ਲਈ ਹੱਥ ਪੈਰ ਮਾਰ ਰਹੇ ਹਨ।

ਅੰਤ ਵਿੱਚ ਮੈਂ ਸਤਿ ਸ੍ਰੀ ਅਕਾਲ ਬੁਲਾ ਕੇ ਆਉਣ ਲੱਗਿਆ ਤਾਂ ਖੇਤੂ ਨੇ ਫਿਰ ਕਿਹਾ ਇੱਕ ਭੈਣ...ਨਾਭੇ ਵਾਲੇ ਸੁਪਰਡੈਂਟ ਬਾਰੇ ਜ਼ਰੂਰ ਜ਼ਿਕਰ ਕਰਦੀਂ ਮੈਨੂੰ ਬਹੁਤ ਕੁੱਟਿਆ ਹੈ, ਮੂੰਹ ਕਾਲਾ ਕੀਤਾ ਹੈ ਤੇ ਟੱਟੀ ਵਾਲੀ ਥਾਂ ਅੰਦਰ ਬੋਤਲਾਂ ਵਗੈਰਾ ਚੁੱਕੀਆਂ ਸਨ, ਕੀੜੇ ਪੈ ਗਏ ਸਨ ਤੇ ਦੂਜਾ ਜਿਥੇ ਮੇਰੀਆਂ ਇਹ ਗੱਲਾਂ ਛਪਣ ਮੈਨੂੰ ਜ਼ਰੂਰ ਪੜਨ ਨੂੰ ਦੇਣੀਆਂ। ਮੈਂ ਕਿਹਾ ਘਰ ਵਗੈਰਾ ਕੋਈ ਸੁਨੇਹਾ ਲਾਉਣਾ ਹੋਵੇ ਤਾਂ ਉਸ ਨੇ ਕਿਹਾ ਕਿ ਆਪਣੇ ਵੱਲੋਂ ਤਾਂ ਸਾਲੇ ਉਸ ਦਿਨ ਹੀ ਮਰ ਗਏ ਸੀ ਜਦੋਂ ਫਰੀਦਕੋਟ ਸੁਪਰਡੈਂਟ ਜੇਲ ਦੀ ਚਮਚੀ ਮਾਰਦੇ ਸੀ ਕਿ ਖੇਤੂ ਤੂੰ ਗਾਲਾਂ ਨਾ ਕੱਢਿਆ ਕਰ ਤੇ ਖੇਤੂ ਨੇ ਦਸਿਆ ਕਿ 5-6 ਤਾਂ ਅਸੀਂ ਇਥੇ ਜੇਲ ਵਿੱਚ ਹੀ ਹਾਂ ਜਿਹਨਾਂ ਦੀ ਸਜ਼ਾ ਪੂਰੀ ਹੋ ਚੁੱਕੀ ਹੈ ਪਰ ਛੱਡਦੇ ਨਹੀਂ। ਮੈਂ ਉਸ ਨਾਲ ਵਾਅਦਾ ਕੀਤਾ ਕਿ ਜ਼ਰੂਰ ਤੇਰੀ ਗੱਲ ਕਿੰਨੇ ਹੀ ਲੋਕਾਂ ਤੱਕ ਪਹੁੰਚਾਵਾਂਗਾ ਤੇ ਸਤਿ ਸ੍ਰੀ ਅਕਾਲ ਬੁਲਾ ਕੇ ਬਾਹਰ ਆ ਗਿਆ।

—ਵਿਸ਼ੇਸ਼ ਪਤ੍ਰ ਪ੍ਰੇਰਕ ਵਲੋਂ ਜੇਲ ਦੀ ਇਕ ਇੰਟਰਵੀਊ

ਇਕ ਰੀਪੋਰਟ :

# ਅਸੀਂ ਵੀ ਮਨੁੱਖ ਹਾਂ......?

(ਰਾਜਧਾਨੀ ਵਿਚ ਹੋ ਰਹੀਆਂ ਏਸ਼ਿਆਈ ਖੇਡਾਂ ਦੀ ਸ਼ਾਨੋ ਸ਼ੌਕਤ ਵਿਚ ਮਜ਼ਦੂਰਾਂ ਦੇ ਹੋ ਰਹੇ ਸ਼ੋਸ਼ਨ ਦੀ ਇਕ ਦਾਸਤਾਨ)

ਦੇਸ਼ ਵਿਚ ਗਰੀਬ ਵਰਗ ਦਾ ਜੋ ਸ਼ੋਸ਼ਨ ਹੋ ਰਿਹਾ ਹੈ, ਇਸ ਦੀ ਇਕ ਮਿਸਾਲ ਏਸ਼ਿਆਈ ਖੇਡਾਂ ਦੀ ਤਿਆਰੀ ਦੇ ਸਿਲਸਿਲੇ ਵਿਚ ਲਗੇ ਮਜ਼ਦੂਰਾਂ ਦੇ ਸ਼ੋਸ਼ਨ ਬਾਰੇ ਮਿਲਦੀ ਹੈ। ਏਸ਼ਿਆਈ ਖੇਡਾਂ 19 ਨਵੰਬਰ ਤੋਂ 4 ਦਸੰਬਰ ਦਿੱਲੀ ਵਿਚ ਹੋ ਰਹੀਆਂ ਹਨ। ਇਹ ਖੇਡਾਂ ਕਰਵਾਉਣ ਲਈ ਜਿਥੇ ਕ੍ਰੋੜਾਂ ਰੁਪਏ ਲਗਾ ਕੇ ਨਵੇਂ ਸਟੇਡੀਅਮ ਬਣਵਾਏ ਗਏ ਹਨ, ਉਥੇ ਖੇਡਾਂ ਵੇਖਣ ਵਾਲਿਆਂ ਲਈ ਦਰਜਨਾਂ ਨਵੇਂ ਪੰਜ ਸਟਾਰ ਹੋਟਲ ਵੀ ਉਸਾਰੇ ਗਏ ਹਨ। ਟਰੈਫਿਕ ਨੂੰ ਕੰਟਰੋਲ ਕਰਨ ਲਈ ਸੜਕਾਂ 'ਤੇ ਉਪਰ 'ਫਲਾਈ ਓਵਰ' ਵਿਸ਼ੇਸ਼ ਤੌਰ ਤੇ ਬਣਾਏ ਗਏ ਹਨ। ਸਮੇਂ ਸਿਰ ਸਾਰਾ ਕੰਮ ਮੁਕੰਮਲ ਕਰਨ ਲਈ ਜੰਗੀ ਪੱਧਰ ਤੇ ਇਹ ਕੰਮ ਕਰਵਾਇਆ ਗਿਆ ਹੈ। ਹਜ਼ਾਰਾਂ ਦੀ ਗਿਣਤੀ ਵਿਚ ਬਿਹਾਰ, ਉੜੀਸਾ, ਮਧ ਪ੍ਰਦੇਸ਼ ਤੋਂ ਮਜ਼ਦੂਰ ਇਥੇ ਕੰਮ ਲਈ ਲਿਆਏ ਗਏ ਹਨ। ਇਹਨਾਂ ਮਜ਼ਦੂਰਾਂ ਦੀ ਕੰਮ ਕਰਨ ਦੀ ਹਾਲਤ ਇਤਨੀ ਮਾੜੀ ਹੈ ਕਿ 'ਪੀਪਲਜ਼ ਯੂਨੀਅਨ ਆਫ ਡੈਮੋਕਰੇਟਿਕ ਰਾਈਟਜ਼' ਦੇ ਪ੍ਰਧਾਨ ਗੋਬਿੰਦ ਮਖੌਟੇ ਨੇ ਇਕ ਰਿਟ ਦੁਆਰਾ ਸੁਪਰੀਮ ਕੋਰਟ ਦਾ ਧਿਆਨ ਇਸ ਗੱਲ ਵਲ ਦਿਵਾਇਆ ਕਿ ਇਹਨਾਂ ਮਜ਼ਦੂਰਾਂ ਦੇ ਸਿਲਸਲੇ ਵਿਚ ਦੇਸ਼ ਦੇ ਬਣੇ ਸਾਰੇ ਲੇਬਰ ਕਾਨੂੰਨਾਂ ਦੀਂ ਧੱਜੀਆਂ ਕਿਸ ਤਰ੍ਹਾਂ ਉਡਾਈਆਂ ਗਈਆਂ ਹਨ। ਸੁਪਰੀਮ ਕੋਰਟ ਨੇ ਇਸ ਰਿਟ ਨੂੰ ਮਨਜ਼ੂਰ ਕਰਦੇ ਹੋਏ 11 ਮਈ 1982 ਨੂੰ ਤਿੰਨ ਛਾਣਬੀਣ ਅਧਿਕਾਰੀਆਂ ਦੀ ਨਿਯੁਕਤੀ ਕੀਤੀ। ਇਹਨਾਂ ਨੇ ਏਸ਼ਿਆਈ ਖੇਡਾਂ ਦੇ ਨਿਰਮਾਨ ਕਾਰਜਾਂ ਵਿਚ ਲਗੇ ਮਜ਼ਦੂਰਾਂ ਦੀ ਦਸ਼ਾ ਉੱਪਰ ਨਿਗਰਾਨੀ ਰੱਖਣੀ ਸੀ। ਹੁਣ ਇਹਨਾਂ ਛਾਣਬੀਣ ਅਧਿਕਾਰੀਆਂ ਦੀ ਰੀਪੋਰਟ ਆ ਗਈ ਹੈ। ਇਸ ਰੀਪੋਰਟ ਉਤੇ ਇਕ ਟਿਪਣੀ ਅਸੀਂ ਇਥੇ ਦੇ ਰਹੇ ਹਾਂ, ਜੋ ਗੁਰਸ਼ਰਨ ਸੇਖੋਂ ਨੇ ਸਾਨੂੰ ਪੰਜਾਬੀ ਪਾਠਕਾਂ ਲਈ ਅਨੁਵਾਦ ਕਰਕੇ ਭੇਜੀ ਹੈ। ਇਹ ਰੀਪੋਰਟ ਦਸਦੀ ਹੈ ਕਿ ਇਸ ਦੇਸ਼ ਵਿਚ ਸ਼ਾਸ਼ਨ ਵਲੋਂ ਉਹਦੇ ਆਪਣੇ ਬਣਾਏ ਗਏ ਕਾਨੂੰਨਾਂ ਦੀ ਕਿਸ ਤਰ੍ਹਾਂ ਉਲੰਘਣਾ ਹੋ ਰਹੀ ਹੈ। ਅਸੀਂ ਜਿਥੇ ਗੁਰਸ਼ਰਨ ਸੇਖੋਂ ਦੇ ਧੰਨਵਾਦੀ ਹਾਂ, ਉਥੇ ਆਪਣੇ ਪਾਠਕਾਂ ਦਾ ਧਿਆਨ ਜਮਹੂਰੀ ਹੱਕਾਂ ਦੀ ਰਖਵਾਲੀ ਦੀ ਲਹਿਰ ਦੇ ਇਸ ਸਰਕਰਦਾ ਵਕੀਲ ਗੋਬਿੰਦ ਮਖੋਟੀ ਦੀ ਅਨਥੱਕ ਮੇਹਨਤ ਵਲ ਵੀ ਦਿਵਾਂਦੇ ਹਾਂ ਜਿਹਨੇ ਗਰੀਬ ਵਰਗ ਦੇ ਹੱਕ ਵਿਚ ਕਾਨੂੰਨੀ ਸੰਘਰਸ਼ ਦੀਆਂ ਨਵੀਆਂ ਲੀਹਾਂ ਉਲੀਕੀਆਂ ਹਨ।

—ਸੰਪਾਦਕ

## ਕੀ ਮਜ਼ਦੂਰਾਂ ਸੰਬੰਧੀ ਕਾਨੂੰਨ ਤੋਂ ਏਸ਼ਿਆਡ ਮੁਕਤ ਹੈ ?

ਸੁਪਰੀਮ ਕੋਰਟ 'ਨੇ 'ਪੀਪਲਜ਼ ਯੂਨੀਅਨ ਆਫ ਡੈਮੋਕਰੈਟਿਕ ਰਾਈਟਸ' (ਲੋਕ ਤਾਂਤਰਿਕ ਅਧਿਕਾਰਾਂ ਦੀ ਰੱਖਿਆ ਕਰਨ ਲਈ ਗਠਿਤ ਜਥੇਬੰਦੀ) ਦੇ ਪ੍ਰਧਾਨ ਗੋਬਿੰਦ ਮਖੋਟੀ ਦੀ ਏਸ਼ਿਆਈ ਖੇਲਾਂ ਦੇ ਨਿਰਮਾਣ-ਸਥਾਨਾਂ ਵਿਚ ਮਜਦੂਰਾਂ ਦੀ ਦਰਦਨਾਕ ਹਾਲਤ ਦੇ ਬਾਰੇ ਕੀਤੀ ਗਈ ਧਿਆਨ ਦਿਵਾਊ ਰਿਟ ਨੂੰ 11 ਮਈ 1982 ਨੂੰ ਮਨਜ਼ੂਰ ਕਰਦੇ ਹੋਏ ਤਿੰਨ ਛਾਣਬੀਣ ਅਧਿਕਾਰੀਆਂ ਦੀ ਨਿਯੁਕਤੀ ਕੀਤੀ ਸੀ। ਇਹ ਤਿੰਨ ਛਾਣਬੀਣ ਅਧਿਕਾਰੀ ਸਨ—'ਪੀਪਲਜ਼ ਇੰਸਟੀਚਿਊਸ਼ਨ ਫ਼ਾਰ ਡਵੈਲਪਮੇਂਟ ਐਂਡ ਟਰੇਨਿੰਗ' ਦੇ ਪ੍ਰੋਫੈਸਰ ਐਸ. ਦਾਸ ਗੁਪਤ ਅਤੇ 'ਇੰਡੀਅਨ ਸੋਸ਼ਲ ਇੰਸਟੀਚਿਊਸ਼ਨ' ਦੇ ਦੋ ਵਿਸ਼ੇਸ਼ਗ—ਵਾਲਟਰ ਫਰਨਾਂਡਿਸ ਅਤੇ ਐਲਫਰਿਡ ਡੀ. ਸੂਜ਼ਾ। ਇਹਨਾਂ ਨੇ ਏਸ਼ੀਆਡ ਦੇ ਨਿਰਮਾਣ-ਕਾਰਜਾਂ ਵਿਚ ਮਜ਼ਦੂਰਾਂ ਦੀ ਦਸ਼ਾ ਉਪਰ ਨਿਗਰਾਨੀ ਰੱਖਣੀ ਸੀ। ਹੁਣ ਇਹਨਾਂ ਛਾਣਬੀਣ ਅਧਿਕਾਰੀਆਂ ਦੀ ਰੀਪੋਟ ਆ ਗਈ ਹੈ। ਇਸ ਰੀਪੋਟ ਅਨੁਸਾਰ ਦਿੱਲੀ ਵਿਕਾਸ ਅਥਾਰਟੀ ਅਤੇ ਲੇਬਰ ਕਮਿਸ਼ਨ ਨੇ ਏਸ਼ੀਆਡ ਦੇ ਨਿਰਮਾਣ-ਸਥਾਨਾਂ ਵਿਚ ਨਾ ਸਿਰਫ ਦੇਸ਼ ਦੇ ਸਾਰੇ ਲੇਬਰ ਕਾਨੂੰਨਾਂ ਦਾ ਉਲੰਘਣ ਕੀਤਾ, ਬਲਕਿ ਸੁਪਰੀਮ ਕੋਰਟ ਅਗੇ ਵੀ ਝੂਠ ਬੋਲਿਆ। ਇਹਨਾਂ ਨੇ ਹਰੀਜਨ ਮਜ਼ਦੂਰਾਂ ਅਤੇ ਪਛੜੇ ਵਰਗਾਂ ਦੇ ਲੋਕਾਂ ਨੂੰ ਸੀਮੈਂਟ ਦੀਆਂ ਬੋਰੀਆਂ ਅਤੇ ਇੱਟਾਂ ਦੇ ਢੇਰ ਤੋਂ ਜ਼ਿਆਦਾ ਕੁਝ ਨਹੀਂ ਮੰਨਿਆ, ਜਦੋਂ ਜਿਤਨੀ ਜ਼ਰੂਰਤ ਪਈ ਉਤਨਾ ਇਸਤੇਮਾਲ ਕੀਤਾ ਅਤੇ ਜਦੋਂ ਜ਼ਰੂਰਤ ਨਾ ਹੋਣ 'ਤੇ ਪਰੇ ਸੁੱਟ ਮਾਰਿਆ।

ਰਿਪੋਰਟ ਦੀ ਇਸ ਗੱਲ ਤੋਂ ਹੈਰਾਨ ਰਹਿ ਜਾਈਦਾ ਹੈ ਕਿ ਅਧਿਕਾਰੀਆਂ ਨੇ ਨਿਰਮਾਨ-ਸਥਾਨਾਂ ਉਤੇ ਹੋਈਆਂ ਦੁਰਘਟਨਾਵਾਂ ਅਤੇ ਉਹਨਾਂ ਵਿਚ ਹੋਈਆਂ

ਮੌਤਾਂ ਦੀ ਸੰਖਿਆ ਬਾਰੇ ਜਾਣ ਬੁੱਝ ਕੇ ਛਾਣਬੀਣ ਅਧਿਕਾਰੀਆਂ ਅੱਗੇ ਝੂਠ ਬੋਲਿਆ। ਅਧਿਕਾਰੀਆਂ ਦਾ ਦਾਅਵਾ ਸੀ ਕਿ ਕੋਈ ਵੱਡੀ ਦੁਰਘਟਨਾ ਹੋਈ ਹੀ ਨਹੀਂ ਅਤੇ ਨਾ ਹੀ ਕੋਈ ਕਿਸੇ ਦੁਰਘਟਨਾ ਵਿਚ ਮਰਿਆ ਹੈ। ਲੇਕਿਨ (ਛਾਣਬੀਣ ਅਧਿਕਾਰੀਆਂ ਅਨੁਸਾਰ) ਸਚਾਈ ਇਹ ਹੈ ਕਿ ਏਸ਼ੀਆਈ ਖੇਲਾਂ ਦੇ ਨਿਰਮਾਣ-ਕਾਰਜਾਂ ਵਿਚ ਕਮ-ਸੇ-ਕਮ ਇਕ ਸੌ ਵਡੀਆਂ ਦੁਰਘਟਨਾਵਾਂ ਅਤੇ ਲਗਭਗ 70 ਮੌਤਾਂ ਹੋਈਆਂ।

ਛਾਣਬੀਣ ਅਧਿਕਾਰੀ ਆਪਣੀ ਰੀਪੋਰਟ ਵਿਚ ਕਹਿੰਦੇ ਹਨ : ਜੋ ਗੱਲ ਸਭ ਤੋਂ ਪਹਿਲਾਂ ਸਾਡੀ ਨਜ਼ਰ ਵਿਚ ਆਈ, ਉਹ ਇਹ ਸੀ ਕਿ ਦਿੱਲੀ ਵਿਕਾਸ ਅਥਾਰਟੀ ਦੇ ਅਧਿਕਾਰੀਆਂ ਅਤੇ ਠੇਕੇਦਾਰ ਸਾਨੂੰ ਬਹਿਕਾਉਣਾ ਚਾਹੁੰਦੇ ਸੀ। ਉਹਨਾਂ ਨੇ ਝੂਠ ਬੋਲ ਕੇ ਸਾਨੂੰ ਇਹ ਵਿਸ਼ਵਾਸ ਕਰਵਾ ਦੇਣਾ ਚਾਹਿਆ ਕਿ ਕੋਈ ਵੱਡੀ ਦੁਰਘਟਨਾ ਨਹੀਂ ਹੋਈ ਹੈ। ਆਪਣੇ ਪਹਿਲੇ ਨਰੀਖਣ ਵਕਤ ਦਿੱਲੀ ਵਿਕਾਸ ਅਥਾਰਟੀ ਦੇ ਅਧਿਕਾ-ਰੀਆਂ ਅਤੇ ਠੇਕੇਦਾਰਾਂ ਨੇ ਸਾਨੂੰ ਸਾਫ ਸਾਫ ਕਿਹਾ: ਅਸੀਂ ਜੋ ਧਿਆਨ ਦੇ ਰਹੇ ਹਾਂ ਉਸਦੀ ਵਜ੍ਹਾ ਕਰਕੇ ਇਕ ਵੀ ਵੱਡੀ ਦੁਰਘਟਨਾ ਨਹੀਂ ਹੋ ਸਕੀ। ਇਹੋ ਨਹੀਂ, ਦੂਸਰੇ ਨਿਰੀਖਣ ਵਕਤ ਜਦੋਂ ਅਸੀਂ ਦਿੱਲੀ ਵਿਕਾਸ ਅਥਾਰਿਟੀ ਦੇ ਇਕ ਅਧਿਕਾਰੀ ਨਾਲ ਖਾਸ ਤੌਰ ਤੇ ਇੰਨਡੋਰ ਸਟੇਡੀਅਮ ਦੀ ਅਠਾਰਾਂ ਜੂਨ ਦੀ ਦੁਰਘਟਨਾ ਬਾਰੇ ਪੁੱਛਿਆ ਤਾਂ ਉਸ ਨੇ ਬੜੀ ਦ੍ਰਿੜ੍ਹਤਾ ਨਾਲ ਕਿਹਾ ਕਿ ਇਹ ਕੋਈ ਵੱਡੀ ਦੁਰਘਟਨਾ ਨਹੀਂ ਸੀ। ਇਸ ਵਿਚ ਮਜ਼ਦੂਰਾਂ ਨੂੰ ਮਾਮੂਲੀ ਚੋਟਾਂ ਹੀ ਆਈਆਂ ਅਤੇ ਕਿਸੇ ਦੀ ਵੀ ਮੌਤ ਨਹੀਂ ਹੋਈ। ਇਕ ਠੇਕੇਦਾਰ ਨੇ ਬਾਤ ਚੀਤ ਦੌਰਾਨ ਬਹੁਤ ਹੀ ਅਣਇੱਛਤ ਤੌਰ ਤੇ ਇਹ ਕਬੂਲ ਕੀਤਾ ਕਿ ਤਿੰਨ ਮਜਦੂਰਾਂ ਦੀ ਮੌਤ ਹੋਈ। ਅਧਿਕਾਰੀਆਂ ਨੇ ਸ਼ਾਇਦ ਇਹ ਸੋਚ ਕੇ ਸਾਨੂੰ ਧੋਖਾ ਦੇਣ ਦੀ ਕੋਸ਼ਿਸ਼ ਕੀਤੀ ਕਿ ਅਸੀਂ ਕਿਸੇ ਹੋਰ ਸ੍ਰੋਤ ਤੋਂ ਦੁਰਘਟਨਾਵਾਂ ਅਤੇ ਮੌਤਾਂ ਦੇ ਬਾਰੇ ਜਾਣਕਾਰੀ ਪ੍ਰਾਪਤ ਨਹੀਂ ਕਰ ਸਕਾਂਗੇ।

ਏਸ਼ੀਆਦ-82 ਦੇ ਨਿਰਮਾਣ-ਸਥਾਨਾਂ ਵਿਚ ਕੰਮ ਕਰ ਰਹੇ ਮਜ਼ਦੂਰਾਂ ਦੀ ਦਰਦਨਾਕ ਹਾਲਤ ਬਾਰੇ ਪੀ. ਯੂ. ਡੀ. ਆਰ ਨੇ 30 ਜੁਲਾਈ ਤੋਂ 10 ਅਗਸਤ 1981 ਦੇ ਵਿਚਕਾਰ ਇਕ ਸਰਵੇਖਣ ਕੀਤਾ ਸੀ। ਯੂਨੀਅਨ ਦੇ ਇਸ ਸਰਵੇਖਣ ਦੀ ਰੀਪੋਰਟ ਅਧਿਕਾਰੀਆਂ ਦੀ ਅਮਾਨਵੀ ਅਤੇ ਬੇਫਿਕਰੀ ਦੀ ਮੂੰਹ ਬੋਲਦੀ ਕਹਾਣੀ ਹੈ। ਸਭ ਤੋਂ ਜ਼ਿਆਦਾ ਦੁੱਖ ਦੀ ਗੱਲ ਇਹ ਹੈ ਕਿ ਇਸ ਰੀਪੋਰਟ ਨੂੰ ਸਾਹਮਣੇ ਆਇਆਂ ਇਕ ਸਾਲ ਹੋ ਗਿਆ ਹੈ, ਲੇਕਿਨ ਸਰਕਾਰ ਦੇ ਭਰੋਸਿਆਂ ਦੇ ਬਾਵਜੂਦ ਏਸ਼ੀਆਦ-82 ਦੇ ਮਜਦੂਰਾਂ ਦੀ ਹਾਲਤ ਵਿਚ ਕੋਈ ਫਰਕ ਨਹੀਂ ਆਇਆ।

ਪੀ.ਯੂ.ਡੀ.ਆਰ. ਅਤੇ ਛਾਣਬੀਣ ਅਧਿਕਾਰੀਆਂ ਦਾ ਕਹਿਣਾ ਹੈ ਕਿ ਅਧਿਕਾਰੀਆਂ ਨੇ ਹੇਠ-ਲਿਖੇ ਲੇਬਰ-ਕਾਨੂੰਨਾਂ ਦਾ ਉਲੰਘਣ ਕੀਤਾ ਹੈ—

1. ਅੰਤਰ-ਰਾਜ ਬਾਹਰੀ (ਪ੍ਰਵਾਸੀ) ਮਜਦੂਰ (ਸੇਵਾ ਅਤੇ ਸੇਵਾ-ਦਸ਼ਾ ਨਿਯਮਨ) ਅਧਿਨਿਯਮ 1979 ਇਸ ਅਧਿਨਿਯਮ ਦੇ ਤਹਿਤ ਏਸ਼ੀਆਦ ਦੇ ਅਧਿਕਾਰੀ ਬਾਹਰ ਤੋਂ ਆਏ ਮਜ਼ਦੂਰਾਂ ਨੂੰ ਸਥਾਨ ਪਰੀਵਰਤਨ (ਡਿਸਪਲੇਸਮੈਂਟ) ਦਾ ਭੱਤਾ ਦੇਣ ਅਤੇ ਉਹਨਾਂ ਲਈ ਆਵਾਸ ਮੈਡੀਕਲ ਅਤੇ ਨਿਯਮਿਤ ਮਜ਼ਦੂਰੀ ਦਿਤੇ ਜਾਣ ਦੀ ਉਪਯੁਕਤ ਵਿਵਸਥਾ ਕਰਨ ਲਈ ਪਾਬੰਦ ਸਨ। ਲੇਕਿਨ ਉਹਨਾਂ ਨੇ ਅਜਿਹੀ ਵਿਵਸਥਾ ਨਹੀਂ ਕੀਤੀ।

2. ਨਿਊਨਤਮ ਵੇਤਨ ਅਧਿਨਿਯਮ। ਏਸ਼ੀਆਦ ਦੇ ਨਿਰਮਾਣ-ਸਥਾਨਾਂ ਵਿਚ ਇਸ ਅਧਿਨਿਯਮ ਦਾ ਉਲੰਘਣ ਹੋਇਆ। ਜਮਾਂਦਾਰ ਮਜ਼ਦੂਰਾਂ ਤੋਂ ਉਹਨਾਂ ਦੀ ਦੈਨਿਕ ਨਿਊਨਤਮ ਮਜ਼ਦੂਰੀ ਦੇ 11 ਰੁਪਏ 70 ਪੈਸੇ ਵਿਚੋਂ ਇਕ ਰੁਪਿਆ ਕੱਟ ਕੇ ਆਪਦੇ ਪਾਸ ਰੱਖ ਰਹੇ ਸੀ।

3. ਬਰਾਬਰ ਮਜ਼ਦੂਰੀ ਅਧਿਨਿਯਮ। ਇਸ ਦੇ ਤਹਿਤ ਇਸਤਰੀ ਅਤੇ ਪੁਰਸ਼ ਮਜ਼ਦੂਰਾਂ ਨੂੰ ਬਰਾਬਰ ਮਜ਼ਦੂਰੀ ਦੇਣਾ ਅਵਸ਼ਕ ਹੈ, ਲੇਕਿਨ ਇਸਦਾ ਵੀ ਏਸ਼ੀਆਦ ਦੇ ਨਿਰਮਾਣ—ਸਥਾਨਾਂ ਵਿਚ ਉਲੰਘਣ ਕੀਤਾ ਗਿਆ। ਇਸਤਰੀ ਮਜ਼ਦੂਰਾਂ ਨੂੰ ਥੋੜੀ ਮਜ਼ਦੂਰੀ ਦਿਤੀ ਗਈ। ਇਹ ਸੰਵਿਧਾਨ ਦੀ ਧਾਰਾ—24 ਦਾ ਉਲੰਘਣ ਵੀ ਸੀ।

4. ਬਾਲ ਰੋਜ਼ਗਾਰੇ ਅਧਿਨਿਯਮ 1948 ਇਸ ਅਧਿਨਿਯਮ ਦੇ ਤਹਿਤ ਚੌਦਾਂ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਤੋਂ ਕੰਮ ਨਹੀਂ ਲਿਆ ਜਾ ਸਕਦਾ, ਲੇਕਿਨ ਏਸ਼ੀਆਦ ਦੇ ਨਿਰਮਾਣ-ਸਥਾਨਾਂ ਵਿਚ 14 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਤੋਂ ਕੰਮ ਕਰਵਾਇਆ ਗਿਆ। ਇਹ ਵੀ ਸੰਵਿਧਾਨ ਦੀ ਧਾਰਾ—24 ਦਾ ਉਲੰਘਣ ਸੀ।

5. ਠੇਕਾ-ਮਜ਼ਦੂਰ (ਨਿਯਮਨ ਅਤੇ ਉਨਮੂਲਨ) ਅਧਿਨਿਯਮ 1970 ਇਸ-ਅਧਿਨਿਯਮ ਦੇ ਤਹਿਤ ਮਜ਼ਦੂਰਾਂ ਲਈ ਆਵਾਸ, ਕੰਟੀਨ, ਵਿਸ਼ਰਾਮ ਗ੍ਰਹਿਆਂ ਦੀ ਸਮੂਚੀ ਵਿਵਸਥਾ ਕਰਨ ਦੇ ਨਾਲ ਪੀਣ ਦੇ ਸ਼ੁਧ ਪਾਣੀ, ਪਖਾਨਾ, ਕੱਪੜੇ ਧੋਣ ਅਤੇ ਮੁਫਤ ਮੈਡੀਕਲ ਸਹੂਲਤਾਂ ਦਾ ਵੀ ਪ੍ਰਬੰਧ ਕਰਨਾ ਅਵਸ਼ਕ ਹੈ। ਇਸ ਅਧਿਨਿਯਮ ਦਾ ਤਾਂ ਲੱਗਭਗ ਸਾਰੇ ਨਿਰਮਾਣ-ਸਥਾਨਾਂ ਵਿਚ ਸਰਾਸਰ ਉਲੰਘਣ ਕੀਤਾ ਗਿਆ।

ਏਸ਼ੀਆਦ ਦੇ ਅਧਿਕਾਰੀ ਇਸ ਗੱਲ ਦਾ ਜ਼ੋਰਦਾਰ ਖੰਡਨ ਕਰਦੇ ਹਨ ਕਿ ਨਿਰਮਾਣ—ਸਥਾਨਾਂ ਵਿਚ ਲੇਬਰ-ਕਾਨੂੰਨਾਂ ਦਾ ਉਲੰਘਣ ਜਾਂ ਮਜ਼ਦੂਰਾਂ ਦਾ ਸ਼ੋਸ਼ਨ ਹੋਇਆ ਹੈ। ਲੇਬਰ-ਮੰਤਰਾਲਾ ਦੇ ਇਕ ਬੁਲਾਰੇ ਨੇ ਕਿਹਾ : 'ਸਾਡੇ ਮੁੱਖ ਲੇਬਰ ਅਫਸਰ ਖੁਦ ਇਹ ਦੇਖਣ ਗਏ ਸੀ ਕਿ ਕਿਤੇ ਮਜ਼ਦੂਰਾਂ ਦਾ ਸ਼ੋਸ਼ਨ ਤਾਂ ਨਹੀਂ ਹੋ ਰਿਹਾ। ਰਾਮਦੁਲਾਰੀ ਸਿਨਹਾ ਨੇ ਵੀ (ਭੂਤਪੂਰਵ ਲੇਬਰ ਰਾਜ-ਮੰਤਰੀ) ਕਈ ਨਿਰਮਾਣ ਸਥਾਨਾਂ ਦਾ ਨਿਰੀਖਣ ਕੀਤਾ। ਦੋਹਾਂ ਨੇ ਕਿਤੇ ਕੋਈ ਅਨਿਯਮਤਤਾ ਨਹੀਂ ਦੇਖੀ। ਉਸ ਸਮੇਂ ਨਿਸਚਤ ਹੀ ਕੋਈ ਅਨਿਯਮਤਤਾ ਨਹੀਂ ਸੀ।' ਜ਼ਾਹਿਰ ਹੈ ਕਿ ਜਦੋਂ ਕੋਈ ਲੇਬਰ ਅਫਸਰ ਜਾਂ ਲੇਬਰ ਰਾਜ-ਮੰਤਰੀ ਜਹੇ ਵਿਅਕਤੀ ਨਿਰਮਾਣ—ਸਥਾਨਾਂ ਦਾ ਨਿਰੀਖਣ ਕਰਨ ਜਾਂਦੇ ਹਨ, ਤਾਂ ਠੇਕੇਦਾਰ ਅਤੇ ਅਧਿ-ਕਾਰੀ ਪਹਿਲੇ ਤੋਂ ਇਹ ਇੰਤਜ਼ਾਮ ਕਰ ਲੈਂਦੇ ਹਨ ਕਿ ਸਭ ਕੁਝ ਚੁਸਤ ਅਤੇ ਦਰੁਸਤ ਨਜ਼ਰ ਆਏ। ਠੇਕੇਦਾਰਾਂ ਅਤੇ ਅਧਿਕਾਰੀਆਂ ਦੀ ਉਪਸਥਿਤੀ ਵਿਚ ਕੋਈ ਮਜ਼ਦੂਰ ਮਾਨਨੀਯ ਲੇਬਰ ਅਫ਼ਸਰ ਜਾਂ ਮੰਤਰੀ ਮਹੋਦਯ ਨੂੰ ਸ਼ਿਕਾਇਤ ਕਰੇਗਾ, ਇਹ ਤਾਂ ਕੋਈ ਮਹਾਂ-ਮੂਰਖ ਵੀ ਨਹੀਂ ਸੋਚ ਸਕਦਾ।

ਏਸ਼ੀਆਦ ਦੇ ਨਿਰਮਾਣ-ਸਥਾਨਾਂ ਵਿਚ ਦਰਅਸਲ ਹੋ ਕੀ ਰਿਹਾ ਹੈ ਇਹ ਖੁਦ ਆਪਣੀਆਂ ਅੱਖਾਂ ਨਾਲ ਪੱਤ੍ਰ-ਕਾਰਾਂ ਨੇ ਦੇਖਿਆ ਤੇ ਉਹਨਾਂ ਨੇ ਇਕ ਨਿਰਮਾਣ—ਸਥਾਨ 'ਤੇ ਲੇਬਰ ਕਾਨੂੰਨਾਂ ਦੀਆਂ ਬੁਨਿਆਦੀ ਗੱਲਾਂ ਤਕ ਦਾ ਪਾਲਣ ਹੁੰਦਿਆਂ ਨਹੀਂ ਦੇਖਿਆ। ਨਿਰਮਾਣ-ਸਥਾਨਾਂ ਤੇ ਇਸਤਰੀ,ਪੁਰਸ਼ ਤੇ ਬੱਚੇ ਮਜ਼ਦੂਰ ਅਜੇਹੀਆਂ ਝੌਂਪੜੀਆਂ ਵਿਚ ਰਹਿ ਰਹੇ ਸੀ, ਜਿਨ੍ਹਾਂ ਵਿਚ ਕੋਈ ਔਸਤ ਕੱਦ ਦਾ ਆਦਮੀ ਖੜਾ ਵੀ ਨਹੀਂ ਹੋ ਸਕਦਾ। ਝੌਂਪੜੀਆਂ ਦੀ ਉਚਾਈ ਦਾ ਤਾਂ ਇਹ ਹਾਲ ਸੀ।ਉਹਨਾਂ ਦੇ ਅੰਦਰ ਜਗਾ ਇਤਨੀ ਸੀ ਕਿ ਦੋ ਆਦਮੀ ਸ਼ਾਇਦ ਬੜੀ ਮੁਸ਼ਕਲ ਨਾਲ ਲੇਟ ਸਕਣ। ਲੇਕਿਨ ਅਜਿਹੀਆਂ ਗੁਣਾਂ—ਭਰਪੂਰ ਝੌਂਪੜੀਆਂ ਵਿਚ ਪੂਰੇ ਪਰਿਵਾਰ ਦੇ ਰਹਿਣ-ਖਾਣ-ਪੀਣ ਆਦਿ ਦੀ ਆਸ਼ਾ (ਜਾਂ ਕਲਪਨਾ) ਕੀਤੀ ਜਾਂਦੀ ਸੀ। ਕਿਤੇ ਕੋਈ ਬੱਚਿਆਂ ਦਾ ਪਾਲਣ-ਘਰ—ਜਿਸ ਵਿਚ ਮਜ਼ਦੂਰ-ਮਾਤਾਵਾਂ ਦੇ ਕੰਮ ਤੇ ਚਲੇ ਜਾਣ ਤੋਂ ਬਾਅਦ ਬੱਚਿਆਂ ਨੂੰ ਰੱਖਿਆ ਜਾਂਦਾ ਹੈ—ਨਹੀਂ ਹੈ। ਠੇਕੇਦਾਰ ਇਹ ਕਹਿੰਦੇ ਹਨ ਕਿ ਪਾਲਣ-ਘਰ ਹੈ। ਪਰ ਦਿਖਾ ਕਿਸੇ ਨੂੰ ਨਹੀਂ ਰਹੇ। ਬਹੁਤ ਸਾਰੇ ਮਜ਼ਦੂਰ ਆਪਣੀ ਦਿਹਾੜੀ ਵਿਚੋਂ ਕਮ-ਸੇ-ਕਮ ਇਕ ਰੁਪਏ ਤੋਂ ਲੈ ਕੇ ਇਕ ਰੁਪਿਆ ਸੱਠ ਪੈਸੇ ਤੱਕ ਜਮਾਂਦਾਰ ਨੂੰ ਦਿੰਦੇ ਹਨ। ਕਿਤੇ ਵੀ ਪੀਣ ਵਾਲੇ ਪਾਣੀ, ਪਾਖਾਨੇ ਤੇ ਕੱਪੜੇ ਧੋਣ ਦੀ ਵਿਵਸਥਾ ਨਹੀਂ ਹੈ। ਕੰਟੀਨ ਅਤੇ ਵਿਸ਼ਰਾਮਗ੍ਰਹਿ ਦੀ ਵਿਵਸਥਾ ਤਾਂ ਸ਼ਾਇਦ ਸੁਪਨੇ ਵਿਚ ਵੀ ਸੋਚਣ ਦੀ ਚੀਜ਼ ਨਹੀਂ ਸੀ। ਕਾਨੂੰਨ ਮੁਤਾਬਕ-ਸਥਾਨ ਪ੍ਰੀਵਰਤਨ ਦੇ ਭੱਤੇ ਅਤੇ ਮੈਡੀਕਲ ਸਹੂਲਤਾਂ ਸੰਬੰਧੀ ਦੇਖ ਰੇਖ ਦੇ ਉਹ ਹੱਕਦਾਰ ਹਨ, ਪਰ ਇਸ ਬਾਰੇ ਇਕ ਵੀ ਮਜ਼ਦੂਰ ਜਾਣਦਾ ਤੱਕ ਨਹੀਂ ਸੀ।

ਏਸ਼ਿਆਦ ਦੇ ਨਿਰਮਾਣ-ਸਥਾਨਾਂ ਵਿਚ ਦਿਨ ਵਿਚ ਬੱਚੇ ਤੋਂ ਕੰਮ ਲੈਣ ਤੋਂ ਇਲਾਵਾ ਰਾਤ ਨੂੰ ਵੀ ਕੰਮ ਲਿਆ ਜਾਂਦਾ ਹੈ। ਠੀਕ ਸਮੇਂ ਉਤੇ ਕਿਸੇ ਤਰ੍ਹਾਂ ਕੰਮ ਪੂਰਾ ਕਰਨ ਦੀ ਗਰਜ਼ ਵਿਚ ਠੇਕੇਦਾਰ ਇਸਤਰੀਆਂ ਤੇ ਬੱਚਿਆਂ ਤੋਂ ਰਾਤ ਨੂੰ ਵੀ ਕੰਮ ਕਰਵਾ ਰਹੇ ਸਨ। ਰਾਤ ਦੇ ਸਮੇਂ ਕਈ ਦੁਰਘਟਨਾਵਾਂ ਹੋਈਆਂ, ਕਿਉਂਕਿ ਨਿਰਮਾਣ-ਸਥਾਨਾਂ ਵਿਚ ਮਜ਼ਦੂਰਾਂ ਦੀ ਸੁਰੱਖਿਆ ਲਈ ਨਿਊਨਤਮ ਸਤਰਕਤਾ ਵੀ ਨਹੀਂ ਵਰਤੀ ਜਾਂਦੀ ਸੀ।

ਅਗਰ ਕੋਈ ਮਜ਼ਦੂਰ ਦੁਰਘਟਨਾ ਦੀ ਲਪੇਟ ਵਿਚ ਆ ਕੇ ਘਾਇਲ ਹੋ ਜਾਂਦਾ ਜਾਂ ਮਰ ਜਾਂਦਾ, ਤਾਂ ਉਸ ਦੇ ਸਾਰੇ ਪਰਵਾਰ ਨੂੰ ਮਜਬੂਰ ਕੀਤਾ ਜਾਂਦਾ ਕਿ ਉਹ ਆਪਣੇ ਪਿੰਡ ਮੁੜ ਜਾਵੇ। ਮਕਸਦ ਉਹਨਾਂ ਦਾ ਇਹ ਸੀ ਕਿ ਦੁਰਘਟਨਾ ਦਾ ਕੋਈ ਰੀਕਾਰਡ ਹੀ ਨਾ ਰਹੇ। ਛਾਣਬੀਣ ਅਧਿਕਾਰੀਆਂ ਦੀ ਰੀਪੋਰਟ ਵਿਚ ਇੰਨਡੋਰ ਸਟੇਡੀਅਮ ਦੇ ਸਥਾਨ 'ਤੇ ਹੋਈਆਂ ਕਈ ਵੱਡੀਆਂ ਦੁਰਘਟਨਾਵਾਂ ਦੀ ਚਰਚਾ ਕੀਤੀ ਹੈ। ਇਸ ਸਥਾਨ 'ਤੇ 18 ਜੂਨ ਨੂੰ ਜਦੋਂ ਇਕ ਬੀਮ ਡਿਗ ਪਿਆ ਤਾਂ ਰਾਜਿਸਥਾਨ ਤੋਂ ਆਇਆ ਰਾਮ ਕਿਸ਼ੋਰ ਨਾਮ ਦਾ ਇਕ 35 ਸਾਲਾ ਮਜ਼ਦੂਰ ਮਰ ਗਿਆ। ਇਸ ਦੁਰਘਟਨਾ ਵਿਚ ਹਰਸੀ ਨਾਮ ਦੇ ਇਕ ਮਜ਼ਦੂਰ ਦੀਆਂ ਕਈ ਹੱਡੀਆਂ ਟੁੱਟ ਗਈਆਂ। ਇਸੇ ਸਥਾਨ ਉਤੇ ਇਕ ਹੋਰ ਦੁਰਘਟਨਾ ਵਿਚ ਮੀਨਾ ਬਾਈ ਨਾਮ ਦੀ ਇਕ ਮਜ਼ਦੂਰਨ ਮਰ ਗਈ। ਉਸ ਦੇ ਪਤੀ 2000 ਰੁਪਏ ਮੁਆਵਜ਼ਾ ਦੇ ਕੇ ਪਿੰਡ ਨੂੰ ਭਜਾ ਦਿਤਾ ਗਿਆ।

ਮੂਲ ਚੰਦ ਫਲਾਈਓਵਰ-ਸਥਾਨ, ਉਤੇ ਪੀ. ਯੂ. ਡੀ. ਆਰ. ਸਰਵੇਖਣ ਦਲ ਨੇ ਦੇਖਿਆ ਕਿ ਉਥੇ ਇਕ ਸੋ ਅਜਿਹੇ ਮਜ਼ਦੂਰ ਕੰਮ ਕਰ ਰਹੇ ਸੀ, ਜਿਨ੍ਹਾਂ ਨੂੰ ਬਹਿਕਾ ਕੇ ਦਿੱਲੀ ਲਿਆਂਦਾ ਗਿਆ ਸੀ। ਚਕਰਾ ਰਾਵਤ ਨਾਮ ਦਾ ਇਕ ਜਮਾਂਦਾਰ ਉਹਨਾਂ ਨੂੰ ਇਹ ਝਾਂਸਾ ਦੇ ਕੇ ਦਿੱਲੀ ਲਿਆਇਆ ਸੀ ਕਿ ਫਲਾਈਓਵਰ ਬਣ ਜਾਣ ਤੋਂ ਬਾਅਦ ਉਹਨਾਂ ਨੂੰ ਈਰਾਨ ਤੇ ਇਰਾਕ ਭੇਜ ਦਿਤਾ ਜਾਵੇਗਾ। ਉਹ ਲੋਕ ਇਕ ਤਰ੍ਹਾਂ ਨਾਲ ਠੇਕੇਦਾਰ ਦੇ ਬੰਧਕ ਮਜ਼ਦੂਰਾਂ ਦੇ ਰੂਪ ਵਿਚ ਕੰਮ ਕਰ ਰਹੇ ਸਨ। ਇਹਨਾਂ ਨੂੰ ਚਾਵਲ ਅਤੇ ਸਾਗ-ਸਬਜ਼ੀ ਖਰੀਦਣ ਲਈ ਰੋਜ਼ 75 ਪੈਸੇ ਦਿਤੇ ਜਾ ਰਹੇ ਸੀ। ਜਦੋਂ ਪੀ. ਯੂ. ਡੀ.

ਆਰ. ਦਲ ਨੇ ਚਕਰਾ ਰਾਊਤ ਨੂੰ ਕਿਹਾ ਕਿ ਇਹ ਤਾਂ ਹਨੇਰ ਹੈ; ਸਭ ਮਜ਼ਦੂਰਾਂ ਤੋਂ ਉੜੀਸਾ ਲੇਬਰ ਅਧਿ-ਨਿਯਮ ਦੇ ਤਹਿਤ ਕੰਮ ਲਿਆ ਜਾ ਰਿਹਾ ਹੈ।

ਸਰਕਾਰ ਏਸ਼ੀਆਈ ਖੇਡਾਂ ਉਤੇ ਅੰਧਾਧੁੰਦ ਪੈਸੇ ਖਰਚ ਕਰ ਰਹੀ ਹੈ—ਇਕ ਹਜ਼ਾਰ ਕਰੋੜ ਤੋਂ ਵੀ ਜ਼ਿਆਦਾ; ਲੇਕਿਨ ਮਜ਼ਦੂਰਾਂ ਨੂੰ ਕੀ ਮਿਲਿਆ ? ਇੰਦਰਾ ਗਾਂਧੀ ਉਹਨਾਂ ਦੀ 'ਮਾਲਿਕ' ਬਣਨ ਦੇ ਬਾਵਜੂਦ ਉਹਨਾਂ ਦਾ ਸ਼ੋਸ਼ਣ ਭੋਰਾ ਭਰ ਵੀ ਘੱਟ ਨਹੀਂ ਹੋਇਆ। ਗੋਵਿੰਦ ਮਖੋਟੀ ਨੇ ਕਿਹਾ, "ਹੁਣ ਅਧਿਕ੍ਰਾਂਸ਼ ਨਿਰਮਾਣ-ਕਾਰਜ ਸੰਪੂਰਨ ਹੋ ਰਿਹਾ ਹੈ ਅਤੇ ਬਹੁਤ ਸਾਰੇ ਮਜ਼ਦੂਰਾਂ ਨੂੰ ਪਿੰਡ ਵਾਪਸ ਰਵਾਨਾ ਕਰ ਦਿਤਾ ਗਿਆ ਹੈ। ਵਾਪਸ ਮੁੜ ਗਏ ਮਜ਼ਦੂਰਾਂ ਵਿਚੋਂ ਕਿਤਨਿਆਂ ਦੀ ਮਜ਼ਦੂਰੀ ਮਾਰੀ ਗਈ ? ਕਿਤਨਿਆਂ ਨੇ ਰਾਜਧਾਨੀ ਵਿਚ ਰਹਿੰਦੇ ਹੋਏ ਨਰਕੀ ਜੀਵਨ ਦਾ ਅਨੁਭਵ ਪ੍ਰਾਪਤ ਕੀਤਾ ? ਕੌਣ ਜਾਣਦਾ ਹੈ ? ਮਖੋਟੀ ਜੀ ਕਹਿੰਦੇ ਹਨ ਕਿ ਇਹਨਾਂ ਨਾਲ ਨਿਆਂ ਤਦ ਹੀ ਹੋ ਸਕਦਾ ਹੈ ਜਦ ਕਿ ਇਹਨਾਂ ਨਾਲ ਧੋਖਾ ਕਰਨ ਵਾਲੇ ਠੇਕੇਦਾਰਾਂ ਤੇ ਸਰਕਾਰੀ ਅਧਿਕਾਰੀਆਂ ਨੂੰ ਜੇਲ੍ਹ ਭੇਜਿਆ ਜਾਵੇ। ਇਹਨਾਂ ਲੋਕਾਂ ਨੇ ਤਮਾਮ ਲੇਬਰ ਕਾਨੂੰਨਾਂ ਅਤੇ ਦੇਸ਼ ਦੇ ਸੰਵਿਧਾਨ ਦਾ ਅਪਮਾਨ ਕਰਕੇ ਮਜ਼ਦੂਰਾਂ ਨੂੰ ਤਾਂ ਧੋਖਾ ਦਿਤਾ ਹੀ, ਸੁਪਰੀਮ ਕੋਰਟ ਦੁਆਰਾ ਨਿਯੁਕਤ ਛਾਣਬੀਣ ਅਧਿਕਾਰੀਆਂ ਤਕ ਨੂੰ ਧੋਖਾ ਦੇਣ ਦੀ ਕੋਸ਼ਿਸ਼ ਕੀਤੀ।" ਮੁਖੋਟੀ ਨੇ ਕਿਹਾ, "ਸੁਪਰੀਮ ਕੋਰਟ ਅਗਰ ਉਹ ਸਚਮੁਚ ਹੀ ਮਜ਼ਦੂਰਾਂ ਨਾਲ ਹੋਏ ਅਨਿਆਂ ਨੂੰ ਦੂਰ ਕਰਨਾ ਚਾਹੁੰਦੀ ਹੈ, ਤਾਂ ਅਪਰਾਧੀਆਂ ਨੂੰ ਕੈਦ ਕਰਨੀ ਚਾਹੀਦੀ ਹੈ। ਉਹ ਚਾਹੇ ਤਾਂ ਅਜਿਹਾ ਕਰ ਸਕਦੀ ਹੈ, ਕਿਉਂਕਿ ਇਸਦਾ ਉਸ ਨੂੰ ਅਧਿਕਾਰ ਹੈ। ਅਪਰਾਧੀਆਂ ਦੁਆਰਾ ਮਾਫ਼ੀ ਮੰਗ ਲੈਣ ਨਾਲ ਤਾਂ ਅਨਿਆਂ ਦੂਰ ਨਹੀਂ ਹੋ ਸਕਦਾ।"

ਮੁਖੋਟੀ ਨੇ ਇਹ ਸੁਝਾਅ ਵੀ ਦਿਤਾ ਕਿ ਪੀ. ਯੂ. ਡੀ. ਆਰ. ਦੀ ਰਿੱਟ ਯਾਚਿਕਾ ਉਤੇ ਸੁਪਰੀਮ ਕੋਰਟ ਨੇ ਜੋ ਫੈਸਲਾ ਦਿਤਾ ਹੈ, ਉਸ ਨੂੰ ਖੇਤਰੀ ਭਾਸ਼ਾਵਾਂ ਵਿਚ ਹੀ ਨਹੀਂ, ਬਲਕਿ ਬੋਲੀਆਂ ਤਕ ਵਿਚ ਅਨੁਵਾਦ ਕਰਕੇ ਪ੍ਰਚਾਰਤ ਕੀਤਾ ਜਾਣਾ ਚਾਹੀਦਾ ਹੈ। ਇਸ ਨਾਲ ਛੋਟੇ ਛੋਟੇ ਕਸਬਿਆਂ ਤਕ ਦੇ ਵਕੀਲ ਆਪਣੇ ਇਲਾਕਿਆਂ ਵਿਚ ਇਸ ਫੈਸਲੇ ਦੀ ਮਿਸਾਲ ਦੇ ਕੇ ਕਮ-ਸੇ-ਕਮ ਮਜ਼ਦੂਰਾਂ ਉਤੇ ਹੋਣ ਵਾਲੇ ਅਨਿਆਂ ਤੇ ਅਤਿਆਚਾਰ ਦੀ ਜਾਂਚ ਅਤੇ ਨਿਗਰਾਨੀ ਕਰਵਾਉਣ ਦੀ ਵਿਵਸਥਾ ਕਰਵਾ ਸਕਣਗੇ।

ਲੇਕਿਨ ਇਹ ਤਾਂ ਅੱਗੇ ਦੀ ਗੱਲ ਹੈ। ਹੁਣ ਤਾਂ ਸਰਕਾਰ ਨੇ ਮਜ਼ਦੂਰਾਂ ਦਾ ਸ਼ੋਸ਼ਣ ਕਰਨ ਦੇ ਮਾਮਲੇ ਵਿਚ ਆਪਣੀ ਹੀ ਮਿਸਾਲ ਪੇਸ਼ ਕੀਤੀ ਹੈ। ਛਾਣਬੀਣ ਅਧਿਕਾਰੀਆਂ ਦੀ ਰਿਪੋਰਟ ਵਿਚ ਦਿੱਲੀ ਵਿਕਾਸ ਅਥਾਰਿਟੀ ਦੇ ਇਕ ਵਡੇ ਅਧਿਕਾਰੀ ਦੇ ਇਸ ਕਥਨ ਦਾ ਹਵਾਲਾ ਦਿਤਾ ਗਿਆ ਹੈ : "ਇਹ ਦੇਸ਼ ਦਾ ਸੁਭਾਗ ਸੀ ਕਿ ਲੇਬਰ-ਕਾਨੂੰਨਾਂ ਦੇ ਬਣਨ ਤੋਂ ਪਹਿਲਾਂ ਤਾਜ ਮਹਿਲ ਦਾ ਨਿਰਮਾਣ ਹੋ ਗਿਆ।" ਲੇਬਰ ਕਾਨੂੰਨ ਨਿਸਚੇ ਹੀ ਮਜ਼ਦੂਰਾਂ ਦੇ ਸ਼ੋਸ਼ਣ ਵਿਚ ਅੜਿੱਕਾ ਬਣਦੇ ਹਨ, ਲੇਕਿਨ ਜਦੋਂ ਉਹਨਾਂ ਦੀ ਪਾਲਣਾ ਕਰਨ ਦੀ ਇੱਛਾ ਹੀ ਨਾ ਹੋਵੇ, ਤਾਂ ਫਿਰ ਤਾਜ ਮਹਿਲ ਦੇ ਨਿਰਮਾਣ ਵਿਚ ਜੋ ਹੋਇਆ ਹੋਵੇਗਾ, ਉਸੇ ਦੇ ਏਸ਼ੀਆਦ ਦੇ ਸਟੇਡੀਅਮਾਂ ਦੇ ਨਿਰਮਾਣ ਹੋਣ ਵਿਚ ਕੋਈ ਰੁਕਾਵਟ ਨਹੀਂ ਆਈ। ਦਿੱਲੀ ਵਿਕਾਸ ਅਥਾਰਿਟੀ ਦਾ, ਵੱਡਾ ਅਧਿਕਾਰੀ ਬੇਵਜਾ ਹੀ ਤਾਜ ਮਹਿਲ ਦੇ ਨਿਰਮਾਣ ਦੀ 'ਸੁਖਦਾਇਕ ਪ੍ਰਸਥਿਤੀਆਂ' ਨੂੰ ਯਾਦ ਕਰਕੇ ਅਫਸੋਸ ਕਰ ਰਿਹਾ ਸੀ।

ਤਾਜ ਮਹਿਲ ਦੇ ਬਾਰੇ ਸਾਹਿਰ ਲੁਧਿਆਨਵੀ ਨੇ ਆਪਣੀ ਇਕ ਨਜ਼ਮ ਵਿਚ ਕਿਹਾ ਸੀ ਕਿ ਇਕ ਸ਼ਹਿਨਸ਼ਾਹ ਨੇ ਦੌਲਤ ਦਾ ਆਸਰਾ ਲੈ ਕੇ ਸਾਡੇ ਗਰੀਬਾਂ ਦੀ ਮੁਹਬੱਤ ਦਾ ਮਜ਼ਾਕ ਉਡਾਇਆ ਹੈ, ਪਰ ਏਸ਼ੀਆਈ ਖੇਡਾਂ ਦੇ ਸਿਲਸਲੇ ਵਿਚ ਹੋਇਆ ਖਰਚ ਅਤੇ ਨਾਲ ਹੀ ਸਾਧਾਰਨ ਮਜ਼ਦੂਰਾਂ ਦਾ ਸ਼ੋਸ਼ਣ ਵੇਖ ਕੇ ਇਹ ਕਿਹਾ ਜਾ ਸਕਦਾ ਹੈ ਕਿ ਸਚਮੁੱਚ ਹੀ ਦੌਲਤ ਅਤੇ ਤਾਕਤ ਦਾ ਸਹਾਰਾ ਲੈ ਕੇ ਭਾਰਤ ਸਰਕਾਰ ਨੇ ਦੇਸ਼ ਦੇ ਗਰੀਬਾਂ ਨਾਲ ਬਹੁਤ ਵਡਾ ਮਜ਼ਾਕ ਕੀਤਾ ਹੈ ਅਤੇ ਕਰ ਰਹੀ ਹੈ। o

## *ਮੁਕਤੀ*

ਕਿਵੇਂ ਦਸੀਏ ਤੁਹਾਨੂੰ ਆਕਾਰ
ਆਪਣੇ ਸੁਫ਼ਨਿਆਂ ਦਾ।
ਸਦੀਆਂ ਅਸੀਂ ਉਡੀਕਿਆ
ਕਿਸੇ ਮਸੀਹੇ ਨੂੰ
ਜੋ ਸਾਨੂੰ ਆਜ਼ਾਦ ਕਰਾਏ।
ਹੁਣ ਅਸੀਂ ਸਮਝਿਐ
ਸਾਡਾ ਇਨਕਲਾਬ ਹੀ
ਸੱਭ ਤੋਂ ਮਹਾਨ ਫੁੱਲ ਹੈ
ਹਰ ਦਿਨ ਜਿਸਨੂੰ ਲਗਦੀਆਂ ਨੇ
ਨਵੀਆਂ ਪੱਖੜੀਆਂ
ਪੱਖੜੀਆਂ—ਜਾਗੇ ਖੇਤਾਂ ਦੀਆਂ
ਆਜ਼ਾਦ ਲੋਕਾਂ ਦੀਆਂ
ਨਵੇਂ ਸਿਆੜਾਂ ਦੀਆਂ
ਸਕੂਲ ਤੇ ਹਸਪਤਾਲ...
ਸਾਡੇ ਸੁਫ਼ਨਿਆਂ ਦਾ ਆਕਾਰ ਹੈ
**ਮੁਕਤੀ** ਜਿਤਨਾ।

—ਐਟਿਕਾ ਦੇ ਕੈਦੀਆਂ ਦੀ ਕਵਿਤਾ
ਪੰਜਾਬੀ ਰੂਪ—ਆਰੀਤ

ਕਵਿਤਾ— ਇਕ ਸਕੈਚ

## ਸ਼ਿੰਦਾ

ਦਰਸ਼ਨ ਬੁਲੰਦਵੀ

ਪ੍ਰਦੇਸਾਂ ਦੀ ਭੱਟਕਣ ਕਾਲੀ ਘਟਾ ਵਾਂਗ
ਤੇਰੇ ਜ਼ਿਹਨ ਅੰਦਰ ਸੀ ਛਾਈ
ਗੁਰੱਬਤ ਦੀ ਪੀੜ੍ਹ ਵਿਚ
ਇਹ ਤੈਥੋਂ ਜਾਂਦੀ ਨਹੀਂ ਸੀ ਖਿੰਡਾਈ।
ਕੁਝ ਬੇਕਾਰੀ ਦੀਆਂ ਚਿਣਗਾਂ ਨੇ
ਤੇਰੀਆਂ ਤਲੀਆਂ ਹੇਠ ਸੀ ਅੱਗ ਮਚਾਈ।
ਉਸ ਵੇਲੇ ਤੇਰੇ ਉਤਾਵਲੇ ਕੰਨਾਂ ਨੂੰ
ਕਿਸੇ 'ਇਰਾਨ' ਦੀ ਦੱਸ ਪਾਈ
ਤਾਂ ਤੈਂ ਭੋਂ ਦੀ ਜੱਦੀ ਟੁਕੜੀ
ਦਲਾਲਾਂ ਦੀ ਝੋਲ੍ਹ ਵਿਚ ਪਾਈ।
ਤੂੰ ਨਹੀਂ ਸੀ ਜਾਣਦਾ
ਦਲਾਲ ਤਾਂ ਵੈਰੀ ਤੇਰੀ ਸਾਰੀ ਜਮਾਤ ਦਾ।
ਅਰਬ ਤੇ ਯੂਰਪ ਦੀ ਮੰਡੀ ਵਿਚ
ਤੇਰੇ ਸੰਘਣੇ ਲਹੂ ਨੂੰ ਵੇਚਦਾ।

ਤੂੰ 'ਇਰਾਕ' ਜਾਂਦਾ ਪਿਆ ਸੀ
ਕਿ 'ਕਾਬਿਲ' ਪਹੁੰਚ ਕੇ ਤੇਰੇ ਦਲਾਲਾਂ ਨੇ
ਤੇਰੀ ਹੋਣੀ ਨੂੰ 'ਬਲੋਚਾਂ' ਕੋਲ ਵੇਚ ਦਿਤਾ
ਜਿਨ੍ਹਾਂ ਇਰਾਨੀ ਸਰਹੱਦ ਦੀਆਂ
ਰੇਗਸਤਾਨੀ ਮਾਰੂ ਭੱਠੀਆਂ 'ਚ ਝੋਕ ਦਿਤਾ।
ਜਿਥੇ ਭੁੱਖ ਦੀ ਸੂਲੀ ਚੜ੍ਹੇ ਨੇ
ਤੈਂ ਪੇਟ ਵਿਚ ਪੱਥਰ ਧਰਿਆ।
ਪਿਆਸ ਦੇ ਜ਼ਖਮਾਂ ਉਤੇ
ਆਪਣੇ ਪਿਸ਼ਾਬ ਦੇ ਫੇਹੇ ਬੰਨ੍ਹੇ।
ਪਰ ਸਰਹੱਦ ਦੇ ਹਿਫ਼ਾਜ਼ਤੀ ਕੰਨਾਂ ਨੂੰ
ਜਦ ਤੇਰੇ ਪੈਰਾਂ ਦੀ ਬਿੜ੍ਹਕ ਗਈ
ਤਾਂ ਤੇਰੇ ਕਦਮਾਂ ਦੀਆਂ ਤੇਜ਼ ਉਡਾਰੀਆਂ
ਕਾਨੂੰਨੀ ਜ਼ੰਜੀਰਾਂ ਵਿਚ ਵਲੀਆਂ ਗਈਆਂ।
ਤੇਰੀ ਮੰਜ਼ਿਲ ਦੀਆਂ ਲਗਾਮਾਂ
ਜੇਹਲ ਨੂੰ ਖਿੱਚੀਆਂ ਗਈਆਂ।
ਤੇਰੇ ਜਲਦੇ ਜ਼ਖਮਾਂ ਦੀਆਂ ਚੀਸਾਂ
ਪਤਾਲੋਂ ਉਚੀਆਂ ਚਲੇ ਗਈਆਂ
ਸਾਲ ਪਿਛੋਂ ਜਦ ਹੋਈ ਰਿਹਾਈ
ਬੇ-ਆਬਰੂ ਜ਼ਿੰਦਾ ਲਾਸ਼ ਤੇਰੀ
ਆਪਣੀ ਮਾਤ-ਭੂਮੀ ਨੂੰ ਆਈ।

ਛੇਤੀ ਪਰਤਣ ਦੀ ਸ਼ਰਮਿੰਦਗੀ
ਤੈਨੂੰ ਕਿਸੇ ਰਾਹ ਡੰਡੀਏ ਖਲੋਣ ਨਾ ਦੇਂਦੀ
ਨੀਂਦਰ ਵਿਚ ਬੁੜ ਬੁੜਾ ਕੇ ਉੱਠਦੀ
ਸਿਰ ਉਠਾ ਕੇ ਜਿਊਣ ਨਾ ਦੇਂਦੀ।
ਤੈਨੂੰ ਦੋਸ਼ ਦੇਂਦੀਆਂ ਉਂਗਲਾਂ
ਸਿੱਧੀਆਂ ਤੇਰੇ ਕਲੇਜੇ ਵਿਚ ਲਹਿੰਦੀਆਂ
ਤੈਨੂੰ ਕੁਲੱਛਣਾਂ ਤੇ ਕੁਚੱਜਾ ਕਹਿੰਦੀਆਂ
ਜੀਭਾਂ ਫੱਫੇਕੁੱਟਣੀਆਂ, ਅਨੇਕਾਂ ਰੰਗੀਆਂ
ਤੈਨੂੰ ਲੋਫ਼ਰ, ਆਵਾਰਾ, ਕੁਝ ਐਵੇਂ ਜਿਹਾ ਕਹਿੰਦੀਆਂ
ਤੂੰ ਲੋਕਾਂ ਦੀਆਂ ਚੁੱਗਲ ਅੱਖਾਂ ਅੱਗੇ
ਝੂਠਾਂ ਦੇ ਜਾਦੂਮਈ ਰੰਗ ਬਖੇਰਦਾ
ਮਨੋਂ ਕਲਪਿਤ ਨਜ਼ਾਰਿਆਂ ਦੇ ਫੁੱਲ ਖਲੇਰਦਾ।

ਇਸ ਨਾਮੋਸ਼ੀ ਦੇ ਦਾਗ ਨੂੰ ਧੋਣ ਲਈ
ਫਿਰ ਪ੍ਰਦੇਸ਼ਾਂ ਦੀ ਭੱਟਕਣ ਤੇਰਾ ਪਿਛਾ ਕਰਨ ਲੱਗੀ।
ਤੇਰੀ ਹਾਰ ਦੀ ਫ਼ਟਕਾਰ
ਫਿਰ ਜਿੱਤ ਦਾ ਡਾਣਾ ਪਾਉਣ ਲੱਗੀ।
ਫਿਰ ਤੇਰੀ ਅਗਿਆਨਤਾ
ਦਲਾਲਾਂ ਦੀ ਸਰਦਲ ਲੰਘ ਗਈ।
ਉਨ੍ਹਾਂ ਦੀਆਂ ਸਪਣ ਗੱਲਾਂ ਵਿਚੋਂ
ਤੇਰੀ ਪਿਆਸ ਆਸ ਲੈ ਕੇ ਖੜ੍ਹ ਗਈ।
ਐਤਕੀ ਉਨ੍ਹਾਂ 'ਗਰੀਸ' ਦੀ ਹਰਿਆਵਲ
ਤੇਰੀਆਂ ਭੋਲੀਆਂ ਅੱਖਾਂ ਵਿਚ ਧੂੜ੍ਹੀ
ਤਾਂ ਤੈਨੂੰ ਆਪਣੇ ਭਵਿੱਖ ਦੀ ਕਿਆਰੀ
ਇਸ ਭੂਮੀ 'ਤੇ ਖ਼ਿੜਦੀ ਨਜ਼ਰ ਆਈ।

ਤੂੰ ਨਹੀਂ ਸੀ ਜਾਣਦਾ
ਹੁਣ ਕੌਮਾਂਤਰੀ ਪੱਧਰ ਤੇ ਵੀ ਦੇਸ਼ ਦੀ ਹਾਲਤ
ਜ਼ੀਰੋ ਬਟਾ ਜ਼ੀਰੋ ਹੋ ਚੁੱਕੀ।
ਯੂਗੋਸਲਾਵੀਆ, ਗਰੀਕ ਸਫ਼ਾਰਤਖਾਨੇ 'ਚ
ਜਦ ਤੈਂ ਵੀਜ਼ੇ ਲਈ ਅਰਜ਼ ਕਰਦਿਆਂ
ਕੌਮੀਅਤ 'ਭਾਰਤੀ' ਦਸੀ
ਤਾਂ ਉਨ੍ਹਾਂ ਤੇਰੀ ਕੌਮੀਅਤ ਤੋਂ ਲਾਅਨਤ ਵਾਰੀ
ਤੇਰੇ ਪਾਸਪੋਰਟ ਦੀ ਕਾਪੀ
ਭੁੰਜੇ ਵਗਾਹ ਮਾਰੀ।
ਇਸ ਔਖੇ ਵੇਲੇ ਤੈਂ ਆਪਣੇ ਵਰਗੀਆਂ
ਰੋਟੀ ਲਈ ਭੱਟਕਦੀਆਂ ਰੂਹਾਂ ਨਾਲ
ਆਪਣੀ ਪੀੜ੍ਹ ਰਲਾਈ
ਗੈਰ-ਕਾਨੂੰਨੀ ਹੀ
ਰਾਤੋ-ਰਾਤ ਬਾਡਰ ਲੰਘ ਜਾਣ ਦੀ ਵਿਉਂਤ ਬਣਾਈ।

ਉਹ ਯੂਗੋਸਲਾਵੀਆ ਦੀ ਬਰਫ਼ ਕੱਜੀ ਰਾਤ ਸੀ
ਜਿਸ ਰਾਤ ਤੈਂ ਪੈਦਲ ਹੀ ਗਰੀਸ ਨੂੰ ਰੁੱਖਸਤ ਕੀਤਾ।
ਰਾਹ ਦੀਆਂ ਉੱਚੀਆਂ ਲੰਬੀਆਂ ਪਹਾੜੀਆਂ

ਤੇਰਾ ਆਖ਼ਰੀ ਜ਼ੋਰ ਅਜ਼ਮਾਂਦੀਆਂ ਰਹੀਆਂ।
ਕੰਡਿਆਲੀਆਂ ਝਾੜੀਆਂ ਵਲੂੰਧਰ ਕੇ ਤੈਨੂੰ
ਤੇਰੇ ਲਹੂ ਵਿਚ ਨਹਾਂਦੀਆਂ ਰਹੀਆਂ।
ਤੇਰੇ ਆਪਣੇ ਪੈਰਾਂ ਦੀ ਆਹਟ ਵਿਚ
ਤੇਰਾ ਹਰ ਸਾਹ ਸਹਿਮਿਆ ਰਿਹਾ।
ਯੂਗੋਸਲਾਵੀਆ ਅਤੇ ਗਰੀਕ ਸਰਹੱਦ ਦੀਆਂ
ਸਰਚਿੰਗ ਲਾਟਾ ਤੈਨੂੰ ਛੂਹ ਨਾ ਸਕੀਆਂ
ਤੇ ਤੂੰ ਸੁਰੱਖਿਅਤ ਹੀ ਗਰੀਕ ਲੋਕਾਂ ਵਿਚ ਜਾ ਰਲਿਆ
ਤੇ ਇਕ ਸੁਖਾਵਾਂ ਜਿਹਾ ਸਾਹ ਭਰਿਆ।

ਇਕ ਦਿਨ ਹੋਟਲ ਵਿਚ ਬੈਠੇ ਨੂੰ
ਤੈਨੂੰ ਫਿਰ ਦਲਾਲਾਂ ਦੇ ਮੋਹ ਨੇ ਵਲਿਆ
ਉਨ੍ਹਾਂ ਜਹਾਜ਼ਾਂ ਦੀ ਨੌਕਰੀ ਦਾ ਰੰਗੀਨ ਗੁੱਲਦਸਤਾ
ਜ਼ਬਾਨੀ ਤੇਰੀਆਂ ਹਥੇਲੀਆਂ 'ਚ ਧਰਿਆ।
ਉਨ੍ਹਾਂ ਦੇ ਮੂੰਹ ਦੀਆਂ ਫੁੱਲਝੜੀਆਂ ਵਿਚੋਂ
ਤੇਰੇ ਵਿਸ਼ਵਾਸ਼ ਦਾ ਫੁੱਲ ਖਿੱੜਿਆ
ਤਾਂ ਤੈਂ ਨੌਕਰੀ ਦਾ ਮੁੱਲ
ਆਪਣੇ ਭਰੇ ਬੋਝੇ ਨਾਲ ਭਰਿਆ

ਇੰਜ ਤੇਰੀ ਨੌਕਰੀ ਦਾ ਸੁੱਪਨਾਂ
ਫਿਰ ਦਲਾਲਾਂ ਦੇ ਚੱਕ ਚੜ੍ਹਿਆ।
ਉਨ੍ਹਾਂ ਦੇ ਲਾਰਿਆਂ 'ਚ ਤੇਰਾ ਧਰਿਆ ਕਦਮ
ਜਦ ਫਿਰ ਛਲਾਵੇ ਦੀ ਮੌਤ ਮਰਿਆ
ਤਾਂ ਇੰਜ ਵਾਰ ਵਾਰ ਮਰਦੇ ਇਤਬਾਰ 'ਚ
ਤੇਰੇ ਇਨਸਾਨੀ ਹਿਰਦੇ ਦਾ ਗੱਚ ਭਰਿਆ।

ਪਰ ਤੂੰ ਅਜੇ ਵੀ
ਆਸ ਦੀ ਚਿਣਗ ਬਾਲੀ ਬੈਠੇ ਨੇ
ਨਿਰਾਸ਼ਾ ਦਾ ਦੀਵਾ ਬਾਲਿਆ ਨਹੀਂ ?
ਨਿੱਕੀ ਜਾਨ ਤੇ ਪਹਾੜਾਂ ਜਿੰਨਾ ਸਹਿ ਕੇ
ਪਿਛਾਂਹ ਪਰਤਣ ਦਾ ਖਿਆਲ ਧਾਰਿਆ ਨਹੀਂ ?
ਪ੍ਰਦੇਸਾਂ ਦੇ ਅੱਕ ਚਬੋਲਦੇ ਨੇ
ਆਪਣੇ ਇਰਾਦੇ ਦਾ ਮੱਚ ਮਾਰਿਆ ਨਹੀਂ ?
ਮਾਂਗਣੂਆਂ ਨਾਲ ਭਰੇ ਬਿਸਤਰ 'ਤੇ ਸੌਂਦੇ ਦਾ
ਤੇਰਾ ਲੋਹੇ ਦਾ ਜੁੱਸਾ ਹਾਰਿਆ ਨਹੀਂ ?
ਵਾਰ ਵਾਰ ਰੁੱਲਦੀ ਆਬਰੂ ਦਾ
ਅਜੇ ਕੁਝ ਵਿਚਾਰਿਆ ਨਹੀਂ।

oo

---

**ਇਕ ਟਿਪਣੀ**

## ਛੇ ਤੋਂ ਗਿਆਰਾ ਤਕ

ਜ਼ਿਲੇ ਦੇ ਵਿਦਿਆ ਅਧਿਕਾਰੀਆਂ ਦੀ ਮੀਟਿੰਗ ਹੈ। ਸਾਰੇ ਅਧਿਕਾਰੀ ਅਤੇ ਮੁੱਖ ਅਧਿਆਪਕ ਇਕੱਠੇ ਹੋਏ ਹਨ। ਰਾਜਧਾਨੀ ਤੋਂ ਆਏ ਵਿਦਿਆ ਵਿਭਾਗ ਦੇ ਡਾਇਰੈਕਟਰ ਸਾਹਿਬ ਮੀਟਿੰਗ ਨੂੰ ਸੰਬੋਧਨ ਕਰ ਰਹੇ ਹਨ। ਉਹ ਸਰਕਾਰ ਦੀਆਂ ਪ੍ਰਾਪਤੀਆਂ ਤੇ ਚਾਨਣਾ ਪਾ ਰਹੇ ਹਨ। ਪ੍ਰਾਂਤ ਦੀ ਇਨਸਾਫ-ਪਸੰਦ ਤੇ ਲੋਕ ਰਾਜੀ ਸਰਕਾਰ ਨੇ ਛੇ ਤੋਂ ਗਿਆਰਾਂ ਸਾਲ ਤਕ ਦੇ ਬਚਿਆਂ ਦੀ ਪੜ੍ਹਾਈ ਨੂੰ ਲਾਜ਼ਮੀ ਕਰਾਰ ਦਿਤਾ ਹੈ। ਅਜ ਦੇ ਬਚਿਆਂ ਨੇ ਕਲ ਦਾ ਨੇਤਾ ਬਣਨਾ ਹੈ, ਇਸ ਲਈ ਇਹਨਾਂ ਦੀ ਸੰਭਾਲ ਬਹੁਤ ਜ਼ਰੂਰੀ ਹੈ। ਡਾਇਰੈਕਟਰ ਸਾਹਿਬ ਸਰਕਾਰ ਦੀ ਦੂਜੀ ਵਡੀ ਪ੍ਰਾਪਤੀ ਬਾਰੇ ਵੀ ਦਸ ਰਹੇ ਹਨ। ਸਰਕਾਰ ਨੇ ਬਾਲ ਮਜ਼ਦੂਰੀ ਤੇ ਕਾਨੂੰਨੀ ਪਾਬੰਧੀ ਲਗਾ ਦਿਤੀ ਹੈ। ਚੌਦਾਂ ਸਾਲ ਤੋਂ ਘੱਟ ਉਮਰ ਦੇ ਬੱਚੇ ਤੋਂ ਕੋਈ ਮਜ਼ਦੂਰੀ ਨਹੀਂ ਕਰਵਾ ਸਕਦਾ। ਜੇ ਕੋਈ ਇਹ ਮਜ਼ਦੂਰੀ ਕਰਵਾਂਦਾ ਹੈ ਤਾਂ ਉਸ ਵਿਰੁਧ ਸਖਤ ਕਾਰਵਾਈ ਕੀਤੀ ਜਾ ਸਕਦੀ ਹੈ। ਜ਼ਿਲਿਆਂ ਦੇ ਮੁੱਖੀਆਂ ਨੂੰ ਹਿਦਾਇਤਾਂ ਭੇਜੀਆਂ ਗਈਆਂ ਹਨ ਕਿ ਸਰਕਾਰ ਦੇ ਇਹਨਾਂ ਫੈਸਲਿਆਂ ਦੀ ਸਖਤੀ ਨਾਲ ਪੈਰਵੀ ਕੀਤੀ ਜਾਏ।

ਮੀਟਿੰਗ ਖਤਮ ਹੋ ਗਈ ਹੈ। ਡਾਇਰੈਕਟਰ ਸਾਹਿਬ ਕਾਰ ਵਿਚ ਬੈਠਕੇ ਚਲੇ ਗਏ ਹਨ। ਛੋਟੇ ਵਡੇ ਵਿਦਿਆ ਅਧਿਕਾਰੀ ਥੱਕ ਚੁੱਕੇ ਹਨ। ਉਹ ਸਵੇਰ ਦੇ ਬੈਠੇ ਹੋਏ ਹਨ। ਡਾਇਰੈਕਟਰ ਸਾਹਿਬ ਇਕ ਘੰਟਾ ਲੇਟ ਆਏ ਸਨ ਤੇ ਫੇਰ ਉਹਨਾਂ ਨੇ ਭਾਸ਼ਨ ਵੀ ਏਨਾਂ ਲੰਮਾ ਕੀਤਾ ਸੀ। ਥਕਾਵਟ ਦੂਰ ਕਰਨ ਲਈ ਚਾਹ ਦਾ ਆਰਡਰ ਦੇ ਦਿਤਾ ਗਿਆ ਹੈ। ਚਾਹ ਦੀ ਉਡੀਕ ਵਿਚ ਹਲਕੀ ਫੁਲਕੀ ਬਹਿਸ ਚਲ ਰਹੀ ਹੈ। ਚਾਹ ਆ ਗਈ ਹੈ। ਚਾਹ ਲਿਆਉਣ ਵਾਲਾ ਇਕ ਬੱਚਾ ਹੈ, ਜਿਸਨੇ ਮੈਲਾ ਝੱਗਾ ਅਤੇ ਬੁਰੀ ਤਰ੍ਹਾਂ ਘੱਸਿਆ ਤੇ ਮੈਲਾ ਪਾਜਾਮਾ ਪਾਇਆ ਹੋਇਆ ਹੈ। ਉਹਦੀ ਉਮਰ ਅੱਠ ਕੁ ਸਾਲ ਦੀ ਹੈ। ਚਾਹ ਦੀਆਂ ਚੁਸਕੀਆਂ ਲਗਾਈਆਂ ਜਾ ਰਹੀਆਂ ਹਨ। ਬਚਿਆਂ ਬਾਰੇ ਸਰਕਾਰ ਦੇ ਫੈਸਲਿਆਂ ਦਾ ਵਾਰ ਵਾਰ ਜ਼ਿਕਰ ਆ ਰਿਹਾ ਹੈ, ਜਿਹੜੇ ਸਖਤੀ ਨਾਲ ਲਾਗੂ ਕੀਤੇ ਜਾਣੇ ਹਨ।

—ਮਨਮੋਹਣ ਸਿੰਘ ਤੀਰ ਹੁਸ਼ਿਆਰਪੁਰ

## ਆਨੰਦਪੁਰ ਦਾ ਮਤਾ

o ਜਸਵਿੰਦਰ

ਪਿਆਰੇ ਦਸਮੇਸ਼ ਪਿਤਾ !
ਟੁੱਟੇ ਭੱਜੇ ਖਿਲਰੇ ਬਿਖਰੇ ਜਿਹੋ ਜਿਹੇ ਵੀ ਹਾਂ,
ਅਸੀਂ ਹੀ ਹਾਂ ਤੇਰੇ ਉਹ ਖਾਲਸੇ,
ਜਿਨ੍ਹਾਂ ਆਨੰਦਪੁਰ ਦਾ ਮਤਾ ਲਾਗੂ ਕੀਤਾ ਹੈ ।
ਤਾਰੀਖ ਗਵਾਹ ਹੈ,
ਦੀਪ ਸਿੰਘ ਜਿਹੇ ਬਾਬੇ 'ਮਰਗਿੰਦ' ਨਾਲ
ਵਲੂੰਧਰਿਆ ਪਿਆ ਦਇਆ ਸਿੰਘ
ਤੇਰੇ ਪੰਜਾਂ ਪਿਆਰਿਆਂ ਵਾਲਾ ਦਇਆ ਸਿੰਘ ਹੀ ਹੈ ।
ਤੇ ਅੱਜ ਇਹ ਜੋ ਹੁੱਬ ਹੁੱਬ ਕੇ
ਗੱਲ ਕਰਦੇ ਨੇ ਆਨੰਦਪੁਰ ਦੇ ਮਤੇ ਦੀ
ਸੱਚੀਓਂ ਉਹੀ ਨੇ ਜੋ ਤੇਰੀ ਖੂੰਨੀ ਤਲਵਾਰ ਵੇਖ ਕੇ
ਇਮਤਿਹਾਨੀ ਪੰਡਾਲ 'ਚੋਂ ਨੱਠ ਤੁਰੇ ਸੀ ।
ਮਾਛੀਵਾੜੇ ਵਿੱਚ ਤੇਰੀਆਂ ਪੈੜਾਂ ਨੂੰ
ਅੱਟਦੀ ਫਿਰਦੀ ਹੈ ਸੈਂਤਾਂ ਦੀ ਫੀਏਟ ।
ਇਨ੍ਹਾਂ ਨੂੰ ਕਾਹਲੀ ਜੋ ਹੈ ਕਿਸੇ ਇੰਤਜ਼ਾਮ ਦੀ
ਕਿਧਰੇ ਛਾ ਨਾ ਜਾਏ ਮਾਹੌਲ ਤੇ
ਭਾਈ ਕਨ੍ਹਈਏ ਦੀ ਰੂਹ ।
ਮਸਾਂ ਮਸਾਂ ਤਾਂ ਗੈਰ ਮਜ਼ਹਬਾਂ ਨੂੰ ਵਖਤ ਪਾਇਆ ਹੈ ।

ਇਨ੍ਹਾਂ ਵਾਸਤੇ ਰਾਖਵੇਂ
ਤੇਲ ਦੇ ਕੜਾਹੇ ਅੱਜ ਵੀ ਚੁਰਾਂ ਤੇ ਪਏ ਨੇ,
ਪਰ ਠੰਢੇ ਸੀਤ ।
ਹੇ ਪਿਆਰੇ ਗੁਰੂ !
ਆਪਣੇ ਕਿਰਤੀ ਖਾਲਸਿਆਂ ਨੂੰ ਜਾਚ ਤਾਂ ਦੱਸ ਜਾ
ਬੱਤੀ ਸੀਖਣ ਦੀ, ਲਾਟਾਂ ਬਾਲਣ ਦੀ ।
ਮਤੇ ਅਸੀਂ ਕੱਚੇ ਰਹਿ ਜਾਈਏ
ਆਨੰਦਪੁਰ ਦਾ ਤਾਰੀਖੀ ਮਤਾ ਲਾਗੂ ਕਰਨ ਵਿੱਚ ।

oooo

ਬੋਲੀਆਂ

## ਰੌਸ਼ਨੀਆਂ ਦੇ ਸ਼ਹਿਰ 'ਚ ਯਾਰ

ਜਗਰੂਪ ਸਿੰਘ ਰੂਪ

ਰੋਸ਼ਨੀਆਂ ਦੇ ਸ਼ਹਿਰ 'ਚ ਯਾਰੋ, ਕਾਲੇ ਹਨ ਪਰਛਾਂਵੇਂ ।
ਕਾਲੀ ਰਾਇਆ, ਕਾਲੀ ਕਾਇਆ, ਕਾਲੇ ਕਾਲੇ ਨਾਂਵੇਂ ।
ਕਾਲੀਆਂ ਕਾਲੀਆਂ ਸੜਕਾਂ ਦੇ ਵਿੱਚ, ਰਸਤੇ ਭੁੱਲ ਭੁਲਾਂਵੇਂ ।
ਭੁੱਲਿਆ ਨਹੀਂ ਸਮਝੂੰ, ਜੇ ਸ਼ਾਮੀਂ ਘਰ ਆਵੇਂ ।

ਰੌਸ਼ਨੀਆਂ ਦੇ ਸ਼ਹਿਰ 'ਚ ਯਾਰੋ, ਲੋਕੀਂ ਜਿਊਂਦੇ ਡਰਕੇ ।
ਜੇ ਕਿਧਰੇ ਚਾਨਣ ਦਿਸ ਜਾਵੇ, ਕੋਲੋਂ ਲੰਘਦੇ ਮਰਕੇ ।
ਕਾਲਾ ਬੁਰਕਾ ਮੂੰਹ 'ਤੋਂ ਲਾਹਕੇ, ਵਿਹਦੇ ਨਾ ਅੱਖ ਭਰਕੇ ।
ਯੁੱਗ ਭਾਵੇਂ ਚਾਨਣ ਦਾ, ਪਰ ਕਾਲੇ ਹਨ ਵਰਕੇ ।

ਰੋਸ਼ਨੀਆਂ ਦੇ ਸ਼ਹਿਰ 'ਚ ਯਾਰੋ, ਪੱਥਰ ਵਰਗੀਆਂ ਕੰਧਾਂ ।
ਪਰ ਬੰਦੇ ਤੋਂ ਬੰਦੇ ਦੇ ਵਿੱਚ, ਤਣੀਆਂ ਕੱਚੀਆਂ ਤੰਦਾਂ ।
ਦਿਲ ਦੇ ਮਹਿਲੀਂ ਕੋਈ ਨ ਚੜ੍ਹਦਾ, ਸੁੱਟੀਆਂ ਲੱਖ ਕਮੰਦਾਂ ।
ਇੱਕ ਹੱਥ ਚੋਗਾ ਹੈ, ਦੂਜੇ ਦੇ ਵਿੱਚ ਫੰਧਾਂ ।

ਰੋਸ਼ਨੀਆਂ ਦੇ ਸ਼ਹਿਰ 'ਚ ਯਾਰੋ, ਨੇਰ੍ਹੇ ਵਣਜ ਕਮਾਉਂਦੇ ।
ਨੇਰ੍ਹੇ ਨੇਰ੍ਹੇ ਨਿੱਕਲ ਸ਼ਹਿਰ 'ਚੋਂ, ਨੇਰ੍ਹੇ ਹੀ ਘਰ ਆਉਂਦੇ ।
ਕਾਲੇ ਵਣਜ ਦੀ ਕਾਲੀ ਖੱਟੀ, ਉੱਤੇ ਮੁਲੰਮਾ ਲਾਉਂਦੇ ।
ਖੱਟੀਆਂ ਨੇਰ੍ਹ ਦੀਆਂ, ਚਾਨਣ ਵਿੱਚ ਛੁਪਾਉਂਦੇ ।

ਰੋਸ਼ਨੀਆਂ ਦੇ ਸ਼ਹਿਰ 'ਚ ਯਾਰੋ, ਇਸ਼ਕ ਵਿਕੇਂਦਾ ਹੱਟੀ ।
ਹੀਰ ਵਿਕੇਂਦੀ ਕੌਡੀ ਕੌਡੀ, ਯੂਸਫ ਵਿਕਦਾ ਅੱਟੀ ।
ਸੋਨੇ ਦੀ ਹੈ ਤੱਕੜੀ ਡੰਡੀ, ਸੋਨੇ ਦੀ ਹੀ ਵੱਟੀ ।
ਨਾਨੀ ਖਸਮ ਕਰੇ ਦੋਹਤਾ ਭਰਦਾ ਚੱਟੀ ।

ਰੋਸ਼ਨੀਆਂ ਦੇ ਸ਼ਹਿਰ 'ਚ ਯਾਰੋ, ਕਾਲੀਆਂ ਕਾਲੀਆਂ ਗੱਲਾਂ ।
ਕਾਲੀਆਂ ਜਿੱਤਾਂ, ਕਾਲੀਆਂ ਹਾਰਾਂ, ਕਾਲੇ ਮਾਰਨ ਮੱਲਾਂ ।
ਕਾਲੇ ਸਰੋਤੇ ਕਾਲੇ ਵਕਤੇ, ਕਾਲੀਆਂ ਕਾਲੀਆਂ ਗੱਲਾਂ ।
ਆਉਂਦੇ ਨੇਰ੍ਹੇ ਨੂੰ ਕੀਕੁਰ ਪਾਈਏ ਠੱਲ੍ਹਾਂ ।

ਰੋਸ਼ਨੀਆਂ ਦੇ ਸ਼ਹਿਰ 'ਚ ਯਾਰੋ, ਕੇਹਾ ਚਾਨਣ ਵੱਸੇ ।
ਜਿਸ ਚਾਨਣ ਨੂੰ ਵੇਖਕੇ ਲੋਕੋ, ਸੂਰਜ ਅੰਬਰੋਂ ਨੱਸੇ ।
ਚਾਮ-ਚੜਿੱਕਾਂ ਪਾਵਣ ਗਿੱਧੇ, ਉੱਲੂ ਭਰਨ ਛੜੱਪੇ ।
ਇਹ ਜੁੱਗ ਕਿਹੜਾ ਹੈ, ਕੋਈ ਔਲੀਆ ਦੱਸੇ ।

oooo

ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਵਾਸਤੇ ਕੈਲਾਸ਼ ਕੌਰ – ਗੁਰਸ਼ਰਨ ਸਿੰਘ ਨੇ ਛਪਵਾਇਆ ਤੇ ਪ੍ਰਕਾਸ਼ਤ ਕੀਤਾ ।
ਛਪਾਈ ਹਰਮੁੱਖ ਪ੍ਰਿੰਟਰਜ਼ 23, ਮਹਾਂ ਸਿੰਘ ਗੇਟ ਮਾਰਕੀਟ, ਅੰਮ੍ਰਿਤਸਰ ਵਿਚ ਹੋਈ । ਪ੍ਰਬੰਧਕੀ ਸਿਰਨਾਵਾਂ : ਗੁਰੂ ਖ਼ਾਲਸਾ ਨਿਵਾਸ ਡਾ: ਖ਼ਾਲਸਾ ਕਾਲਜ ਅੰਮ੍ਰਿਤਸਰ–143002 : ਵਾਰਸ਼ਿਕ ਚੰਦਾ 15 ਰੁਪੈ,ਵਿਦੇਸ਼ ਹਵਾਈ ਡਾਕ ਰਾਹੀਂ 100 ਰੁਪੈ ।

ਪਲਸ ਮੰਚ ਵਲੋਂ

## ਅਗੰਮਪੁਰ ਵਿਚ ਇਕ ਯਾਦਗਾਰੀ ਸਭਿਆਚਾਰਕ ਸਮਾਗਮ

ਪੰਜਾਬ ਭਰ ਵਿਚ ਲੋਕ ਪੱਖੀ ਸਭਿਆਚਾਰ ਦੇ ਵਿਕਾਸ ਲਈ ਪੰਜਾਬ ਲੋਕ ਸਭਿਆਚਾਰ ਮੰਚ ਯਤਨਸ਼ੀਲ ਹੈ। ਲੋਕ ਪੱਖੀ ਕਲਾਕਾਰਾਂ ਨੂੰ ਜਥੇਬੰਦ ਕਰਨਾ ਜਿਥੇ ਇਸ ਮੰਚ ਦਾ ਨਿਸ਼ਾਨਾ ਹੈ, ਉਥੇ ਲੋਕ ਪੱਖੀ ਸਭਿਆਚਾਰਕ ਕਿਰਤਾਂ ਨੂੰ ਪਿੰਡਾਂ ਅਤੇ ਸ਼ਹਿਰਾਂ ਵਿਚ ਆਮ ਲੋਕ ਤਕ ਪੁਚਾਣਾ ਇਸ ਦਾ ਉਦੇਸ਼ ਹੈ। ਨਸਰਾਲੀ, ਮਹਿਲਗੈਲਾਂ ਅਤੇ ਜਲੰਧਰ ਦੇ ਵਡੇ ਸਮਾਗਮਾਂ ਤੋਂ ਬਾਅਦ ਪਲਸ ਮੰਚ ਵਲੋਂ 2 ਅਕਤੂਬਰ ਅਨੰਦਪੁਰ ਦੇ ਨੇੜੇ ਇਕ ਪਿੰਡ ਅਗੰਮਪੁਰ ਵਿਚ ਵਡੇ ਪੈਮਾਨੇ ਤੇ ਇਕ ਸਭਿਆਚਾਰਕ ਸਮਾਗਮ ਕੀਤਾ ਗਿਆ। ਸ਼ਿਵਾਲਕ ਪਹਾੜੀਆਂ ਦੀ ਗੋਦ ਵਿਚ ਹੋਏ ਇਸ ਸਮਾਗਮ ਦੀ ਵਿਸ਼ੇਸ਼ਤਾ ਸੀ ਕਿ ਜਿਥੇ ਦੁਪਹਿਰ ਦੇ ਸੈਸ਼ਨ ਵਿਚ ਗੁਰਬਖਸ਼ ਜੱਸ ਦੇ ਪੇਪਰ 'ਲਚਰ ਗੀਤਾਂ ਦਾ ਸਾਡੇ ਸਭਿਆਚਾਰ ਤੇ ਮਾਰੂ ਪ੍ਰਭਾਵ' ਉਤੇ ਬੜੀ ਗੰਭੀਰ ਬਹਿਸ ਹੋਈ ਅਤੇ ਹਾਕਮ ਜਮਾਤਾਂ ਦੀ ਵਡੀ ਸਾਜ਼ਿਸ਼ ਉਤੇ ਉਂਗਲੀ ਰਖੀ ਗਈ ਜੋ ਗੰਦੇ ਸਾਹਿਤ ਤੇ ਸਭਿਆਚਾਰ ਰਾਹੀਂ ਲੋਕ ਚੇਤਨਾ ਨੂੰ ਖੁੰਡਿਆ ਕਰਨਾ ਚਾਹੁੰਦੀਆਂ ਹਨ, ਉਥੇ ਰਾਤ ਦੇ ਸਮਾਗਮ ਵਿਚ ਜੋ ਨਾਟਕਾਂ ਅਤੇ ਗੀਤਾਂ ਦਾ ਸਭਿਆਚਾਰਕ ਪ੍ਰੋਗਰਾਮ ਕੀਤਾ ਗਿਆ, ਉਹ ਸਹੀ ਸ਼ਬਦਾਂ ਵਿਚ ਸੰਘਰਸ਼ ਕਰਦੇ ਲੋਕਾਂ ਦੇ ਜਜ਼ਬਾਤ ਦੀ ਤਰਜਮਾਨੀ ਕਰਦਾ ਸੀ। ਸੁਖਪਾਲ ਦੁਆਰਾ ਕੀਤੇ ਗਏ ਯੋਜੀਨ ਪੋਤੀਏ ਦੇ 'ਇੰਟਰਨੈਸ਼ਨਲ' ਗੀਤ ਦੇ ਬੋਲਾਂ ਵਿਚ 'ਲਹਿਰਾਂ ਬਣ ਉਠੋ ਭੁਖਾਂ ਦੇ ਲਿਤਾੜਿਓ, ਧਰਤੀ ਦਾ ਸਾਰਾ ਦੁੱਖ ਪੀਣ ਵਾਲਿਓ' ਜੋ ਅੰਮ੍ਰਿਤਸਰ ਨਾਟਕ ਕਲਾ ਕੇਂਦਰ ਦੇ ਕਲਾਕਾਰਾਂ ਵਲੋਂ ਪੇਸ਼ ਕੀਤਾ ਗਿਆ, ਮੇਹਨਤਕਸ਼ ਲੋਕਾਂ ਨੂੰ ਇਕ ਸਦਾ ਸੀ ਕਿ ਗਲੇ ਸੜੇ ਢਾਂਚੇ ਨੂੰ ਜੜਾਂ ਤੋਂ ਉਖਾੜ ਦਿਓ। ਲੋਕ ਕਲਾ ਮੰਚ ਲੁਧਿਆਨਾ ਦੇ ਕਲਾਕਾਰਾਂ ਵਲੋਂ ਪੇਸ਼ ਕੀਤੇ ਗਏ ਗੀਤ 'ਦਿਲੀ ਦੀਏ ਹਕੂਮਤੇ, ਲੋਕਾਂ ਦੀਏ ਵੈਰਨੇ, ਲੋਕ ਹੜ ਤੈਨੂੰ ਦਿਓ ਹੜਾ' ਆਪਣੀ ਹੀ ਕਿਸਮ ਦੀ ਇਕ ਸ਼ਕਤੀਸ਼ਾਲੀ ਵੰਗਾਰ ਸੀ। ਇਹ ਵੰਗਾਰ ਹੋਰ ਵੀ ਸਪੱਸ਼ਟ ਹੋ ਗਈ ਜਦੋਂ ਦਿਲੀ ਦੇ 'ਰਾਸ਼ਟਰੀਏ ਜਨਵਾਦੀ ਸਾਂਸਕ੍ਰਿਤਕ ਮੋਰਚਾ' ਦੇ ਕਲਾਕਾਰਾਂ ਨੇ ਬਰੈਖਤ ਦੇ ਉਸ ਗੀਤ ਦੇ ਬੋਲ ਉੱਚੇ ਕੀਤੇ 'ਜਿਸ ਥਾਲੀ ਮੇਂ ਰੋਟੀ ਨਹੀਂ, ਉਸ ਥਾਲੀ ਕੋ ਪਲਟ ਦੋ, ਜੋ ਸਰਕਾਰ ਤੁਮਾਹਰੀ ਨਹੀਂ, ਉਸ ਸਰਕਾਰ ਕੋ ਉਲਟ ਦੋ।' ਭਰੇ ਸਮਾਗਮ ਵਿਚ ਪਲਸ ਮੰਚ ਦੇ ਸਕੱਤ੍ਰ ਸੁਖਪਾਲ ਵਲੋਂ ਪਲਸ ਮੰਚ ਦੇ ਸੂਬਾ ਜਥੇਬੰਦਕ ਕਮੇਟੀ ਦੇ ਮੈਂਬਰ ਅਮੋਲਕ ਸਿੰਘ ਅਤੇ ਨਾਜ਼ਰ ਸਿੰਘ ਦੇ ਘਰ ਉਤੇ ਪੁਲਸ ਦੇ ਛਾਪੇ ਮਾਰੇ ਜਾਣ ਦੀ ਅਤੇ ਦਸੂਹਾ ਵਿਚ ਲੋਕ ਪੱਖੀ ਨਾਟਕਕਾਰ ਅਤੇ ਕਲਾਕਾਰ ਸੁਖਬੀਰ ਨਾਗਰਾ ਦੀ ਗਿਰਫਤਾਰੀ ਦੀ ਕਰੜੇ ਸ਼ਬਦਾਂ ਵਿਚ ਨਿਖੇਧੀ ਕੀਤੀ ਗਈ। ਇਕ ਰੈਜ਼ੂਲੇਸ਼ਨ ਦੁਆਰਾ ਸਰਕਾਰ ਨੂੰ ਚਿਤੌਣੀ ਦਿਤੀ ਗਈ ਕਿ ਇਹਨਾਂ ਲੋਕ ਪੱਖੀ ਕਲਾਕਾਰਾਂ ਤੇ ਹਮਲਾ ਮੰਚ ਤੇ ਹਮਲਾ ਸਮਝਿਆ ਜਾਏਗਾ। ਲੋਕ ਨਾਟਕ ਕਲਾ ਕੇਂਦਰ ਜਲੰਧਰ ਵਲੋਂ 'ਮੀਲ ਪੱਥਰ' ਅਤੇ ਅੰਮ੍ਰਿਤਸਰ ਨਾਟਕ ਕਲਾ ਕੇਂਦਰ ਵਲੋਂ 'ਸ਼ਹੀਦ ਦੀ ਵਾਪਸੀ' ਨਾਟਕ ਨੂੰ ਪੰਜ ਹਜ਼ਾਰ ਦੇ ਕਰੀਬ ਦਰਸ਼ਕਾਂ ਨੇ ਅੱਧੀ ਰਾਤ ਤਕ ਬੜੇ ਉਤਸ਼ਾਹ ਨਾਲ ਵੇਖਿਆ। ਗੰਦੇ ਸਭਿਆਚਾਰ ਦੇ ਵਿਰੁਧ ਅਕਾਸ਼ ਗੂੰਜਾਊ ਨਾਅਰਿਆਂ ਦੇ ਦਰਮਿਆਨ ਜਦੋਂ ਸਮਾਗਮ ਦਾ ਅੰਤ ਹੋਇਆ ਤਾਂ ਵਿਸ਼ਾਲ ਹਾਜ਼ਰੀ ਵਿਚ ਇਕਤ੍ਰ ਲੋਕਾਂ ਦੇ ਦਿਲਾਂ ਵਿਚ ਉਹ ਜਜ਼ਬਾ ਪੂਰੀ ਤਰ੍ਹਾਂ ਘਰ ਕਰ ਗਿਆ ਸੀ ਜਿਸਦਾ ਪ੍ਰਗਟਾਵਾ ਸਮਾਗਮ ਵਿਚ ਗਾਏ ਇਕ ਨੇਪਾਲੀ ਗੀਤ ਵਿਚ ਕੀਤਾ ਗਿਆ ਸੀ।

ਪਿੰਡ ਪਿੰਡ ਤੋਂ ਉਠੋ, ਸ਼ਹਿਰ ਸ਼ਹਿਰ ਤੋਂ ਉਠੋ ਜ਼ਾਲਮਾਂ ਨੇ ਹੈ ਘੇਰਾ ਪਾਇਆ, ਘੇਰਾ ਤੋੜਣ ਲਈ ਉਠੋ<br>
ਹੱਥ ਵਿਚ ਜਿਨ੍ਹਾਂ ਦੇ ਕਲਮ ਹੈ, ਕਲਮ ਲੈਕੇ ਉਠੋ ਹੱਥ ਵਿਚ ਜਿਨ੍ਹਾਂ ਦੇ ਤਲਵਾਰ ਹੈ, ਤਲਵਾਰ ਲੈਕੇ ਉਠੋ<br>
ਹੱਥ ਵਿਚ ਜਿਨ੍ਹਾਂ ਦੇ ਔਜ਼ਾਰ ਹੈ, ਔਜ਼ਾਰ ਲੈਕੇ ਉਠੋ ਕੋਲ ਜਿਨ੍ਹਾਂ ਦੇ ਕੁਝ ਵੀ ਨਹੀਂ, ਆਵਾਜ਼ ਲੈਕੇ ਉਠੋ

ਅਗੰਮਪੁਰ ਸਮਾਗਮ ਦੀ ਸਫਲਤਾ ਲਈ ਗੁਰਦਿਆਲ ਸਿੰਘ ਪ੍ਰਧਾਨ ਸਵਾਗਤੀ ਕਮੇਟੀ ਸੋਹਣ ਸਿੰਘ ਮੈਂਬਰ ਸੂਬਾ ਕਮੇਟੀ, ਜਸਵੰਤ ਸਿੰਘ ਤੇ ਹੋਰ ਮੈਂਬਰ ਵਧਾਈ ਦੇ ਹਕਦਾਰ ਹਨ, ਸਾਲ ਭਰ ਲਈ ਉਲੀਕੇ ਗਏ ਪ੍ਰੋਗਰਾਮ ਦੇ ਅਨੁਸਾਰ, ਪਲਸ ਮੰਚ ਵਲੋਂ ਅਗਲਾ ਸਮਾਗਮ ਨਵੰਬਰ ਦੇ ਮਹੀਨੇ ਸਮਰਾਲ ਦੇ ਇਲਾਕੇ ਵਿਚ ਹੋਣਾ ਤਹਿ ਪਾਇਆ ਹੈ।

ਸੁਖਪਾਲ, ਸੂਬਾ ਜਥੇਬੰਦਕ ਸਕੱਤ੍ਰ, ਪਲਸ ਮੰਚ

---

ਪੰਜਾਬ ਲੋਕ ਸਭਿਆਚਾਰ ਮੰਚ ਵਲੋਂ

## ਘੁੰਗਰਾਲੀ ਸਿਖਾਂ (ਨੇੜੇ ਸਮਰਾਲਾ) ਵਿਚ ਡਰਾਮੇ ਤੇ ਸਭਿਆਚਾਰਕ ਕਾਨਫਰੰਸ

28 ਨਵੰਬਰ ਐਤਵਾਰ ਨੂੰ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਹੋਵੇਗੀ।

ਦੁਪਹਿਰ 1 ਵਜੇ : ਪੇਪਰ 'ਪੰਜਾਬੀ ਸਭਿਆਚਾਰ ਅਤੇ ਬੁੱਧੀਜੀਵੀ' ਪ੍ਰੋ: ਹਮਦਰਦਵੀਰ ਨੌਸ਼ਹਿਰਵੀ<br>
2—5 ਵਜੇ ਸ਼ਾਮ : ਪੇਪਰ ਉਤੇ ਬਹਿਸ<br>
7—8 ਵਜੇ ਸ਼ਾਮ : ਜਨਵਾਦੀ ਕਵੀ ਦਰਬਾਰ ਅਤੇ ਗੀਤ ਸੰਗੀਤ<br>
8—11 ਵਜੇ ਰਾਤ : ਨਾਟਕ ਅਤੇ ਸਮੂਹਗਾਨ ਸਮਾਗਮ

ਰਾਤ ਦੇ ਪ੍ਰੋਗਰਾਮ ਦੀ ਵਿਸ਼ੇਸ਼ਤਾ ਹੈ ਕਿ ਇਹ ਪ੍ਰੋਗਰਾਮ ਵੱਖ ਵੱਖ ਨਾਟਕ ਗਰੁੱਪਾਂ ਵਲੋਂ ਨਹੀਂ ਸਗੋਂ ਮੰਚ ਦ ਵਿਸ਼ੇਸ਼ ਨਿਗਰਾਨੀ ਥਲੇ ਸਾਂਝੇ ਤੌਰ ਤੇ ਤਿਆਰ ਕੀਤਾ ਗਿਆ ਹੈ। ਸਮੂਹ ਲੋਕਾਂ ਨੂੰ ਖੁਲ੍ਹਾ ਸੱਦਾ ਹੈ।

ਵਲੋਂ : ਤਿਆਰੀ ਕਮੇਟੀ ਅਤੇ ਗੁਰਸ਼ਰਨ ਸਿੰਘ ਅਤੇ ਸੁਖਪਾਲ ਸਿੰਘ<br>
ਪਲਸ ਮੰਚ ਸਮਰਾਲਾ ਸਮਾਗਮ — ਪ੍ਰਧਾਨ ਅਤੇ ਸਕੱਤ੍ਰ ਪਲਸ ਸੂਬਾ ਜਥੇਬੰਦਕ ਕਮੇਟੀ

ਹਿੰਦੀ ਕਹਾਣੀ :

# ਛੁੱਟੀ ਦਾ ਦਿਨ

ਰਾਕੇਸ਼ ਵਤਸ

ਪੰਜਾਬੀ ਰੂਪ : ਅਮਰਜੀਤ ਸ਼ਰਮਾ

"ਮੂੰਗਫ਼ੀ ਦੀ ਰੇੜੀ ਔਹ ਆ।" ਊਂਘ ਰਹੇ ਬੱਚੇ ਨੂੰ ਦੂਸਰੇ ਮੋਢੇ ਤੇ ਬਦਲਦੀ ਹੋਈ ਔਰਤ ਦੀ ਅਵਾਜ਼ ਉਤਰੀ।

ਤਿੰਨ ਬੱਚਿਆਂ ਨਾਲ ਚੱਲ ਰਹੇ ਆਦਮੀ ਨੇ ਔਰਤ ਵੱਲ ਇਸ ਢੰਗ ਨਾਲ ਘੂਰਿਆ ਜਿਵੇਂ ਪੁੱਛ ਰਿਹਾ ਹੋਵੇ—ਕਿੱਥੇ ?

ਔਰਤ ਨੇ ਠੋਡੀ ਹਿਲਾ ਕੇ ਰੇੜ੍ਹੀ ਵਲ ਇਸ਼ਾਰਾ ਕਰ ਦਿੱਤਾ।

ਆਦਮੀ ਦਾ ਮੂੰਹ ਰੇੜ੍ਹੀ ਵਲ ਨੂੰ ਹੋਇਆ ਤਾਂ ਔਰਤ ਦੇ ਨਾਲ ਤਿੰਨਾਂ ਬੱਚਿਆਂ ਦੇ ਪੈਰ ਵੀ ਰੁਕ ਗਏ। ਚਿਹਰਿਆਂ ਤੇ ਉਮੀਦ ਝਲਕੀ ਕਿ ਆਦਮੀ ਰੇੜ੍ਹੀ ਵਲ ਨੂੰ ਜਾਵੇਗਾ।

ਆਦਮੀ ਰੇੜ੍ਹੀ ਤੋਂ ਨਜ਼ਰ ਹਟਾ ਕੇ ਮੂੰਗਫਲੀ ਵੇਚਣ ਵਾਲੇ ਦੇ ਮੂੰਹ ਵੱਲ ਦੇਖਣ ਲੱਗਾ, ਜਿਹੜਾ ਕੜਕਦੀ ਧੁੱਪ ਵਿਚ ਵਿਤਲ੍ਹੇ ਹੋਏ ਬਤਾਊਂ ਵਰਗਾ ਲੱਗ ਰਿਹਾ ਸੀ! ਉਸ ਦਾ ਮੂੰਹ ਬੱਕ ਬਕਾ ਜਿਹਾ ਹੋ ਗਿਆ ਤੇ ਥੁੱਕ ਕੇ ਬੋਲਿਆ, "ਮੂੰਫਲੀ ਦਾ ਤੇਲ ਹੀ ਖਾਂਦੇ ਹੋ ਸਵੇਰੇ-ਸ਼ਾਮ। ਜ਼ਿਆਦਾ ਮੂੰਫਲੀ ਖਾਣ ਨਾਲ ਨੁਕਸਾਨ ਹੁੰਦਾ ਹੈ। ਚਲੋ, ਅੱਗੇ ਤੁਰੋ ਅੱਗੇ।"

ਪੰਜ ਮੈਂਬਰਾਂ ਦਾ ਪਰਿਵਾਰ ਅੱਗੇ ਨੂੰ ਚੱਲ ਪਿਆ ਅਤੇ ਆਪਣੀ ਔਕਾਤ ਨਾਲੋਂ ਕਈ ਗੁਣਾਂ ਜ਼ਿਆਦਾ ਭਾਰ ਲੱਦ ਕੇ, ਇਕ ਦਰਦਨਾਕ ਜਿਹੇ ਸੰਗੀਤ ਨਾਲ ਰੀਂਗਦੀ ਰੋਈ ਮੱਝ-ਗੱਡੀ ਵਾਂਗ, ਬਾਜ਼ਾਰ ਦੇ ਰੌਲੇ ਰੱਪੇ ਵਿਚ ਰੀਂਗਣ ਲੱਗਾ।

ਬਜ਼ਾਰ ਹਾਲੇ ਸ਼ੁਰੂ ਹੀ ਹੋਇਆ ਸੀ, ਇਸ ਲਈ ਬਹੁਤ ਸੱਜ-ਧੱਜ ਨਹੀਂ ਸੀ। ਪਰੰਤੂ ਬੱਚੇ ਇਸੇ ਨੂੰ ਹੀ ਬੜੀ ਹੈਰਾਨੀ ਨਾਲ ਤੱਕ ਰਹੇ ਸਨ। ਕੱਪੜੇ, ਕਰਿਆਨੇ, ਪੰਸਾਰੀ ਅਤੇ ਬਿਜਲੀ ਦੇ ਸਮਾਨ ਦੀਆਂ ਦੁਕਾਨਾਂ। ਫੇਰ ਕਈ ਤਰ੍ਹਾਂ ਦੇ ਭਾਂਡਿਆਂ ਦੀਆਂ ਦੁਕਾਨਾਂ।

ਤੁਰਦਿਆਂ ਤੁਰਦਿਆਂ ਇਕ ਸਿਪਾਹੀ ਵਾਲਾ ਭੀੜ-ਭਰਿਆ ਚੌਂਕ ਆ ਗਿਆ ਤਾਂ ਔਰਤ ਘਬਰਾ ਕੇ ਤਿੰਨ ਬੱਚਿਆਂ ਸਮੇਤ ਰੁਕ ਗਈ। ਚੌਂਕ ਦੇ ਕੰਢੇ ਆਈਸਕ੍ਰੀਮ ਦੀ ਰੇੜ੍ਹੀ ਖੜੀ ਸੀ। ਕੱਟੇ ਹੋਏ ਵਾਲਾਂ ਵਾਲੀ ਇਕ ਗੋਲ-ਮਟੋਲ ਕੁੜੀ ਨੇ ਪੈਸੇ ਦੇ ਕੇ ਆਈਸ ਕ੍ਰੀਮ ਖਰੀਦੀ ਤੇ ਚੂਸਣ ਲੱਗ ਪਈ। ਵੱਡੀ ਲੜਕੀ ਦੀ ਨਜ਼ਰ ਉਸ ਤੇ ਜਾ ਪਈ। ਮੂੰਹ ਵਿਚ ਪਾਣੀ ਅੰਦਰ ਲੰਘਾ ਕੇ ਮਾਂ ਤੋਂ ਪੁੱਛਿਆ, "ਅੰਮਾਂ ਇਹ ਕੀ ਆ ?"

"ਆਸੀਮਕ੍ਰੀਮ।" ਜਵਾਬ ਦੇ ਕੇ ਮਾਂ ਵੀ ਆਈਸ ਕ੍ਰੀਮ ਚੂਸਦੀ ਹੋਈ ਕੁੜੀ ਨੂੰ ਦੇਖਣ ਲੱਗੀ।

"ਅੰਮਾਂ, ਤੂੰ ਕਦੀ ਆਈਸ ਕ੍ਰੀਮ ਖਾਧੀ ?" ਲੜਕੀ ਤੋਂ ਛੋਟੇ ਲੜਕੇ ਨੇ ਮਾਂ ਨੂੰ ਪੁੱਛਿਆ।

ਪਹਿਲਾਂ ਤਾਂ ਔਰਤ ਦੀ ਸਮਝ 'ਚ ਨਹੀਂ ਆਇਆ ਕੀ ਜਵਾਬ ਦੇਵੇ, ਫੇਰ ਕੁਝ ਸੋਚ ਕੇ ਬੋਲੀ, "ਬਹੁਤ !"

"ਬਹੁਤ ?" ਲੜਕੇ ਤੋਂ ਛੋਟੀ ਲੜਕੀ ਨੂੰ ਵਿਸ਼ਵਾਸ ਨਹੀਂ ਆਇਆ।

"ਤੇਰਾ ਮਾਮਾ ਬਰਫ਼ ਦੇ ਗੋਲੇ ਵੇਚਣ ਦਾ ਕੰਮ ਕਰਦਾ ਸੀ ਨਾ! ਸਮਝੀ ?"

ਲੜਕੀ ਨੇ ਇਉਂ ਸਿਰ ਹਿਲਾਇਆ, ਜਿਵੇਂ ਸਮਝ ਗਈ ਹੋਵੇ।

ਮਾਂ ਨੂੰ ਖੜ੍ਹ ਗਈ ਸਮਝ ਕੇ ਕੁੱਛੜ ਚੁੱਕਿਆ ਬੱਚਾ ਵੀ ਸੁਚੇਤ ਹੋ ਗਿਆ ਅਤੇ ਮੋਢੇ ਤੋਂ ਸਿਰ ਚੁੱਕ ਕੇ ਆਈਸ ਕ੍ਰੀਮ ਚੂਸਦੀ ਹੋਈ ਕੁੜੀ ਵੱਲ ਦੇਖਣ ਲੱਗਾ।

ਛੋਟੇ ਨੂੰ ਏਸ ਤਰ੍ਹਾਂ ਤੱਕਦਿਆਂ ਮਾਂ ਨੇ ਕੁੜੀ ਵੱਲ ਨੂੰ ਪਿੱਠ ਕਰ ਲਈ। ਪਰ ਛੋਟਾ ਗਰਦਨ ਮੋੜ ਕੇ ਫੇਰ ਉਸ ਨੂੰ ਦੇਖਣ ਲੱਗਾ। ਮਾਂ ਉਸ ਦਾ ਸਿਰ ਮੋਢੇ ਨਾਲ ਲਾ ਕੇ ਹੱਥ ਨਾਲ ਥੱਪ-ਥਪਾਉਣ ਲੱਗੀ। ਛੋਟੇ ਨੂੰ ਇਹ ਮਨਜ਼ੂਰ ਨਹੀਂ ਹੋਇਆ। ਉਹ ਬੱਲਿਉਂ ਦੀ ਸਿਰ ਕੱਢ ਕੇ ਫੇਰ ਝਾਕਣ ਲੱਗਾ।

ਉਸ ਵਕਤ ਆਈਸ ਕ੍ਰੀਮ ਵਾਲੇ ਨੇ ਹੋਕਾ—ਦਿੱਤਾ—'ਠੰਡੀ-ਠਾਰ, ਗਰਮੀ ਦੀ ਬਹਾਰ, ਖੋਏ ਮਲ੍ਹਾਏ ਆਲ੍ਹੀ, ਆ ਜਾਓ ਚਾਰ ਆਨੇ, ਅੱਠ ਆਨੇ, ਇਕ ਰੁਪਈਆ...

ਆਦਮੀ, ਜੋ ਆਪਣੀ ਲਗਨ ਵਿਚ ਤੁਰਦਾ ਹੋਇਆ ਕਾਫੀ ਅੱਗੇ ਨਿਕਲ ਗਿਆ ਸੀ, ਹੋਕੇ ਦੀ ਤਿੱਖੀ ਅਵਾਜ਼ ਸੁਣ ਕੇ ਪਿੱਛੇ ਮੁੜਿਆ ਅਤੇ ਪਰਿਵਾਰ ਦੇ ਕੋਲ ਆ ਕੇ ਬੋਲਿਆ, "ਕੀ ਗੱਲ ਹੈ ?"

ਆਦਮੀ ਦਾ ਸਵਾਲ ਸੁਣ ਕੇ ਤਿੰਨੇ ਬੱਚੇ ਮੂੰਹ ਚੁੱਕ ਕੇ ਆਪਣੀ ਮਾਂ ਵੱਲ ਦੇਖਣ ਲੱਗੇ।

ਮਾਂ ਨੇ ਪਹਿਲਾਂ ਤਾਂ ਬੱਚਿਆਂ ਦੀਆਂ ਲਲਚਾਈਆਂ ਹੋਈਆਂ ਅੱਖਾਂ ਵੱਲ ਦੇਖਿਆ, ਫੇਰ ਆਦਮੀ ਦੀ ਸੇਫਟੀ ਪਿੰਨ ਨਾਲ ਸਿਉਂਤੀ ਹੋਈ ਜੇਬ ਵੱਲ, ਫੇਰ ਕੁੱਛੜ ਚੁੱਕੇ ਬੱਚੇ ਦੀ ਗੱਲ੍ਹ ਥਪ-ਥਪਾ ਕੇ ਬੋਲੀ, "ਏਸ ਨਿੱਕੇ ਨੂੰ ਤੇਹ ਲੱਗੀ ਆ!"

ਮਾਂ ਦਾ ਜਵਾਬ ਸੁਣ ਕੇ ਬੱਚਿਆਂ ਦੇ ਚਿਹਰੇ ਮੁਰਝਾ ਗਏ ਤੇ ਉਹ ਆਈਸ ਕ੍ਰੀਮ ਖਤਮ ਕਰ ਰਹੀ

ਕੁੜੀ ਨੂੰ ਘੂਰਨ ਲੱਗੇ।

"ਬਸ ਏਸ ਚੌਂਕ ਤੋਂ ਥੋੜਾ ਜਿਹਾ ਅੱਗੇ ਜਾ ਕੇ ਨਲ੍ਕਾ ਹੈ, ਸਾਰੇ ਉੱਥੇ ਜਾ ਕੇ ਪਾਣੀ ਪੀਵਾਂਗੇ।" ਆਖ ਕੇ ਆਦਮੀ ਅੱਗੇ-ਅੱਗੇ ਸਰਕਣ ਲੱਗਾ ਅਤੇ ਬਾਕੀ ਪਰਿਵਾਰ ਪਿੱਛੇ-ਪਿੱਛੇ।

ਹੁਣ ਔਰਤ ਦੇ ਦਿਮਾਗ ਵਿਚ ਆਪਣਾ ਬਚਪਨ ਘੁੰਮ ਰਿਹਾ ਸੀ। ਕਦਮ-ਕਦਮ ਤੇ ਰੋਕ-ਟੋਕ ਤੇ ਉਪਦੇਸ਼ ਨਾਲ ਭਰਿਆ ਬਚਪਨ। ਉਨ੍ਹਾਂ ਦਿਨਾਂ 'ਚ ਉਹ ਮੁਫ਼ਤ ਪੜ੍ਹਾਉਣ ਵਾਲੇ ਨਗਰ-ਪਾਲਿਕਾ ਵਿਚ ਪੜ੍ਹਦੀ ਸੀ। ਅੱਧੀ ਛੁੱਟੀ ਵੇਲੇ ਖਾਂਦੇ-ਪੀਂਦੇ ਘਰਾਂ ਦੇ ਬੱਚੇ ਜੇਬਾਂ ਵਿਚੋਂ ਪੈਸੇ ਕੱਢ ਕੇ ਸਕੂਲ ਦੇ ਸਾਹਮਣੇ ਖੜੀਆਂ ਰੇੜ੍ਹੀਆਂ ਤੇ ਟੁੱਟ ਪੈਂਦੇ ਸਨ। ਗਰੀਬ ਘਰਾਂ ਦੇ ਬੱਚੇ ਦਰੱਖਤ ਦੇ ਹੇਠ ਖੜ ਕੇ ਉਨ੍ਹਾਂ ਨੂੰ ਖਾਂਦਿਆਂ ਦੇਖਦੇ ਰਹਿੰਦੇ ਸਨ। ਉਹ ਵੀ ਉਨ੍ਹਾਂ ਦੇਖਣ ਵਾਲਿਆਂ ਵਿਚ ਹੁੰਦੀ ਸੀ। ਜੇ ਕਦੀ ਖਰਚਣ ਲਈ ਮਾਂ ਕੋਲੋਂ ਪੈਸੇ ਮੰਗਣ ਦੀ ਹਿੰਮਤ ਕਰਦੀ ਤਾਂ ਮਾਂ ਇਹ ਕਹਿ ਕੇ ਟਾਲ ਦੇਂਦੀ ਸੀ, "ਚੰਗੀਆਂ ਕੁੜੀਆਂ ਸ਼ਾਦੀ ਤੋਂ ਪਹਿਲਾਂ ਰੇੜੀਆਂ ਤੋਂ ਚੀਜ਼ਾਂ ਨਹੀਂ ਖਾਂਦੀਆਂ ਹੁੰਦੀਆਂ।" ਰਾਤ ਨੂੰ ਵੱਡਾ ਭਰਾ ਬਰਫ ਦੇ ਗੋਲਿਆਂ ਦੀ ਰੇੜ੍ਹੀ ਲਾ ਕੇ ਆਉਂਦਾ ਤਾਂ ਬਰਫ ਖਤਮ ਹੋ ਚੁੱਕੀ ਹੁੰਦੀ ਸੀ ਜਾਂ ਇੰਨੀ ਕੁ ਬਚੀ ਹੁੰਦੀ ਸੀ, ਜਿਸ ਦੇ ਨਾਲ ਗਵਾਂਢ ਵਿਚ ਰਹਿੰਦੇ ਸਿਪਾਹੀ ਰਾਮਦਾਸ ਨੂੰ ਠੰਡਾ ਕਰਕੇ ਚਲਾਨਾਂ ਵਿਚ ਹੋਣ ਵਾਲੀ ਸਖਤੀ ਨੂੰ ਨਰਮ ਕਰਵਾ ਸਕੇ। ਇਸ ਤਰ੍ਹਾਂ ਉਸ ਨੇ ਵਿਆਹ ਤੋਂ ਪਹਿਲਾਂ ਦਾ ਸਮਾਂ ਏਸ ਉਮੀਦ ਵਿਚ ਗੁਜ਼ਾਰ ਦਿਤਾ ਕਿ ਬਚਪਨ ਦੀਆਂ ਕਮੀਆਂ ਨੂੰ ਵਿਆਹ ਤੋਂ ਬਾਅਦ ਪੂਰਾ ਕਰ ਲਵੇਗੀ। ਪਰ ਉਸ ਨੂੰ ਕੀ ਪਤਾ ਸੀ ਉਸ ਦਾ ਪਤੀ ਕਪੜੇ ਦੀ ਮਿੱਲ ਵਿਚ ਬੋਰੇ ਤੇ ਪੇਟੀਆਂ ਢੋਣ ਵਾਲਾ ਮਜ਼ਦੂਰ ਹੋਵੇਗਾ, ਜਿਸ ਦੀ ਥੋੜੀ ਜਿਹੀ ਤਨਖਾਹ ਨਾਲ ਘਰ ਦਾ ਖਰਚ ਚਲਾਉਣਾ ਵੀ ਔਖਾ ਹੋ ਜਾਵੇਗਾ।

ਸੰਯੋਗ ਦੀ ਗੱਲ ਕਿ ਆਦਮੀ ਵੀ ਉਸ ਸਮੇਂ ਆਪਣੇ ਅਤੀਤ ਨਾਲ ਉਲਝ ਰਿਹਾ ਸੀ। ਉਸਦੇ ਸਾਹਮਣੇ ਸੀ ਕਿ ਉਹ ਬਾਪੂ ਨਾਲ ਸ਼ਹਿਰ ਨੂੰ ਜਾਂਦੀ ਹੋਈ ਸੜਕ ਦੇ ਕੰਢਿਆਂ ਦੀ ਖੁਰਨ ਭਰਨ ਵਿਚ ਲੱਗਾ ਹੋਇਆ ਹੈ। ਬਾਪੂ ਖਤਾਨ ਵਿਚੋਂ ਮਿੱਟੀ ਪੁੱਟ ਕੇ ਟੋਕਰੀਆਂ ਵਿਚ ਭਰ ਰਿਹਾ ਹੈ, ਉਹ ਤੇ ਉਹਦੀ ਮਾਂ ਚੁੱਕ ਚੁੱਕ ਕੇ ਸੜਕ ਦੇ ਕੰਢੇ ਸੁੱਟ ਰਹੇ ਹਨ। ਸੜਕ ਦੇ ਕੰਢੇ ਬੋਹੜ ਦੇ ਦਰੱਖਤ ਹੇਠਾਂ ਖਰਬੂਜ਼ਿਆਂ ਦਾ ਢੇਰ ਲਗਾ ਹੋਇਆ ਹੈ। ਉਹ ਤੇ ਉਹਦੀ ਮਾਂ ਚੜ੍ਹਾਈ ਚੜ੍ਹਦੇ ਤੇ ਉਤਰਦੇ ਵਕਤ ਢੇਰ ਨੂੰ ਵੇਖ ਲੈਂਦੇ ਹਨ ਅਤੇ ਮੂੰਹ 'ਚ ਪਾਣੀ ਅੰਦਰ ਲੰਘਾ ਲੈਂਦੇ ਹਨ।

ਅਚਾਨਕ ਇਕ ਸ਼ਾਮ ਉਸ ਨੂੰ ਝਾੜੀ ਵਿਚ ਪਿਆ ਖ਼ਰਬੂਜਾ ਦਿਸਿਆ। ਪਹਿਲਾਂ ਤਾਂ ਉਸ ਨੂੰ ਯਕੀਨ ਨਹੀਂ ਆਇਆ ਕਿ ਇਹ ਖਰਬੂਜ਼ਾ ਹੀ ਹੈ, ਕਿਉਂਕਿ ਖਰਬੂਜ਼ਿਆਂ ਵਾਲਾ ਉਸ ਨੂੰ ਇਹੋ ਜਿਹੀ ਭੁੱਲ ਕਰਨ ਵਾਲਾ ਨਹੀਂ ਜਾਪਦਾ ਸੀ। ਪੂਰਾ ਸ਼ੈਤਾਨ ਦੀ ਟੂਟੀ ਸੀ। ਖਰਬੂਜ਼ੇ ਖਰੀਦਣ ਤੋਂ ਬਾਅਦ, ਜਦੋਂ ਖੇਤ ਵਾਲਾ ਘਰ ਚਲਾ ਜਾਂਦਾ ਸੀ ਤਾਂ ਉਹ ਖਰਬੂਜ਼ੇ ਤੋੜ ਕੇ ਇਉਂ ਢੇਰ ਵਿਚ ਮਿਲਾ ਲੈਂਦਾ ਸੀ, ਜਿਵੇਂ ਖੇਤ ਉਸਦੇ ਪਿਉ ਦਾ ਹੋਵੇ। ਸ਼ਾਇਦ ਇਹ ਖਰਬੂਜ਼ਾ ਉਸਦੀ ਚੋਰ ਹਰਕਤ ਕਾਰਨ ਝਾੜੀ ਵਿਚ ਡਿਗਿਆ ਰਹਿ ਗਿਆ ਸੀ।

ਕਾਫੀ ਸੋਚਣ ਤੋਂ ਬਾਅਦ ਉਸ ਨੇ ਮਾਂ ਨੂੰ ਅਵਾਜ਼ ਮਾਰੀ ਸੀ, ਮਾਂ ਜ਼ਰਾ ਕੁ ਏਧਰ ਤਾਂ ਆਈਂ।

ਮਾਂ ਜਦੋਂ ਕੋਲ ਆਈ ਤਾਂ ਖਰਬੂਜ਼ਾ ਦੇਖ ਕੇ ਉਹ ਵੀ ਹੈਰਾਨ ਹੋ ਗਈ ਸੀ। ਪਰ ਉਸਦੀ ਵੀ ਹਿੰਮਤ ਨਹੀਂ ਹੋਈ ਸੀ ਕਿ ਖਰਬੂਜ਼ਾ ਚੁੱਕ ਕੇ ਆਪਣੇ ਪਤੀ ਕੋਲ ਲੈ ਜਾਵੇ। ਅਖੀਰ ਉਸ ਨੇ ਵੀ ਕੁਝ ਸੋਚ ਕੇ ਆਪਣੇ ਪਤੀ ਨੂੰ ਅਵਾਜ਼ ਮਾਰੀ ਸੀ, "ਮੈਂ ਕਿਹਾ, ਜ਼ਰਾ ਏਧਰ ਤਾਂ ਆਉਣਾ।"

ਉਸ ਦਾ ਪਤੀ ਹੱਥ ਮੂੰਹ ਧੋਣਾ ਵਿਚਾਲੇ ਛੱਡ ਕੇ ਆ ਗਿਆ ਸੀ ਅਤੇ ਮਾਂ-ਪੁੱਤ ਨੂੰ ਆਪਣੇ ਵਲ ਘੂਰਦਿਆਂ ਦੇਖ ਕੇ ਬੋਲਿਆ ਸੀ, "ਕੀ ਗੱਲ ਹੈ?"

ਪਤਨੀ ਦੇ ਇਸ਼ਾਰਾ ਕਰਨ ਤੇ ਜਦੋਂ ਉਸਦੀ ਨਜ਼ਰ ਖਰਬੂਜ਼ੇ ਤੇ ਪਈ ਤਾਂ ਉਹ ਵੀ ਸਕਤੇ ਵਿਚ ਆ ਗਿਆ ਸੀ। ਗਰੀਬੀ ਦੇ ਖੇਤ ਵਿਚ ਉੱਗਿਆ ਇਮਾਨਦਾਰੀ ਤੇ ਅਸੁਰੱਖਿਆ ਕਾਰਨ ਉਸ ਦੇ ਅੱਗੇ ਆ ਗਿਆ ਸੀ। ਉਹ ਕਾਫੀ ਦੇਰ ਤਕ ਗੁੰਮ-ਸੁੰਮ ਖੜਾ ਕਦੀ ਤੰਬੂਆਂ ਵਿਚ ਜਾਣ ਦੀ ਤਿਆਰੀ ਕਰ ਰਹੇ ਮਜ਼ਦੂਰਾਂ ਨੂੰ, ਤੇ ਕਦੀ ਖਰਬੂਜ਼ੇ ਨੂੰ ਦੇਖਦਾ ਰਿਹਾ ਸੀ। ਏਨੇ ਚਿਰ ਨੂੰ ਛੋਟੇ ਠੇਕੇਦਾਰ ਦੀ ਨਜ਼ਰ ਉਨ੍ਹਾਂ ਤੇ ਪੈ ਗਈ ਸੀ ਅਤੇ ਬੜੀ ਉਤਸੁਕਤਾ ਨਾਲ ਉਨ੍ਹਾਂ ਕੋਲ ਆ ਗਿਆ ਸੀ, "ਕੀ ਦੇਖਦੇ ਹੋ, ਕੀ ਕੋਈ ਜਾਨਵਰ-ਜੂਨਵਰ ਹੈ?" ਲੇਕਿਨ ਜਾਨਵਰ ਦੀ ਥਾਂ ਖਰਬੂਜ਼ਾ ਪਿਆ ਦੇਖ ਕੇ, ਬਿਨਾਂ ਕਿਸੇ ਹਿਚਕ ਦੇ ਅੱਗੇ ਵਧਿਆ ਸੀ ਤੇ ਖਰਬੂਜ਼ਾ ਚੁੱਕ ਕੇ ਚਲਦਾ ਬਣਿਆ ਸੀ। ਜਾਂਦਾ ਜਾਂਦਾ ਬੋਲ ਵੀ ਗਿਆ ਸੀ, "ਇਹ ਖਰਬੂਜ਼ਿਆਂ ਆਲ੍ਹਾ ਵੀ ਸਾਲ੍ਹਾ ਚੋਰ ਅਤੇ ਮੂਰਖ ਹੈ, ਝਾੜੀਆਂ ਵਿਚ ਖਰਬੂਜ਼ੇ ਲਕੋ ਜਾਂਦਾ ਹੈ।"

o

ਬਜ਼ਾਰ ਦੇ ਕੰਢੇ ਇਕ ਗਲੀ ਦੇ ਮੋੜ ਤੇ ਨਲਕੇ ਤੋਂ ਸਾਰੇ ਪਰਿਵਾਰ ਨੇ ਢਿੱਡ ਭਰ ਕੇ ਪਾਣੀ ਪੀਤਾ। ਔਰਤ ਪਾਣੀ ਪੀ ਕੇ ਥੋੜਾ ਜਿਹਾ ਆਰਾਮ ਕਰਨਾ

ਚਾਹੁੰਦੀ ਸੀ। ਪਿੰਡ ਤੋਂ ਲੈ ਕੇ ਸ਼ਹਿਰ ਤਕ ਨਿਆ-ਣਿਆਂ ਨੂੰ ਢੋਂਦੇ ਢੋਂਦੇ ਉਹ ਕਾਫੀ ਥੱਕ ਚੁੱਕੀ ਸੀ। ਬੱਚੇ ਵੀ ਇਕ ਪਾਸੇ ਬੈਠ ਕੇ ਬਜ਼ਾਰ ਦਾ ਅਨੰਦ ਮਾਨਣਾ ਚਾਹੁੰਦੇ ਸਨ। ਪਰ ਆਦਮੀ ਨੂੰ ਇਹ ਮਨਜ਼ੂਰ ਨਹੀਂ ਸੀ। ਉਸ ਨੂੰ ਡਰ ਸੀ ਕਿ ਮੁੜਦੇ ਸਮੇਂ ਕੁਵੇਲਾ ਨਾ ਹੋ ਜਾਵੇ। ਚਾਰੇ ਪਾਸੇ ਗੁੰਡਿਆਂ ਤੇ ਚੋਰਾਂ ਦਾ ਸਾਮਰਾਜ ਹੈ, ਕੋਈ ਉਨ੍ਹਾਂ ਨੂੰ ਲੁੱਟ ਹੀ ਨਾ ਲਏ। ਆਖਿਰ ਗੱਲ ਤਾਂ ਆਦਮੀ ਦੀ ਹੀ ਮੰਨੀ ਜਾਣੀ ਸੀ। ਸਾਰਾ ਪਰਿਵਾਰ ਫੇਰ ਸਰਕਣ ਲੱਗਾ।

ਥੋੜੀ ਦੂਰ ਜਾ ਕੇ ਬਹੁਤ ਹੀ ਭੀੜ-ਭੜੱਕੇ ਵਾਲਾ ਬਜ਼ਾਰ ਆ ਗਿਆ। ਭੀੜ ਤੋਂ ਡਰ ਕੇ ਮਾਂ ਨੇ ਛੋਟੀ ਲੜਕੀ ਦਾ ਹਥ ਫੜ ਲਿਆ ਅਤੇ ਬਾਪ ਨੇ ਲੜਕੇ ਦਾ। ਵੱਡੀ ਲੜਕੀ ਆਪਣੀ ਮਾਂ ਦੇ ਨਾਲ ਨਾਲ ਚਲਣ ਲਗੀ। ਕਾਫੀ ਧਕਮ-ਧੱਕੇ ਤੋਂ ਬਾਅਦ ਉਹ ਬਜ਼ਾਰ ਖ਼ਤਮ ਹੋਇਆ। ਫੇਰ ਉਸੇ ਤਰ੍ਹਾਂ ਦਾ ਬਜ਼ਾਰ ਆ ਗਿਆ ਜਿਹੋ ਜਿਹਾ ਮੂੰਗਫਲੀ ਦੀ ਰੇੜ੍ਹੀ ਵਾਲਾ ਬਜ਼ਾਰ ਸੀ।

ਹੁਣ ਆਦਮੀ ਨੇ ਔਰਤ ਨੂੰ ਪੁੱਛਿਆ, "ਤੂੰ ਸ਼ਹਿਰੋਂ ਕੁਝ ਖਰੀਦਣਾ ਚਾਹੁੰਦੀ ਸੀ?"

ਔਰਤ ਨੇ ਦਿਮਾਗ਼ ਤੇ ਜ਼ੋਰ ਪਾ ਕੇ ਕੁੱਝ ਦੇਰ ਸੋਚ ਕੇ ਝਿਜਕਦਿਆਂ ਹੋਇਆਂ ਕਿਹਾ, "ਮੇਰੀ ਧੋਤੀ ਸਾਰੀ ਹੀ ਫਟ ਗਈ ਹੈ।"

ਆਦਮੀ ਨੇ ਦੇਖਿਆ, ਧੋਤੀ ਸੱਚ-ਮੁੱਚ ਹੀ ਆਖਰੀ ਸਾਹਾਂ ਤੇ ਸੀ। ਉਸਨੇ ਸਹਿਮਤੀ ਪ੍ਰਗਟਾਉਂਦਿਆਂ ਕਿਹਾ, "ਹਾਂ-ਹਾਂ ਤੈਨੂੰ ਧੋਤੀ ਖਰੀਦ ਲੈਣੀ ਚਾਹੀਦੀ ਹੈ। ਕਿੰਨੇ ਕੁ ਦੀ ਆ ਜਾਵੇਗੀ?"

"ਕਿਸੇ ਛੋਟੀ ਜਿਹੀ ਦੁਕਾਨ ਤੋਂ ਸਸਤੀ ਜਿਹੀ ਲੈ ਦੇਵੋ।"

ਪਤਨੀ ਨੇ ਵਿਅੰਗ ਕੀਤਾ ਹੈ ਜਾਂ ਸਲਾਹ ਦਿਤੀ ਹੈ, ਆਦਮੀ ਦੀ ਸਮਝ ਵਿਚ ਨਹੀਂ ਆਇਆ। ਇਕ ਪਲ ਲਈ ਉਸਦਾ ਚਿਹਰਾ ਬੁਝਿਆ, ਲੇਕਿਨ ਤੁਰੰਤ ਹੀ ਖਿੜ ਪਿਆ। ਉਸ ਦਾ ਸੱਜਾ ਹੱਥ ਪਤਨੀ ਦੇ ਮੋਢੇ ਸੁੱਤੇ ਹੋਏ ਬੱਚੇ ਦੀ ਗੁਲਾਬੀ ਗੱਲ੍ਹ ਤੇ ਚਲਾ ਗਿਆ, "ਨਹੀਂ-ਨਹੀਂ, ਸਸਤੀ ਕਾਹਤੋਂ ਲਵਾਂਗੇ!"

"ਤੁਹਾਡੇ ਕਾਰਖਾਨੇ ਵਿੱਚ ਮਹਿੰਗੇ ਕੱਪੜਿਆਂ ਦੇ ਨਾਲ ਥੋੜੀਆਂ ਜਿਹੀਆਂ ਸਸਤੀਆਂ ਧੋਤੀਆਂ ਵੀ ਬਣਦੀਆਂ ਹੁੰਦੀਆਂ, ਤਾਂ ਫੇਰ ਕੋਈ ਚਿੰਤਾ ਨਾ ਹੁੰਦੀ।"

"ਫੇਰ ਤਾਂ ਗੱਲ ਹੀ ਕਿਹੜੀ ਸੀ, ਤੇਰੇ ਲਈ ਛਾਂਟ ਕੇ ਧੋਤੀ ਲਿਆਉਂਦਾ ਪੂਰੀ ਲਾਟ 'ਚੋਂ। ਲੇਕਿਨ ਕਾਰਖਾਨੇ ਵਿੱਚ ਤਾਂ ਸਿਰਫ ਪਲਸਟਰ ਤੇ ਟਾਰੀਕਾਟ ਹੀ ਹੀ ਬਣਦੇ ਹਨ। ਅਮੀਰ ਲੋਕਾਂ ਦਾ ਕਾਰਖਾਨਾ ਜੁ ਹੋਇਆ!"

"ਤੇ ਕੀ ਪਲਸਟਰ ਦੀ ਧੋਤੀ ਨਹੀਂ ਬਣ ਸਕਦੀ?"

"ਪਲਸਟਰ ਦੀ ਧੋਤੀ?" ਆਦਮੀ ਦੇ ਕਾਲ੍ਹੇ-ਕਾਲ੍ਹੇ ਬੁੱਲ੍ਹਾਂ ਵਿਚੋਂ ਪੀਲ੍ਹੇ-ਪੀਲ੍ਹੇ ਦੰਦ ਬਾਹਰ ਝਾਕਣ ਲਗੇ। ਪਤਨੀ ਨੂੰ ਲੱਗਿਆ, ਜਿਵੇਂ ਉਸਦੇ ਪਤੀ ਨੂੰ ਸੱਚ-ਮੁੱਚ ਹੀ ਹਾਸਾ ਆ ਗਿਆ ਹੋਵੇ। ਉਸ ਨੇ ਆਪਣੇ ਪਤੀ ਨੂੰ ਹੱਸਦਿਆਂ ਬਹੁਤ ਘੱਟ ਦੇਖਿਆ ਹੈ। ਮੌਕਾ ਤਾੜ ਕੇ ਉਹ ਵੀ ਹੱਸਣ ਲੱਗੀ, "ਕਿਉਂ, ਮੈਂ ਪਲਸਟਰ ਦੇ ਵੀ ਲੈਕ ਨਹੀਂ?"

ਮਾਂ ਨੂੰ ਹੱਸਦਿਆਂ ਦੇਖ ਕੇ ਤਿੰਨੇ ਬੱਚੇ ਹੀ ਹੱਸਣ ਲੱਗੇ।

ਸਾਰੇ ਪਰਿਵਾਰ ਨੇ ਇੱਕ ਭੀੜੀ ਜਿਹੀ ਗਲ੍ਹੀ ਵਿੱਚ ਜਾ ਕੇ, ਜਾਣ-ਪਛਾਣ ਵਾਲੇ ਲਾਲੇ ਦੀ ਖੋਖੇ ਵਰਗੀ ਦੁਕਾਨ ਤੋਂ ਇੱਕ ਲਾਲ ਕਿਨਾਰੀ ਵਾਲੀ ਮਾਰਕੀਨ ਦੀ ਧੋਤੀ ਖਰੀਦੀ। ਧੋਤੀ ਦੀ ਤਾਜ਼ੀ ਮਹਿਕ ਨਾਲ ਔਰਤ ਦਾ ਮਨ ਖਿੜ ਉੱਠਿਆ। ਕੀਮਤ ਵਿੱਚ ਦੋ ਰੁਪਈਏ ਘੱਟ ਨਿਕਲੇ। ਲਾਲੇ ਨੇ ਬਹੀ ਵਿੱਚ ਲਿਖ ਕੇ ਆਦਮੀ ਦਾ ਅੰਗੂਠਾ ਲਗਵਾ ਲਿਆ। ਅਗਲੀ ਤਨਖਾਹ ਤੇ ਵਿਆਜ ਸਮੇਤ ਲੈ ਲਏ ਜਾਣਗੇ—ਗੱਲ ਈ ਕੋਈ ਨਹੀਂ।

ਹੁਣ ਫੇਰ ਭੀੜ ਵਾਲੇ ਬਜ਼ਾਰ ਨੂੰ ਪਾਰ ਕਰਨ ਦਾ ਮਸਲਾ ਸੀ। ਔਰਤ ਦੇ ਕੋਲ ਹੁਣ ਨਵੀਂ ਖਰੀਦੀ ਹੋਈ ਧੋਤੀ ਵੀ ਸੀ—ਇਹ ਡਰ ਸੀ ਕਿ ਕੋਈ ਝਪਟਾ ਮਾਰ ਕੇ ਹੀ ਨਾ ਤੁਰਦਾ ਬਣੇ। ਆਦਮੀ ਬੇਫਿਕਰ ਸੀ, ਕਿਉਂਕਿ ਉਸਦੀ ਜੇਬ ਵਿਚ ਹੁਣ ਥੋੜੀ ਜਿਹੀ ਭਾਨ ਹੀ ਬਚੀ ਸੀ। ਫੇਰ ਵੀ ਉਸ ਨੇ ਜੇਬ ਨੂੰ ਸੇਫਟੀ-ਪਿਨ ਨਾਲ ਸਿਉਂ ਲਿਆ ਸੀ। ਉੱਠਣ-ਬੈਠਣ ਲੱਗਿਆਂ ਭਾਨ ਕਿਤੇ ਵੀ ਡਿਗ ਸਕਦੀ ਹੈ—ਉਸਦਾ ਤਜਰਬਾ ਸੀ।

ਆਖਿਰ ਸਾਰੇ ਪਰਿਵਾਰ ਨੇ ਪਹਿਲਾਂ ਵਾਂਗ ਹੀ ਇਕ-ਦੂਜੇ ਦਾ ਹੱਥ ਫੜ ਕੇ ਭੀੜ ਵਾਲੀ ਨਦੀ ਪਾਰ ਕੀਤੀ। ਭੀੜ ਵਿਚੋਂ ਨਿਕਲਦਿਆਂ ਹੀ ਸਾਰਿਆਂ ਨੇ ਦੇਖਿਆ ਕਿ ਸੂਰਜ ਦਰੱਖਤਾਂ ਦੇ ਸਿਰਿਆਂ ਨੂੰ ਛੂਹ ਰਿਹਾ ਸੀ। ਘਰ ਪਹੁੰਚਣ ਲਈ ਦਸ ਕਿਲੋਮੀਟਰ ਦਾ ਰਸਤਾ ਤਹਿ ਕਰਨਾ ਪੈਣਾ ਸੀ।

ਆਦਮੀ ਨੇ ਸਵੇਰ ਤੋਂ ਚੱਲ ਰਹੇ ਆਪਣੇ ਬੱਚਿਆਂ ਦੇ ਚਿਹਰਿਆਂ ਵੱਲ ਦੇਖਿਆ। ਉਸਨੂੰ ਜਾਪਿਆ ਜਿਵੇਂ ਭੁੱਖ ਨੇ ਉਨ੍ਹਾਂ ਦੇ ਚਿਹਰਿਆਂ ਤੇ ਨਹੁੰਦਰਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ ਹੋਣ। ਉਸੇ ਵਕਤ ਉਸ

ਦੇ ਕੰਨਾਂ ਵਿਚ ਅਵਾਜ਼ ਪਈ—'ਤਰ ਵੀਹ-ਵੀਹ ਪੈਸੇ... ਤਾਜ਼ੀ ਤਰ ਵੀਹ-ਵੀਹ ਪੈਸੇ।'

ਉਸਨੇ ਹੱਥ ਦੇ ਇਸ਼ਾਰੇ ਨਾਲ ਰੇੜੀ ਨੂੰ ਰੋਕ ਲਿਆ ਅਤੇ ਵੀਹ ਪੈਸੇ ਰੇੜ੍ਹੀ ਵਾਲੇ ਨੂੰ ਫੜ੍ਹਾ ਕੇ ਇਕ ਵੱਡੀ ਸਾਰੀ ਤਰ ਚੁੱਕ ਲਈ। ਉਸਨੇ ਰੇੜੀ ਵਾਲੇ ਕੋਲੋਂ ਤਰ ਦੇ ਪੰਜ ਹਿੱਸੇ ਕਰਵਾਏ ਅਤੇ ਪਰਿਵਾਰ ਦੇ ਕੋਲ ਆ ਕੇ ਸਾਰਿਆਂ ਨੂੰ ਇਕ-ਇਕ ਟੁਕੜਾ ਵੰਡ ਦਿੱਤਾ।

ਤਰ ਦੇ ਟੁਕੜੇ ਹੱਥਾਂ 'ਚ ਆਉਂਦਿਆਂ ਹੀ ਤਿੰਨੇ ਬੱਚੇ ਭੁੱਖੀ ਮੱਝ ਵਾਂਗ ਚਰਨ ਲੱਗ ਪਏ। ਪਤਨੀ ਟੁਕੜਾ ਹੱਥ ਵਿਚ ਆਉਂਦੇ ਹੀ ਉਸਨੂੰ ਬਹੁਮੁੱਲੀ ਚੀਜ਼ ਵਾਂਗ ਨਿਹਾਰਨ ਲੱਗੀ। ਆਦਮੀ ਨੇ ਪਤਨੀ ਦੇ ਕੁੱਛੜ ਚੁੱਕਿਆ ਬੱਚਾ ਆਪ ਚੁੱਕ ਲਿਆ, ਤਾਂਕਿ ਉਸਨੂੰ ਤਰ ਖਾਣ ਵਿਚ ਕੋਈ ਰੁਕਾਵਟ ਨਾ ਆਵੇ। ਆਪਣਾ ਟੁਕੜਾ ਬੱਚੇ ਦੇ ਬੁਲ੍ਹਾਂ ਨੂੰ ਛੁਹਾ ਕੇ ਹੌਲੀ-ਹੌਲੀ ਚੂਹੇ ਵਾਂਗ ਕੁਤਰਨ ਲੱਗਾ।

ਤਰ ਖਾਣ ਨਾਲ ਪੂਰੇ ਪਰਿਵਾਰ ਦੀ ਤਸੱਲੀ ਹੋ ਗਈ ਸੀ। ਕਾਫ਼ੀ ਅਰਸੇ ਤੋਂ ਬਾਅਦ ਮਿਲੀ ਛੁੱਟੀ ਦਾ ਬਹੁਤ ਹੀ ਚੰਗੇ ਢੰਗ ਨਾਲ ਉਪਯੋਗ ਗਿਆ ਸੀ। ਇਹ ਤਾਂ ਅਚਾਨਕ ਮਿੱਲ-ਮਾਲਕ ਦੀ ਮਾਂ ਮਰ ਗਈ ਸੀ, ਨਹੀਂ ਤਾਂ ਪੂਰੀ ਛੁੱਟੀ ਦੇ ਨਾਂਅ ਵਰਗੀ ਚੀਜ਼ ਇਸ ਮਿਲ ਦੇ ਵਿਧਾਨ ਵਿਚ ਹੀ ਨਹੀਂ ਸੀ। ਉਹਦੇ ਵਰਗੇ ਤੀਸਰੇ ਦਰਜੇ ਦੇ ਮਜ਼ਦੂਰਾਂ ਨੂੰ ਤਾਂ ਮਿੱਲ ਦਾ ਇਕ-ਅੱਧਾ ਚੱਕਰ ਲਗਾਉਣਾ ਹੀ ਪੈਂਦਾ ਸੀ, ਭਾਵੇਂ ਕੋਈ ਕੰਮ ਹੋਵੇ ਜਾਂ ਨਾ ਹੋਵੇ।

ਹੁਣ ਪਰਿਵਾਰ ਸਾਹਮਣੇ ਘਰ ਪਹੁੰਚਣ ਦਾ ਸਵਾਲ ਸੀ। ਸੂਰਜ ਵੀ ਦਰੱਖਤਾਂ ਦੀਆਂ ਟਹਿਣੀਆਂ ਤੋਂ ਹੁੰਦਾ ਹੋਇਆ ਜੜ੍ਹਾਂ ਵਲ ਨੂੰ ਆ ਰਿਹਾ ਸੀ। ਅੱਗੇ ਇਕ-ਅੱਧਾ ਕਿਲੋਮੀਟਰ ਸੜਕ ਘਣੇ ਜੰਗਲ ਵਿਚ ਦੀ ਲੰਘਦੀ ਸੀ। ਅਚਾਨਕ ਆਦਮੀ ਦੇ ਪੈਰ ਲੋਕਲ ਬਸ-ਸਟੈਂਡ ਵਲ ਮੁੜ ਪਏ। ਦਸ ਕਿਲੋਮੀਟਰ ਤੀਕ ਬਸ ਅੱਧੇ ਘੰਟੇ ਵਿਚ ਪਹੁੰਚਾ ਸਕਦੀ ਸੀ। ਅਗਾਂਹ ਦਾ ਪੰਜ ਕਿਲੋਮੀਟਰ ਰਸਤਾ ਪੈਦਲ ਚੱਲਣ ਵਾਲਾ ਸੀ, ਲੇਕਿਨ ਜਾਣ-ਪਛਾਣ ਵਾਲਾ।

ਪਤਨੀ ਤੇ ਬੱਚਿਆਂ ਦੇ ਚਿਹਰੇ ਖਿੜ ਉੱਠੇ, ਕਿਉਂਕਿ ਉਹ ਆਦਮੀ ਦੇ ਮਨ ਦੇ ਭਾਵ ਨੂੰ ਸਮਝ ਗਏ ਸਨ। ਬਸ ਵਿਚ ਬੈਠ ਕੇ ਔਰਤ ਨੂੰ ਕੁਝ ਰਾਹਤ ਮਿਲਣ ਦੀ ਉਮੀਦ ਸੀ ਅਤੇ ਬੱਚਿਆਂ ਲਈ ਬਸ 'ਚ ਬੈਠ ਕੇ ਸਫਰ ਕਰਨ ਦਾ ਪਹਿਲਾ ਮੌਕਾ।

ਬਸ ਦੀ ਬਹੁਤ ਦੇਰ ਉਡੀਕ ਨਹੀਂ ਕਰਨੀ ਪਈ। ਬਸ ਦੇ ਰੁਕਦਿਆਂ ਹੀ ਔਰਤ ਕੁੱਛੜ ਚੁੱਕੇ ਬੱਚੇ ਨੂੰ ਸੰਭਾਲਦੀ ਹੋਈ ਬਸ ਵਿਚ ਚੜ ਗਈ। ਤਿੰਨੇ ਬੱਚੇ ਵੀ ਟਪੂਸੀ ਮਾਰ ਕੇ ਚੜ ਗਏ। ਲੇਕਿਨ ਆਦਮੀ ਨੇ ਪਹਿਲੇ ਪੌੜੇ ਤੇ ਪੈਰ ਰੱਖਦਿਆਂ ਹੀ ਕੰਡਕਟਰ ਨੂੰ ਪੁੱਛ ਲਿਆ, "ਇਨ੍ਹਾਂ ਬੱਚਿਆਂ ਦਾ ਟਿਕਟ ਵੀ ਲੱਗੂਗਾ ?"

"ਕਿਉਂ ਨਹੀਂ ਲੱਗੂਗਾ ?...ਤੈਨੂੰ ਇਹ ਬੱਚੇ ਦੀਹਦੇ ਆ ?" ਕੰਡਕਟਰ ਨੇ ਡੇਲੇ ਕੱਢ ਕੇ ਆਦਮੀ ਨੂੰ ਘੂਰਿਆ।

"ਤਾਂ ਫੇਰ ਪੰਜਾਂ ਜਣਿਆਂ ਦੇ ਕੇਸਰ ਪੁਰ ਤੱਕ ਕਿੰਨੇ ਪੈਸੇ ਲੱਗਣਗੇ ?"

"ਚਾਰ ਰੁਪਈਏ ਤੇ ਅੱਠ ਆਨੇ।"

"ਕੀ...?...ਕਿਰਾਏ ਫੇਰ ਵਧ ਗਏ ਹਨ ?

"ਓਏ ਭਰਾਵਾ, ਕਈ ਚਿਰਾਂ ਦੇ ਵਧੇ ਹੋਏ ਹਨ। ਪਹਿਲੀ ਤਰੀਕ ਤੋਂ ਹੋਰ ਵਧਣ ਵਾਲੇ ਹਨ। ਪਰਲੋਕ 'ਚੋਂ ਆਇਆਂ ?"

"ਸਰਕਾਰ ਤਾਂ ਕਹਿੰਦੀ ਹੈ ਕਿ ਕੀਮਤਾਂ ਏਨੀਆਂ ਥੱਲੇ ਡਿੱਗ ਰਹੀਆਂ ਹਨ ਕਿ ਧਰਤੀ ਤੇ ਮੁੜ ਰਹੀਆਂ ਹਨ ?"

"ਕਿਹੜੀ ਸਰਕਾਰ ਦੀ ਗੱਲ ਕਰਦਾਂ ?"

"ਸਾਡੀ ਆਪਣੀ ਸਰਕਾਰ, ਹੋਰ ਕਿਹੜੀ ਸਰਕਾਰ ?"

ਕੰਡਕਟਰ ਨੂੰ ਹਾਸਾ ਆ ਗਿਆ, "ਤਾਂ ਫੇਰ ਭਰਾਵਾ, ਇਹ ਜਾਕੇ ਆਪਣੀ ਸਰਕਾਰ ਕੋਲੋਂ ਹੀ ਪੁੱਛ।"

"ਸਾਡੇ ਲਈ ਤਾਂ ਤੁਸੀਂ ਹੀ ਸਰਕਾਰ ਹੋ।"

"ਨਾ-ਨਾ ਭਰਾਵਾ, ਮੈਨੂੰ ਮਾਫੀ ਦੇ। ਇਹੋ ਜਿਹੀ ਬੇਇਜ਼ਤੀ ਮੇਰੀ ਨਾ ਕਰ।" ਕੰਡਕਟਰ ਨੇ ਹਿਜੜਿਆਂ ਵਾਂਗ ਤਾੜੀ ਵਜਾ ਕੇ ਕਿਹਾ।

ਤਾੜੀ ਵੱਜਦਿਆਂ ਹੀ ਬਸ ਵਿਚ ਬੈਠੀਆਂ ਤੇ ਖੜੀਆਂ ਸਵਾਰੀਆਂ ਭੇਡਾਂ-ਵਾਂਗ ਉੱਚੀ ਦੇਣਾ ਹੱਸ ਪਈਆਂ।

ਹਾਸਾ ਸੁਣ ਕੇ ਆਦਮੀ ਨੇ ਥੱਲੇ ਛਾਲ ਮਾਰ ਦਿੱਤੀ। ਔਰਤ ਵੀ ਆਪਣੇ ਪਤੀ ਨੂੰ ਉਤਰਦਿਆਂ ਦੇਖ ਕੇ ਥੱਲੇ ਉਤਰ ਗਈ, ਲੇਕਿਨ ਤਿੰਨੇ ਬੱਚੇ ਹਾਲੇ ਵੀ ਬਸ ਵਿਚ ਸਨ। ਉਨ੍ਹਾਂ ਨੂੰ ਯਕੀਨ ਹੀ ਨਹੀਂ ਸੀ ਕਿ ਬਾਪ ਕੋਲ ਇੰਨੇ ਥੋੜੇ ਜਿਹੇ ਪੈਸੇ ਵੀ ਨਹੀਂ ਹੋਣਗੇ। ਕੰਡਕਟਰ ਨੇ ਸੀਟੀ ਮਾਰ ਦਿੱਤੀ। ਕਾਫੀ ਰੌਲਾ ਪਾਉਣ ਮਗਰੋਂ ਬਸ ਰੁਕੀ ਤੇ ਬੱਚੇ ਥੱਲੇ ਉਤਰੇ। ਕਿਉਂਕਿ ਬਸ ਨੇ ਬੱਚਿਆਂ ਨੂੰ ਕਾਫੀ ਅੱਗੇ ਜਾ ਕੇ ਉਤਾਰਿਆ ਸੀ, ਇਸ ਲਈ ਪਰਿਵਾਰ ਨੂੰ ਇਕੱਠੇ ਹੋਣ ਵਿਚ ਹੋਰ ਵੀ ਕੁਵੇਲਾ ਹੋ ਗਿਆ।

ਹੁਣ ਫੇਰ ਸਾਰਾ ਪਰਿਵਾਰ ਘਰ ਵਲ ਨੂੰ ਸਰਕ ਰਿਹਾ ਸੀ। ਆਦਮੀ ਨੇ ਸੜਕ ਦੇ ਕੰਢੇ ਡਿਗੇ ਹੋਏ ਦਰੱਖਤ ਤੋਂ ਵੱਡਾ ਸਾਰਾ ਟਹਿਣਾ ਤੋੜ ਕੇ ਸੁਰੱਖਿਆ ਲਈ ਲਾਠੀ ਜਿਹੀ ਬਣਾ ਲਈ ਸੀ। ਥੱਕੇ ਹੋਏ ਬੱਚਿਆਂ ਨੇ ਆਪਣੇ ਆਪ ਹੀ ਮਾਂ ਅਤੇ ਬਾਪ ਦੇ ਹੱਥ ਫੜ ਲਏ ਸਨ। ਕੁੱਛੜ ਵਾਲਾ ਬੱਚਾ ਸੁੱਤਾ ਹੋਇਆ ਸੀ। ਹੁਣ ਸਿਰਫ਼ ਪੁਰਾਣੇ ਫੌਜੀ ਬੂਟਾਂ ਨੂੰ ਕਟਵਾ ਕੇ ਬਣਾਏ ਹੋਏ ਆਦਮੀ ਦੇ, ਪੁਰਾਣੇ ਬੂਟਾਂ ਦੀ ਅਵਾਜ਼ ਸੁਣਾਈ ਦੇ ਰਹੀ ਸੀ। ਔਰਤ ਨੂੰ ਇਹ ਅਵਾਜ਼ ਵੀ ਅਖਰਨ ਲਗ ਪਈ ਸੀ, ਕਿਉਂਕਿ ਉਹਦੇ ਅਤੇ ਉਸਦੇ ਤਿੰਨਾਂ ਬੱਚਿਆਂ ਦੇ ਪੈਰ ਬਿਲਕੁਲ ਬੇ-ਅਵਾਜ਼ ਤੇ ਨੰਗੇ ਸਨ।

OO

---

ਕਹਾਣੀ—

## ਭਵਿੱਖ ਤਲਾਸ਼ਦੇ ਹੋਏ

ਮਨਦੀਪ 'ਜਲਾਲਾਬਾਦੀ'

ਸਾਨੂੰ ਕਿਰਾਏ ਤੇ ਮਕਾਨ ਤਲਾਸ਼ ਕਰਦਿਆਂ ਨੂੰ ਕਈ ਦਿਨ ਹੋ ਗਏ ਸਨ। ਪਰ ਮਕਾਨ ਕੋਈ ਵੀ ਖਾਲੀ ਨਹੀਂ ਸੀ ਮਿਲ ਰਿਹਾ। ਜੇ ਕਿਤੇ ਕੋਈ ਖਾਲੀ ਹੁੰਦਾ ਵੀ ਤਾਂ ਮਕਾਨ ਦੇ ਮਾਲਕ ਸਾਰੇ ਟੱਬਰ ਦੇ ਜੀ-ਪੁੱਛ ਕੇ ਨਾਂਹ ਵਿਚ ਸਿਰ ਹਿਲਾ ਦਿੰਦੇ। ਕਈ ਦਿਨਾਂ ਦੀ ਭਾਲ ਮਗਰੋਂ ਸਾਨੂੰ ਕੁੱਝ ਸਫ਼ਲਤਾ ਮਿਲੀ।

ਸ਼ਹਿਰ ਦੇ ਨਾਲ ਲਗਦੇ ਰਹੇੜਾਂ ਵਾਲੇ ਮੁਹੱਲੇ ਵਿਚ ਇਕ ਖਾਲੀ ਮਕਾਨ ਮਿਲ ਹੀ ਗਿਆ। ਵੇਹੜਾ ਵਾਹਵਾ ਖੁੱਲਾ ਸੀ ਅਤੇ ਮੇਰੇ ਮਨ ਲੱਗ ਗਿਆ ਮੈਂ ਸੋਚਿਆ ਇਹ ਮਕਾਨ ਨੂੰ ਹੱਥ ਵਿਚ ਕਰਨ ਲਈ ਦੇਰੀ ਨਹੀਂ ਵਰਤਨੀ ਚਾਹੀਦੀ। ਕਿਸੇ ਜਾਣ ਪਹਿਚਾਣ ਵਾਲੇ ਆਦਮੀ ਨੂੰ ਨਾਲ ਲੈ ਕੇ ਮਕਾਨ ਮਾਲਿਕ ਨੂੰ ਮਿਲੇ ਅਤੇ ਮਕਾਨ ਕਿਰਾਏ ਤੇ ਪੱਕਾ ਕਰ ਲਿਆ। ਘਰ ਵਿਚ ਮਕਾਨ ਮਿਲ ਜਾਣ ਬਾਰੇ ਦੱਸਿਆ ਅਤੇ ਸੁਣਦਿਆਂ ਹੀ ਘਰ ਵਿਚ ਰੌਣਕ ਫੈਲ ਗਈ ਕਿਉਂਕਿ ਮਕਾਨ ਕਿਰਾਏ ਤੇ ਨਾ ਮਿਲਣ ਦੀ ਸੂਰਤ ਵਿਚ ਸਾਰੇ ਘਰ ਦੇ ਹਾਰੇ ਭਲਵਾਣ ਵਾਂਗ ਮੂੰਹ ਬਣਾ ਕੇ ਸਮੇਂ ਨੂੰ ਗਾਲ੍ਹਾਂ ਦੇ ਰਹੇ ਸਨ। ਮਕਾਨ ਦੀਆਂ ਖ਼ੂਬੀਆਂ ਮਾਂ ਅੱਗੇ ਵੱਧ ਚੜ੍ਹ ਕੇ ਮੈਂ ਪੇਸ਼ ਕੀਤੀਆਂ। ਬਈ ਵੇਹੜਾ ਖੁੱਲ੍ਹਾ ਹੈ ਵਿਚ ਨਲਕਾ ਹੈ ਅੰਦਰਲੇ ਫ਼ਰਸ਼ ਪੱਕੇ ਹਨ ਆਦਿ। ਬੱਸ ਚਾਰ ਦਿਨ ਆਪਣੇ ਐਨ ਸੁੱਖ ਨਾਲ ਨਿਕਲ ਜਾਣਗੇ ਤੇ ਮੈਂ ਨਾਲ ਹੀ ਘਰ ਦਿਆਂ ਨੂੰ ਜ਼ੋਰ ਦੇ ਦਿੱਤਾ ਕਿ ਉਸ ਮਕਾਨ ਵਿਚ ਅੱਜ ਹੀ ਵਸੋਂ ਕਰ ਲੈਣੀ ਚਾਹੀਦੀ ਹੈ। ਕਿਉਂਕਿ ਮਕਾਨ ਤਾਂ ਅੱਗੇ ਨਹੀਂ ਮਿਲ ਰਹੇ ਕਿਤੇ ਮਾਲਿਕ ਹੀ ਨਾ ਬਦਲ ਜਾਏ।

ਮੈਂ ਸਾਰਾ ਸਮਾਨ ਨਵੇਂ ਘਰ ਵਿਚ ਲਿਆ ਮਾਰਿਆ ਬਾਅਦ ਵਿਚ ਦੂਜੇ ਜੀਆਂ ਨੂੰ ਵੀ ਲੈ ਆਂਦਾ।

ਛੋਟੀ ਭੈਣ ਅਤੇ ਮਾਂ ਨੇ ਮੁਹੱਲੇ ਵਿਚ ਵੜਦਿਆਂ ਹੀ ਨੱਕ ਸਕੋੜ ਲਏ। ਪਰ ਹਾਲੇ ਹੁਣੇ ਆਏ ਕਰ ਕੇ ਕੋਈ ਨਿਰਨੇ ਨਾਲ ਗੱਲ ਨਹੀਂ ਸਨ ਕਹਿ ਸਕਦੀਆਂ ਮਾਂ ਅਤੇ ਭੈਣ ਨੇ ਫਰਸ਼ ਚੰਗੀ ਤਰ੍ਹਾਂ ਧੋ ਕੇ ਸਮਾਨ ਆਪਣੀ ਆਪਣੀ ਜਗ੍ਹਾ ਟਿਕਾ ਦਿੱਤਾ ਪਰ ਉਹਨਾਂ ਦੇ ਚੇਹਰੇ ਉਤਲੇ ਪ੍ਰਭਾਵ ਇਸ ਤਰ੍ਹਾਂ ਪ੍ਰਤੀਕ ਹੋ ਰਹੇ ਸਨ ਜਿਵੇਂ ਉਹ ਇਸ ਜਗ੍ਹਾ ਵੱਸੋਂ ਕਰਨ ਵਿਚ ਰਾਜ਼ੀ ਨਹੀਂ ਹਨ। ਉਨ੍ਹਾਂ ਦੇ ਮੱਥੇ ਤੇ ਘਿਰਨਾਂ ਭਰੇ ਚਿੰਨ ਸਪਸ਼ਟ ਦਿਖਾਈ ਦੇ ਰਹੇ ਸਨ। ਮਾਂ ਅਤੇ ਛੋਟੀ ਭੈਣ ਜਦੋਂ ਦੀਆਂ ਇਸ ਨਵੇਂ ਵੇਹੜੇ ਆਈਆਂ ਹਨ। ਉਨ੍ਹਾਂ ਨੱਕ ਅਤੇ ਮੂੰਹ ਤੋਂ ਚੁੰਨੀ ਨਹੀਂ ਸੀ ਲਾਹੀ। ਇਨ੍ਹਾਂ ਭਾਵਾਂ ਨੂੰ ਬੜੀ ਚੰਗੀ ਤਰ੍ਹਾਂ ਘੋਖ ਕੇ ਸਮਝਦਾ ਸਾਂ ਪਰ ਹੱਲ ਤੋਂ ਅਸਮਰਥ ਸਾਂ ਕਿਉਂਕਿ ਸ਼ਹਿਰ ਵਿਚ ਮਕਾਨ ਨਾ ਮਿਲਣ ਦੇ ਕਾਰਨ ਸਵਰੂਪ ਹੀ ਇਸ ਮੁਹਲੇ ਵਿਚ ਵਸੋਂ ਕਰਨੀ ਪਈ ਸੀ। ਸਾਰਾ ਦਿਨ ਸਫ਼ਾਈਆਂ ਵਿਚ ਲੰਘ ਗਿਆ ਅਤੇ ਸ਼ਾਮ ਪੈ ਗਈ।

ਹੁਣ ਧੁੱਪ ਦਾ ਪ੍ਰਭਾਵ ਘੱਟ ਚਲਿਆ ਸੀ ਤੇ ਆਸੇ ਪਾਸੇ ਕੋਠਿਆਂ ਦੇ ਪ੍ਰਛਾਵਿਆਂ ਨੇ ਕੁਝ ਠੰਡਾ ਅਤੇ ਸੁਖਾਲਾ ਮੌਸਮ ਬਣਾ ਦਿੱਤਾ। ਸਾਹਮਣੇ ਵਾਲੇ ਵੇਹੜੇ ਵਿਚ ਖੜੇ ਕਿੱਕਰ ਦੇ ਪੱਤੇ ਹਿੱਲੇ ਤੇ ਹਵਾ ਨੇ ਮੁਹੱਲੇ ਵਿਚ ਪ੍ਰਵੇਸ਼ ਕੀਤਾ। ਹਵਾ ਵਿਚ ਇਕ ਅਨੋਖੀ ਕਿਸਮ ਦੀ ਹਵਾੜ ਜਿਹੀ ਮਿਲੀ ਜੁਲੀ ਆਈ ਜਿਨ੍ਹੇ ਸਾਡੇ ਸਾਰੇ ਟੱਬਰ ਦਾ ਦਮ ਘੁੱਟ ਲਿਆ।

ਲਗਦੈ ਇੱਥੋਂ ਦੇ ਲੋਕੀਂ ਸ਼ਰਾਬ ਕਢਦੇ ਨੇ? ਮਾਂ ਨੇ ਨੱਕ ਤੇ ਮੂੰਹ ਨੂੰ ਚੁੰਨੀ ਦੇ ਪੱਲੇ ਨਾਲ ਚੰਗੀ ਤਰ੍ਹਾਂ ਨਪਦਿਆਂ ਮੈਨੂੰ ਕਿਹਾ। ਹਵਾੜ ਤਾਂ ਇਸ ਤਰ੍ਹਾਂ ਦੀ ਹੀ ਲਗਦੀ ਏ। ਮੈਂ ਮਾਂ ਨੂੰ ਹਾਂ ਵਿਚ ਜਵਾਬ ਦਿਤਾ। ਪਿਛਵਾੜਿਓਂ ਕਿਸੇ ਘਰੋਂ ਚੀਕ ਚਿਹਾੜੇ ਦੀ ਅਵਾਜ਼ ਨੇ ਸਾਡੇ ਸਾਰੇ ਟੱਬਰ ਦੇ ਕੰਨ ਖੜੇ ਕਰ ਦਿੱਤੇ। ਮੈਂ ਉਤਸੁਕਤਾ ਨਾਲ ਬਾਹਰ ਗਲੀ ਵਿਚ ਨਿਕਲਿਆ।

ਇਧਰ ਪਿੱਛੇ ਕੀ ਹੋ ਗਿਆ ਭਾਅ? ਸ਼ਾਇਦ ਮੰਗਲ ਕੰਮ ਤੋਂ ਮੁੜਿਆ ਹੋਣੈਂ ਅਤੇ ਤੀਵੀਂ ਤੇ ਬੱਚਿਆਂ ਨੂੰ ਕੁੱਟ ਰਿਹਾ ਹੋਵੇ। ਜਿਹਦੇ ਤੋਂ ਮੈਂ ਪੁੱਛ ਰਿਹਾ ਸਾਂ ਉਹਨੇ ਜਵਾਬ ਦਿਤਾ ਤੇ ਮੈਂ ਕੁੱਟਣ ਦੇ ਕਾਰਨ ਬਿਨਾਂ ਪੁੱਛੇ ਅੰਦਰ ਆ ਗਿਆ। ਵੇਹੜੇ ਵਾਲੇ ਬੂਹੇ ਦੀ ਚਿਟਕਣੀ ਲਾ ਦਿੱਤੀ।

ਸਾਡਾ ਟੱਬਰ ਇਸ ਰੌਲੇ ਨਾਲ ਇਕ ਵਾਰ ਤਾਂ ਘਬਰਾ ਗਿਆ ਪਰ ਮੈਂ ਉਨ੍ਹਾਂ ਨੂੰ ਤਸੱਲੀ ਨਾਲ ਸਮਝਾ ਕੇ ਕੁਝ ਸ਼ਾਂਤ ਕੀਤਾ ਪਰ ਮੇਰਾ ਮੰਨ ਅਸ਼ਾਂਤ ਸੀ।... ਤੇ ਇਕ ਵਾਰ ਮੇਰੀ ਸਾਰੀ ਦੀ ਸਾਰੀ ਰੂਹ ਨੇ ਇਸ ਮੁਹੱਲੇ ਖਿਲਾਫ਼ ਨਫ਼ਰਤ ਦਾ ਬਾਣਾ ਪਹਿਣ ਲਿਆ। ਮਨ ਹੀ ਮਨ ਵਿਚ ਮੈਂ ਬੁੜਬੁੜਾਇਆ ਕਿਤੇ ਹੋਰ ਬੰਦੋਬਸਤ ਕਰਨਾ ਪੈਣਾ ਹੈ ਇਥੇ ਨਹੀਂ ਸਰਨਾ ਇਨ੍ਹਾਂ ਲੋਕਾਂ ਦਾ ਸਾਡੇ ਬੱਚਿਆਂ ਦੇ ਭਵਿੱਖ ਤੇ ਬੁਰਾ ਅਸਰ ਪੈ ਸਕਦੈ।

ਛੋਟੀ ਭੈਣ ਨੇ ਚਾਹ ਦਾ ਕੱਪ ਮੇਰੇ ਅਗੇ ਲਿਆ ਧਰਿਆ ਜਿਹੜਾ ਠੰਡਾ ਹੋ ਰਿਹਾ ਸੀ ਤੇ ਮੈਂ ਡਾਵਾਂ ਡੋਲ ਮਨ ਨਾਲ ਆਪਣੇ ਇਸ ਘਰ ਦੀ ਇਹੋ ਜਿਹੀ ਜ਼ਿੰਦਗੀ ਨੂੰ ਦਿਲ ਵਿਚ ਹੀ ਲਾਹਨਤਾਂ ਪਾਉਣ ਲੱਗ ਪਿਆ।

ਹਾਲੇ ਦਿਨ ਲੱਥਾ ਹੀ ਸੀ ਹਨੇਰੇ ਨੇ ਐਵੇਂ ਨਾ-ਮਾਤਰ ਜਿਹਾ ਧਰਤੀ ਤੇ ਕਦਮ ਧਰਿਆ ਸੀ ਕਿ ਗਲੀ ਵਿਚੋਂ ਚਾਂਗਰਾਂ ਦੀ ਅਵਾਜ਼ ਆਣ ਲੱਗੀ। ਮੈਂ ਦਰਵਾਜ਼ੇ ਦਿਆਂ ਝੀਥਾਂ ਵਿਚੋਂ ਬਾਹਰ ਗਲੀ ਵਿਚ ਝਾਕਿਆ। ਇਕ ਮੜਕੂ ਜਿਹਾ ਜਵਾਨ ਹੱਥ ਵਿਚ ਡਾਂਗ ਫੜੀ ਮੁੜ੍ਹਕੋ ਮੁੜਕ ਹੋ ਕੰਧਾਂ ਨਾਲ ਵੱਜਦਾ ਲੰਘ ਰਿਹਾ ਸੀ ਅਤੇ ਮੂੰਹੋਂ ਉਟ ਪਟੰਗ ਕੱਢੀ ਜਾ ਰਿਹਾ ਸੀ। ਮੇਰੇ ਘਰ ਦੇ ਡਰ ਨਾਲ ਸਹਿਮ ਜਿਹੇ ਗਏ। ਮਾਂ ਨੇ ਨਫ਼ਰਤ ਦੇ ਲਹਿਜੇ ਵਿਚ ਕਿਹਾ, ਕਾਕਾ ਤੂੰ ਕਿਤੇ ਹੋਰ ਮਕਾਨ ਲੱਭ ਇਹ ਲੋਕ ਤਾਂ ਉੱਕਾ ਹੀ ਕਮੀਨੇ ਨੇ, ਇਨ੍ਹਾਂ ਲੋਕਾਂ ਦਾ ਭਲਾ ਆਪਣੇ ਨਾਲ ਕੀ ਮੇਲ ਹੈ। ਇਹੋ ਜਿਹੀ ਗੰਦਗੀ ਵਿਚ ਆਪਣਾ ਰਹਿਣਾ ਅਸੰਭਵ ਹੈ। ਇਹ ਤਾਂ ਠੀਕ ਹੈ ਜੇ ਹੋਰ ਕਿਤੇ ਮਿਲ ਜਾਂਦਾ ਤਾਂ ਭਲਾ ਮੈਂ ਇਹ ਮੁਸੀਬਤ ਗਲ ਪਹਿਨਦਾ ਸਾਂ। ਪਰ ਕੋਈ ਨ੍ਹੀਂ ਦੋ ਦਿਨ ਹੋਰ ਜੇਰਾ ਰੱਖੋ ਫਿਰ ਮੈਂ ਕਿਤੇ ਸ਼ਹਿਰ ਵਿਚ ਹੀ ਬੰਦੋਬਸਤ ਕਰ ਲਵਾਂਗਾ। ਡਰ ਦੇ ਮਾਰੇ ਮਾਂ ਬਾਹਰਲਾ ਦਰਵਾਜ਼ਾ ਬੰਦ ਹੀ ਰੱਖਦੀ।

ਮੈਂ ਨੇੜੇ ਤੇੜੇ ਦੇ ਘਰਾਂ ਵਿਚ ਝਾਤੀ ਮਾਰੀ ਕਈਆਂ ਘਰਾਂ ਵਿਚ ਗਧੇ ਬੰਨੇ ਹੋਏ ਸਨ ਤੇ ਨਾਲ ਹੀ ਇਕ ਇਕ 'ਖੋਤੀ ਰੇੜ੍ਹੀ' ਖੜੀ ਸੀ ਜਿਥੋਂ ਸਪਸ਼ਟ ਸੀ ਕਿ ਇਹ ਲੋਕ ਖੋਤੀ ਰੇੜ੍ਹੀ ਹੀ ਵਾਂਦੇ ਹਨ ਤੇ ਬਾਕੀ ਮੁਹਲੇ ਦੇ ਲੋਕ ਬੱਸ ਮਜ਼ਦੂਰੀ ਕਰਦੇ ਹਨ ਤੇ ਜਾਂ ਫਿਰ ਸ਼ਰਾਬ ਕੱਢ ਕੇ ਵੇਚਦੇ ਹਨ ਤੇ ਆਪ ਵੀ ਸਾਰਾ ਦਿਨ ਪੀਂਦੇ ਅਤੇ ਨਸ਼ੇ ਵਿਚ ਗੜੁੱਚ ਇਹ ਲੋਕ ਆਪਣੇ ਆਪ ਨੂੰ ਭੁੱਲ ਜਾਂਦੇ ਇਥੋਂ ਤੱਕ ਕਿ ਇਨ੍ਹਾਂ ਨੂੰ ਇਹ ਵੀ ਪਤਾ ਨਾ ਰਹਿੰਦਾ ਕਿ ਅਸੀਂ ਪਸ਼ੂ ਹਾਂ ਜਾਂ ਇਨਸਾਨ। ਸ਼ਰਾਬੀ ਹੋ ਕੇ ਆਂਢ ਗੁਵਾਂਢ ਨਾਲ ਡਾਂਗੋ ਸੋਟੀ ਹੋਣਾ ਇਹ ਬਹਾਦਰੀ ਸਮਝਦੇ ਹਨ ਜਾਂ ਫਿਰ ਆਪਣੇ ਸਮੇਤ ਬੱਚਿਆਂ ਨੂੰ ਕੁਟਾਪਾ ਚਾੜ੍ਹਨਾ ਅਫ਼ਸਰੀ।

ਜਿਥੇ ਅੱਜ ਤੋਂ ਦੋ ਦਿਨ ਪਹਿਲਾਂ ਮੇਰੇ ਮਨ ਵਿਚ ਇਨ੍ਹਾਂ ਲੋਕਾਂ ਪ੍ਰਤੀ ਨਫ਼ਰਤ ਸੀ ਪਰ ਹੁਣ ਮੇਰਾ ਮਨ ਮੈਨੂੰ ਇਨ੍ਹਾਂ ਪ੍ਰਤੀ ਜਬਰੀ ਹਮਦਰਦੀ ਵਿਚ ਢਾਲ ਰਿਹਾ ਸੀ ਮੇਰੇ ਮਨ ਵਿਚੋਂ ਦੁੱਖਦਈ ਅਵਾਜ਼ ਵਿਚੋਂ ਇਨ੍ਹਾਂ ਲੋਕਾਂ ਦੇ ਦੁਖਾਂਤ ਤੇ ਅਚੇਤ ਹੀ ਲਫ਼ਜ਼ ਨਿਕਲ ਜਾਂਦੇ।

ਸਵੇਰ ਦੀ ਆਈ ਧੁੱਪ ਮੁੜ ਗਈ ਸ਼ਾਮ ਨੇ ਰਾਜ ਦਰਬਾਰ ਸੰਭਾਲ ਲਿਆ ਤੇ ਮੁਹਲੇ ਵਿਚ ਨਿਕਲ ਰਹੀ ਸ਼ਰਾਬ ਦੀ ਹਵਾੜ ਹਵਾ ਨਾਲ ਮਿਲ ਕੇ ਸਾਡੇ ਤੱਕ ਪਹੁੰਚੀ। ਮੁਹਲੇ ਵਿਚੋਂ ਪੰਛੀਆਂ ਦੀਆਂ ਅਵਾਜ਼ਾਂ ਨਾਲ ਟਿੱਕ ਟਿੱਕ ਖੋਤੇ ਹਿਣਕਣ ਤੇ ਟੱਲੀਆਂ ਦੀ ਅਵਾਜ਼ ਆ ਰਹੀ ਸੀ। ਸ਼ਾਇਦ ਮੁਹੱਲੇ ਦੇ ਮਜ਼ਦੂਰ ਰੇੜ੍ਹੀਆਂ ਦਾ ਕੰਮ ਮੁਕਾ ਘਰੋ ਘਰੀ ਵਾਪਸ ਪਰਤੇ ਹੋਏ ਨੇ।

ਪਿਛਾਵੜਿਓਂ ਫਿਰ ਚੀਕ ਚਿਕਾੜੇ ਦੀ ਅਵਾਜ਼ ਆਉਣੀ ਸ਼ੁਰੂ ਹੋ ਗਈ ਸ਼ਾਇਦ ਮੰਗਲ ਆਖਣੀ ਤੀਵੀਂ ਅਤੇ ਬੱਚਿਆਂ ਨੂੰ ਕੁੱਟ ਰਿਹਾ ਹੋਣਾ ਏਂ। ਹਾਲੇ ਪਿਛਾਵੜੇ ਵਾਲੀਆਂ ਅਵਾਜ਼ਾਂ ਬੰਦ ਨਹੀਂ ਸੀ ਹੋਈਆਂ ਕਿ ਸਾਡੀ ਨਾਲ ਦੀ ਗਲੀ ਵਿਚੋਂ ਉੱਚੀ ਉੱਚੀ ਚਾਂਗਰਾਂ ਅਤੇ ਗੰਦੀਆਂ ਗਾਲ੍ਹਾਂ ਦੀਆਂ ਆਵਾਜ਼ਾਂ ਆਉਣੀਆਂ ਸ਼ੁਰੂ ਹੋ ਗਈਆਂ। ਮੇਰੇ ਘਰ ਦੇ ਜੀ ਹਿਰਾਨਕੁਨ ਨਜ਼ਰਾਂ ਨਾਲ ਮੇਰੇ ਵੱਲ ਤੱਕਣ ਲੱਗ ਪਏ ਤੇ ਮੈਂ ਉਨ੍ਹਾਂ ਨੂੰ ਜਿਗਰਾ ਬਖ਼ਸ਼ ਦਰਵਾਜੇ ਕੋਲ ਜਾ ਖੜਾ ਹੋਇਆ। ਕੋਈ ਅੱਧੇ ਘੰਟੇ ਬਾਦ ਇਹ ਅਵਾਜ਼ਾਂ ਵੀ ਅਲੋਪ ਹੋ ਗਈਆਂ।

ਮੈਂ ਗਲੀ ਵਿਚ ਨਿਕਲਿਆ ਪਰ੍ਹਿਓਂ ਪੱਕੀ ਸੜਕ ਤੋਂ ਪੁਲਸ ਉੱਤਰ ਕੇ ਮੁਹੱਲੇ ਵੱਲ ਆਉਂਦੀ ਤੱਕੀ। ਸਾਡੇ ਸਾਹਮਣੇ ਵਾਲੇ ਘਰ ਦੀ ਤੀਵੀਂ ਨੇ ਵੀ ਪੁਲਸ ਨੂੰ ਦੇਖ ਲਿਆ ਸੀ। ਪੁਲੀਸ ਨੂੰ ਵੇਖਦਿਆਂ ਹੀ ਉਹਨੇ ਦਸ ਸਾਲ ਦੀ ਕੁੜੀ ਨੂੰ ਵੇਹੜੇ ਵਿਚ ਛੱਡਿਆ ਤੇ ਇਕੋ ਝਟਕੇ ਨਾਲ ਮੇਰੇ ਵੇਂਹਦਿਆਂ ਵੇਂਹਦਿਆਂ ਉਹਨੇ ਕੰਧ ਦੇ ਉਪਰੋਂ ਪਿਛਲੇ ਬੰਨੇਂ ਛਾਲ ਮਾਰ ਦਿੱਤੀ ਪੁਲੀਸ ਸਾਡੇ ਘਰ ਦੇ ਕੋਲ ਆ ਚੁਕੀ ਸੀ। ਮੈਂ ਦਰਵਾਜ਼ਾ ਬੰਦ ਕਰ ਦਿੱਤਾ ਤੇ ਝੀਥਾਂ ਵਿਚੋਂ ਬਾਹਰ ਝਾਕਣ ਲੱਗ ਪਿਆ। ਮੈਂ ਵੇਖਿਆ ਸਾਡੇ ਸਾਹਮਣੇ ਵਾਲੇ ਵੇਹੜੇ, ਅੰਦਰ ਪੁਲੀਸ ਬਿਨਾਂ ਝਿਜਕ ਅੰਦਰ ਵੜ ਗਈ ਅਤੇ ਫਿਰ ਬਾਹਰ ਆ ਗਈ। ਇਕ ਪੁਲਸੀਏ ਨੇ ਕੁੜੀ ਦੇ ਵਾਲਾਂ ਤੋਂ ਫੜ ਲਿਆ ਅਤੇ ਚਾਰ ਪੰਜ ਕਸਵੇਂ ਥਪੜ ਉਸਦੇ ਮੂੰਹ ਤੇ ਦੇਹ ਮਾਰੇ। ਇਕ ਨੇ ਕੁੜੀ ਨੂੰ ਕੰਧ ਨਾਲ ਮਾਰਕੇ ਗਰਜਵੀਂ ਅਵਾਜ਼ 'ਚ ਪੁਛਿਆ ਦੱਸ ਤੇਰਾ ਬਾਪੂ ਕਿਥੈ ? ਛੇਤੀ ਦੱਸ ਨਹੀਂ ਤੇ ਤੈਨੂੰ ਵਿਛਾ ਸੁੱਟਾਂਗੇ ? ਇਕ ਹੋਰ ਸਿਪਾਹੀ ਕੜਕਿਆ। ਕੁੜੀ

ਘਬਰਾ ਕੇ ਉਨ੍ਹਾਂ ਦੇ ਅੱਗੇ ਅੱਗੇ ਤੁਰ ਪਈ ਤੇ ਗੁਰੀਏ ਮਹਾਜਨ ਦੀ ਦੁਕਾਨ ਤੇ ਜਾ ਬਾਪੂ ਨੂੰ ਪਕੜਾਇਆ।

ਪੁਲਸੀਆਂ ਨੇ ਜਾਂਦਿਆਂ ਹੀ ਕੁੜੀ ਦੇ ਬਾਪੂ ਨੂੰ ਡਾਂਗਾਂ ਅਤੇ ਠੁਡਿਆਂ ਨਾਲ ਕੁਟਣਾ ਆਰੰਭ ਦਿੱਤਾ। ਧੂ ਕੇ ਉਹਦੇ ਘਰ ਤਾਂਈ ਲੈ ਆਂਦਾ।

ਕਿਉਂ ਐ ਗੱਜੀ ਕੱਢੀ ਊ? ਹੌਲਦਾਰ ਕੜਕਿਆ। ਨਹੀਂ ਜਨਾਬ ਮੈਂ ਸ਼ਰਾਬ ਕਢਣੀ ਛੱਡਤੀ ਏ ਸਹੁੰ ਗੁਰੂ ਦੀ, ਹੁਣ ਮੈਂ ਸ਼ਰਾਬ ਨਹੀਂ ਕਢਦਾ ਮੇਰੀ ਧੀ ਜਵਾਨ ਹੋ ਰਹੀ ਹੈ ਹੁਣ ਮੈਨੂੰ...ਮੈਂ ਇਹ ਧੰਧਾ ਨਹੀਂ ਕਰ ਸਕਦਾ। ਗੱਜੀ ਰੋ ਰੋ ਪੁਲਸ ਅੱਗੇ ਹਾੜੇ ਪਾ ਰਿਹਾ ਸੀ ਤੇ ਪੁਲੀਸ ਦੀ ਡਾਂਗ ਤੋਂ ਡਾਂਗ ਉਹਦੇ ਲਕੜ ਵਰਗੇ ਸਰੀਰ ਤੇ ਵੱਜ ਰਹੀ ਸੀ।

ਉੱਲੂ ਦਿਆ ਪੱਠਿਆ.. ਮੇਰੇ ਸਾਲਿਆਂ ਦਿਆਂ ...ਤੇਰੀ...। ਤੂੰ ਚਤਰ ਬਣਦੈਂ। ਤੈਨੂੰ ਵੱਡੇ ਸਰਦਾਰ ਨੇ ਕਈ ਆਰ ਕਿਹੈ ਬਈ ਜੇ ਤੂੰ ਨਹੀਂ ਬੇਚਣੀ ਤਾਂ ਕੱਢ ਕੇ ਚਰਨੇਂ ਨੂੰ ਫੜਾ ਆਇਆ ਕਰ ਉਹ ਆਪੇ...। ਹਾਲੇ ਸਿਪਾਹੀ ਬੋਲ ਹੀ ਰਿਹਾ ਸੀ ਕਿ ਗੱਜੀ ਲੰਗ ਮਾਰਦਾ ਛੇਤੀ ਛੇਤੀ ਆਪਦੇ ਅੰਦਰ ਵੜਿਆ ਅਤੇ ਕੁੱਝ ਸ਼ਰਾਬ ਦੀਆਂ ਬੋਤਲਾਂ ਲਿਆ ਪੁਲੀਸ ਅੱਗੇ ਧਰੀਆਂ ਤੇ ਹੱਥ ਜੋੜ ਕੇ ਤਰਲੇ ਕਢਣ ਲੱਗਿਆ ਜਨਾਬ ਆਹ ਅਗਲੀਆਂ ਵਿਚੋਂ ਵੀ ਬਚੀਆਂ ਪਈਐਂ ਤੇ ਹੁਣ ਮੇਰੇ ਤੇ ਰਹਿਮ ਕਰੋ ਮੈਂ ਅੱਗੇ ਤੋਂ ਸ਼ਰਾਬ ਕਢਣੀ ਵੀ ਨਹੀਂ ਜੇ ਵੇਚਣੀ ਵੀ ਨਹੀਂ।

ਮੇਰੇ ਤਾਂ ਹੱਡ ਤੁਸਾਂ ਭੰਨ ਦਿੱਤੇ। ਉਹ ਬੋਲੀ ਜਾ ਰਿਹਾ ਸੀ ਤੇ ਪੁਲੀਸ ਉਸ ਨੂੰ ਘੜੀਸ ਕੇ ਪੱਕੀ ਸੋੜਕ ਵਲ ਲਿਜਾ ਰਹੀ ਸੀ। ਮੈਂ ਖੁਦ ਵੇਖ ਰਿਹਾ ਸਾਂ ਸੱਚ ਨੂੰ ਫਾਂਸੀ ਤੇ ਲਟਾਕਿਆ ਜਾ ਰਿਹਾ ਸੀ। ਪੁਲੀਸ ਖਿਲਾਫ ਮੇਰਾ ਸਾਰੇ ਦਾ ਸਾਰਾ ਸਰੀਰ ਰੋਹ ਵਿਚ ਆ ਗਿਆ। ਪਰ ਅਸਮਰਥ ਲਾਚਾਰ ਬੇ-ਚਾਰਾ। ਮੇਰੀਆਂ ਅੱਖਾਂ ਲਾਲ ਹੋ ਗਈਆਂ ਮੁੱਠੀਆਂ ਮੀਚੀਆਂ ਗਈਆਂ ਅਤੇ ਮੈਂ ਭਾਰੇ ਬੋਝਲ ਮੰਨ ਨਾਲ ਅੰਦਰ ਆ ਗਿਆ।

ਮੌਸਮ ਕਾਫ਼ੀ ਗਰਮ ਸੀ ਲੋਢੇ ਵੇਲ਼ੇ ਵੀ ਗਰਮੀ ਪੂਰੇ ਜੋਰਾਂ ਸ਼ੋਰਾਂ ਤੇ ਸੀ। ਮਾਂ ਰਸੋਈ ਵਿਚ ਰੋਟੀ ਟੁੱਕ ਦੇ ਆਹ੍ਰੇ ਲੱਗੀ ਹੋਈ ਸੀ। ਉਹਦੇ ਕਪੜੇ ਮੁੜਕੇ ਨਾਲ ਤਰ ਹੋਏ ਪਏ ਸਨ।

ਅੱਜ ਮੌਸਮ ਬਹੁਤ ਖ਼ਰਾਬ ਹੈ। ਰੋਟੀ ਖਾ ਕੇ ਛੇਤੀ ਵੇਲ੍ਹੇ ਹੋ ਜਾਓ ਪੈਣ ਦਾ ਬੰਦੋਬਸਤ ਕਰ ਲਈਏ। ਮਾਂ ਨੇ ਸਾਰੇ ਜੀਆਂ ਨੂੰ ਮੌਸਮ ਖਿਲਾਫ਼ ਖ਼ਬਰਦਾਰ ਕੀਤਾ।

ਹਾਲੇ ਮਾਂ ਕਹਿ ਹੀ ਰਹੀ ਸੀ ਕਿ ਬੱਦਲ ਕੱੜ ਕੱੜ ...ਕਰਦਾ ਸਾਡੇ ਸਿਰਾਂ ਤੇ ਆ ਭਬਕਿਆ ਤੇ ਨਾਲ ਹੀ ਜੋਰ ਦਾ ਮੀਹ ਪੈਣਾ ਸ਼ੁਰੂ ਹੋ ਗਿਆ। ਗਰਮੀ ਕਾਰਨ ਸਾਰੇ ਟੱਬਰ ਦਾ ਦੰਮ ਘੁਟੀਂਦਾ ਜਾ ਰਿਹਾਂ ਸੀ ਛੋਟਾ ਬੱਬੂ ਮੁੜ ਮੁੜ ਗਰਮੀ ਦਾ ਜ਼ਿਕਰ ਕਰਦਾ ਤੇ ਬੁਰੇ ਹਾਲਾਂ ਨੂੰ ਕੋਸ ਰਿਹਾ ਸੀ।

ਰਾਤ ਮੀਂਹ ਚੰਗਾ ਵਰ੍ਹਿਆ ਤੇ ਮੁਹੱਲੇ ਦੀ ਗੰਦਗੀ ਨੂੰ ਵੀ ਸਿਰ ਪੁੱਟਣ ਦਾ ਮੌਕਾ ਮਿਲ ਗਿਆ। ਸਾਰੀਆਂ ਗਲੀਆਂ ਪਾਣੀ ਨਾਲ ਭਰ ਗਈਆਂ ਮੁਹਲੇ ਵਿੱਚ ਬਦਬੂ ਫੈਲ ਗਈ ਤੇ ਲਾਂਘਾ ਟਪਾ ਬੰਦ ਹੋ ਗਿਆ।

ਮੈਂ ਘਰਦਿਆਂ ਨੂੰ ਸਲਾਹ ਦਿੱਤੀ ਕਿ ਉਹ ਸਾਰੇ ਕੋਈ ਮਹੀਨਾਂ ਅੱਧ ਲਈ ਪਿੰਡ ਚਲੇ ਜਾਣ ਮੈਂ ਆਪੇ ਦੋ ਰੋਟੀਆਂ ਥੱਪ ਲਿਆ ਕਰਾਂ ਗਾ। ਪਹਿਲੇ ਤਾ ਮਾਂ ਮੇਰਾ ਇਹ ਸੁਝਾ ਮੰਨਣ ਤੋਂ ਇਨਕਾਰੀ ਸੀ ਪਰ ਮੇਰੇ ਮਜਬੂਰ ਕਰਨ ਤੇ ਮੰਨ ਗਈ ਇਸ ਤਰ੍ਹਾਂ ਸਾਰਾ ਟੱਬਰ ਪਿੰਡ ਚਲਿਆ ਗਿਆ।

ਹੁਣ ਇਨ੍ਹਾਂ ਲੋਕਾਂ ਦੀ ਜ਼ਿੰਦਗੀ ਨੂੰ ਸਮਝਣ ਲਈ ਮੇਰੇ ਕੋਲ ਚੋਖਾ ਵਕਤ ਬਚ ਗਿਆ ਸੀ ਤੇ ਮੈਂ ਹਰ ਰੋਜ਼ ਪੁਲੀਸ ਦਾ ਉਹ ਤਸ਼ੱਦਦ ਹੁੰਦਿਆਂ ਤੱਕਿਆ ਸੀ।

ਇੱਕ ਦੁਪਹਿਰ ਮੈਂ ਕੰਮ ਤੋਂ ਮੁੜ ਕਿ ਆਇਆ ਤਾਂ ਉਸ ਵੇਲੇ ਮੇਰੀ ਹਿਰਾਨੀ ਦੀ ਹੱਦ ਨਾ ਰਹੀ। ਮੁਹੱਲੇ ਵਿਚ ਸੁਨਸਾਨ ਦੀ ਤਰ੍ਹਾਂ ਚੁੱਪ ਸੀ ਕਿਤੇ ਕੋਈ ਚਾਂਗਰ ਦੀ ਆਵਾਜ਼ ਨਹੀਂ ਸੀ ਤੇ ਨਾਂ ਹੀ ਮੰਗਲ ਆਪਣੀ ਤੀਵੀ ਤੇ ਬੱਚਿਆਂ ਨੂੰ ਕੁੱਟ ਰਿਹਾ ਸੀ।

ਮੈਂ ਅੰਦਰ ਵੜ ਫਾਈਲਾਂ ਮੇਜ ਤੇ ਸੁੱਟ ਕਿ ਉਵੇਂ ਬਾਹਰ ਗਲੀ ਵਿੱਚ ਆਣ ਨਿਕਲਿਆ। ਥੋਹੜੀ ਪਾਸੇ ਵੱਲ ਨਿਗ੍ਹਾ ਮਾਰੀ। ਜੀਤੇ ਘਰ ਲੋਕਾਂ ਦਾ ਇਕੱਠ ਤੱਕਿਆ ਤੇ ਮੈਂ ਉਧਰ ਵੱਲ ਹੋ ਤੁਰਿਆ।

ਭਾਅ ਕੀ ਗੱਲ ਹੋ ਗਈ? ਮੈਂ ਇਕ ਜਾਣੇ ਨੂੰ ਥੋਹੜਾ ਪਾਸੇ ਬੁਲਾ ਕਿ ਪੁਛਿਆ।

ਸਵੇਰੇ ਪੁਲਸ ਜੀ ਘਰੇ ਆ ਪਈ। ਜੀਤਾ ਤੇ ਉਹਦੀ ਵਹੁਟੀ ਘਰੇ ਨਹੀਂ ਸਨ ਉਨ੍ਹਾਂ ਦੀ ਧੀ ਜਿਹੜੀ ਜਵਾਨ ਹੋ ਕਰਤਾਰੋ ਉਹੀ ਘਰ ਵਿੱਚ ਕੱਲੀ ਕਾਰੀ ਸੀ ਪੁਲਸ ਅੰਦਰ ਵੜ ਗਈ ਜੀਤੇ ਦੀ ਧੀ ਕਰਤਾਰੋ ਨਾਲ ਵਾਰੀ ਵਾਰੀ ਜ਼ਬਰਦਸਤੀ ਮੂੰਹ ਕਾਲਾ ਕੀਤਾ ਤੇ ਵਿਚਾਰੀ ਮਰ ਗਈ।

ਉਹ ਹਾਲੇ ਕੁਝ ਹੋਰ ਦੱਸ ਹੀ ਰਿਹਾ ਸੀ ਪਰ ਮੇਰੇ ਕੋਲ ਸੁਨਣ ਦੀ ਹਿੰਮਤ ਨਹੀਂ ਸੀ ਰਹੀ।

ਮੁਹੱਲੇ ਵਿੱਚ ਪੰਚਾਇਤਾਂ ਜੁੜਦੀਆਂ ਰਹੀਆਂ ਇਸ ਘਟਨਾ ਨੇ ਮੁਹੱਲੇ ਦੇ ਲੋਕਾਂ ਦੇ ਮਨਾਂ ਤੇ ਗਹਿਰਾ ਜ਼ਖ਼ਮ ਬਣਾ ਦਿੱਤਾ। ਲੋਕਾਂ ਦੇ ਮਨ ਜਾਗ ਪਏ। ਮੈਂ ਇਨ੍ਹਾਂ ਦਿਨਾਂ ਦੁਰਾਨ ਕੰਮ ਤੇ ਨਹੀਂ ਸੀ ਜਾ ਸਕਿਆ। ਮੁਹੱਲੇ ਵਿਚਲੇ ਇਨਸਾਨਾਂ ਵਿਚਲੀ ਜ਼ਿੰਦਗੀ ਇੱਕ ਨਵੇਂ

ਮੋੜ ਤੇ ਆ ਖੜੀ ਹੋਈ। ਉਨ੍ਹਾਂ ਸਹੁੰਆਂ ਖਾਧੀਆਂ ਕਿ ਉਹ ਮਹੱਲੇ ਦੀ ਧੀ ਭੈਣ ਦਾ ਬਦਲਾ ਪੁਲੀਸ ਤੋਂ ਜ਼ਰੂਰ ਲੈਣਗੇ। ਮੁਹੱਲੇ ਵਿੱਚ ਸ਼ਰਾਬ ਕਢਣੀ ਸਖ਼ਤੀ ਨਾਲ ਬੰਦ ਕਰ ਦਿੱਤੀ ਗਈ। ਸਾਰਿਆਂ ਨੇ ਪਰਣ ਕੀਤੀ ਉਹ ਹੁਣ ਸ਼ਰਾਬ ਦਾ ਧੰਦਾ ਨਹੀਂ ਕਰਨਗੇ । ਜੇ ਪੁਲੀਸ ਨੇ ਫਿਰ ਵੀ ਨਜਾਇਜ਼ ਤੰਗ ਕੀਤਾ ਤਾਂ ਗੰਡਾਸੇ ਸੋਟਿਆਂ ਨਾਲ ਫੇਹ ਸੁੱਟਣ ਗੇ। ਮੁਹੱਲੇ ਦੇ ਲੋਕ ਗੰਭੀਰ ਰੂਪ ਵਿੱਚ ਰਹਿਣ ਲੱਗ ਪਏ ਸਨ ਤੇ ਹੁਣ ਮੁਹੱਲੇ ਦੇ ਕਾਮੇ ਮੋਢੇ ਤੇ ਰੱਸੇ ਅਤੇ ਕਹੀਆਂ ਧਰ ਕੇ ਚੁੱਪ ਚਾਪ ਕੰਮ ਤੇ ਚਲੇ ਜਾਂਦੇ ਤੇ ਚੁੱਪ ਚਾਪ ਆ ਕਿ ਸੌਂ ਜਾਂਦੇ।

ਇਨ੍ਹਾਂ ਦਿਨਾਂ ਦੁਰਾਨ ਮੈਨੂੰ ਨਾਂ ਹੀ ਮੰਗਲ ਘਰੋ ਚੀਕ ਚਿਕਾੜੇ ਸੁਣਾਈ ਦਿੱਤੇ ਤੇ ਨਾਂ ਗਲੀ ਵਿੱਚ ਕਿਸੇ ਚਾਂਗਰ ਜਾਂ ਗ਼ਾਲ੍ਹ ਦੀ ਅਵਾਜ ਹੀ ਸੁਣਾਈ ਦਿੱਤੀ। ਹੁਣ ਮੁਹੱਲਾ ਕਿਸੇ ਅਨੋਖੇ ਵਾਤਾਵਰਣ ਵਿੱਚ ਸਵਾਰ ਲਗਦਾ ਸੀ। ਭਾਵੇਂ ਪੁਲੀਸ ਕਈ ਦਿਨ ਉਸ ਬਲਾਤਕਾਰ ਪਿਛੋਂ ਮੁਹੱਲੇ ਵਿੱਚ ਨਹੀਂ ਸੀ ਆਈ ਪਰ ਉਸ ਕਮਾਈ ਨੂੰ ਪੁਲੀਸ ਭੁੱਲ ਵੀ ਨਹੀਂ ਸੀ ਸਕਦੀ।

ਇੱਕੋ ਸ਼ਾਮ ਮੈਂ ਵੇਖਿਆ ਇੱਕ ਵੱਡਾ ਸਰਦਾਰ ਤੇ ਨਾਲ ਦਸ ਸਿਪਾਹੀ ਮੁਹੱਲੇ ਵਿੱਚ ਆ ਰਹੇ ਸਨ।

ਪੁਲੀਸ ਸਿੱਧੀ ਸ਼ੇਰੇ ਦੇ ਘਰ ਘੁਸ ਗਈ। ਉਹਦੇ ਪਾਟੇ ਪੁਰਾਣੇ ਕਪੜੇ ਖਿਲਾਰ ਸੁੱਟੇ। ਦਾਣਿਆਂ ਵਾਲੇ ਘੜੇ ਪਲਟ ਸੁੱਟੇ ਪਰ ਸਏ ਕੋਈ ਨਾਂ ਲੱਭੀ ਸ਼ੇਰਾ ਕੋਲ ਖੜਾ ਥਰ ਥਰ ਕੰਬ ਰਿਹਾ ਸੀ।

ਪਾ ਲੰਮਾ ਓਏ ਮੁਨਸ਼ੀ ਭੈਣ ਦੇਣਿਆਂ...। ਵੇਂਹਦਾ ਕੀ ਏਂ...। ਵੱਡੇ ਸਰਦਾਰ ਨੇ ਮੁਨਸ਼ੀ ਨੂੰ ਕੜਕਵੀ ਅਵਾਜ਼ ਵਿੱਚ ਹੁਕਮ ਦਿੱਤਾ ਤੇ ਬੱਸ ਪੁਲੀਸ ਨੇ ਮਾਰ ਮਾਰ ਸ਼ੇਰੇ ਦੀਆਂ ਹੱਡੀਆਂ ਕੜਕਾ ਸੁਟੀਆਂ।

ਸਰਦਾਰ ਜੀ ਮੁਹੱਲੇ ਨੇ ਸਹੁੰ ਖਾਧੀ ਹੈ ਅਸਾਂ ਸ਼ਰਾਬ ਨਹੀਂ ਜੇ ਕਢਣੀ। ਹਾੜਾ ਓਏ ਮੈਨੂੰ ਛੱਡ ਦਿਉ...। ਸ਼ੇਰਾ ਤਰਲੇ ਕੱਢ ਰਿਹਾ ਸੀ ਪਰ ਪੁਲੀਸ ਦੇ ਸੋਟਿਆਂ ਦੀ ਅਵਾਜ਼ ਵਿੱਚ ਉਸਦੇ ਹਾੜੇ ਪਾਉਣ ਦੀ, ਅਵਾਜ ਅਲੋਪ ਹੋ ਗਈ।

ਮੁਹੱਲੇ ਵਿੱਚ ਰੌਲਾ ਪੈ ਗਿਆ ਪੁਲੀਸ ਸ਼ੇਰੇ ਨੂੰ ਕੁੱਟ ਰਹੀ ਹੈ ਅਤੇ ਮਜਬੂਰ ਕਰ ਰਹੀ ਹੈ ਕਿ ਉਹ ਸ਼ਰਾਬ ਦਾ ਧੰਦਾ ਜਾਰੀ ਰੱਖਣ ਜੇ ਉਹ ਸ਼ਰਾਬ ਨਹੀਂ ਕਢਦੇ ਤਾਂ ਪੁਲੀਸ ਦੀ ਕਮਾਈ ਮਰਦੀ ਹੈ।

ਮੈਂ ਬਾਹਰ ਗਲੀ ਵਿੱਚ ਨਿਕਲ ਆਸੇ ਪਾਸੇ ਗਲੀਆਂ ਵਿੱਚ ਕਾਹਲੀ ਕਾਹਲੀ ਨਜ਼ਰਾਂ ਨਾਲ ਝਾਕ ਰਿਹਾ ਸਾਂ ਮੇਰਾ ਮੰਨ ਕ੍ਰਿਝ ਰਿਹਾ ਸੀ। ਮੈਂ ਤਲੀਆਂ ਮਲਦਾ ਥੋਹੜਾ ਅਗ੍ਹਾਂ ਪਿਛਾਂ ਹੋ ਕਿ ਇਧਰ ਉਧਰ ਤਕਿਆ। ਮੈਂ ਹੁਣੇ ਹੁਣੇ ਪੁਲੀਸ ਦੇ ਆਉਣ ਤੇ ਮੰਨ ਹੀ ਮਨ ਖੁਸ਼ ਹੋ ਰਿਹਾ ਸਾਂ ਬਈ ਮੁਹਲੇ ਦੇ ਲੋਕਾਂ ਨੇ ਸਹੁੰਆਂ ਖਾਧੀਆਂ ਨੇ ਹੁਣੇ ਨਿਕਲਣਗੇ ਗੰਡਾਸੇ ਹਥ ਵਿੱਚ ਲੈ ਡਾਂਗਾ ਹੱਥ ਵਿੱਚ ਲੈ ਪਰ ਮੈਨੂੰ ਕੋਈ ਸਖ਼ਸ਼ ਕਿਸੇ ਗਲੀ ਵਿਚ ਵੀ ਨਾਂ ਦਿਸਿਆਂ। ਮੇਰੇ ਅੰਦਰ ਝਈਆਂ ਉਠ ਰਹੀਆਂ ਸਨ ਇੱਕ ਵਾਰ ਤਾਂ ਮੇਰਾ ਜੀ ਕੀਤਾ ਠਾਣੇਦਾਰ ਦੇ ਗਲੋਂ ਪਿਸਤੌਲ ਖਿਚ ਸਾਰੇ ਪੁਲਸੀਆਂ ਨੂੰ ਭੁੰਨ ਦਿਆਂ ਪਰ...। ਸੜੇ ਬਲੇ ਸਰੀਰ ਨਾਲ ਮੈਂ ਚੁੱਪ ਅੰਦਰ ਵੜ ਆਇਆ।

ਨਹੀਂ ਮੈਨੂੰ ਇਸ ਮਾਮਲੇ ਵਿੱਚ ਦਖਲ ਅੰਦਾਜ਼ੀ ਨਹੀਂ ਕਰਨੀ ਚਾਹੀਦੀ। ਮੈਂ ਸਰਕਾਰੀ ਨੌਕਰੀ ਤੇ ਹਾਂ ਜੇ ਮੈਨੂੰ ਸਜ਼ਾ ਹੋ ਗਈ...ਜਾਂ ਫਿਰ ਨੌਕਰੀਓਂ ਕੱਢ ਦਿੱਤਾ ਤਾਂ ਮੇਰੇ ਘਰ ਦਾ ਕੀ ਬਣੇਗਾ ਸਾਰਾ ਟੱਬਰ ਭੁੱਖਾ ਮਰ ਜਾਵੇਗਾ ਇਉਂ ਕਲਪਦ੍ਹਿਆਂ ਰਾਤ ਪੈ ਗਈ। ਮੈਨੂੰ ਨੀਂਦ ਨਹੀਂ ਸੀ ਆ ਰਹੀ।

ਮੈਂ ਸਿਰਫ਼ ਆਪ ਦੇ ਢਿੱਡ ਲਈ ਹੀ ਜੀ ਰਿਹਾਂ ਇਨ੍ਹਾਂ ਵਿਚਾਰਿਆਂ ਦਾ ਕੌਣ ਏ ਕੌਣ ਏ ਵਾਲੀ ਵਾਰਸ ਇਨ੍ਹਾਂ ਲੋਕਾਂ ਦਾ ਜਿਹੜੇ ਆਪ ਦੀ ਬੋਟੀ ਬੋਟੀ ਪੁਲਸੀਆਂ ਅੱਗੇ ਪਾ ਰਹੇ ਨੇ।

ਮੈਂ ਅਲਾਣੀ ਮੰਜੀ ਤੇ ਸਾਰੀ ਰਾਤ ਉਠਦਾ ਬਹਿੰਦਾ ਰਿਹਾ ਤੇ ਵੇਹੜੇ ਦੇ ਚੱਕਰ ਕੱਟਦਾ ਰਿਹਾ ਇਓਂ ਰਾਤ ਗੁਜ਼ਰ ਗਈ।

ਸਵੇਰੇ ਸੂਰਜ ਦੀਆਂ ਕਿਰਨਾਂ ਨਾਲ ਮੁਹਲੇ ਦੇ ਬੰਦੇ ਸੱਥ ਵਿੱਚ ਇਕਠੇ ਹੋਣੇ ਸ਼ੁਰੂ ਹੋ ਗਏ, ਸਾਰੇ ਚੁੱਪ ਸਨ।

ਮੈਨੂੰ ਕੁੱਝ ਸੋਚਣਾ ਚਾਹੀਦਾ ਹੈ ਮੈਨੂੰ ਇਨ੍ਹਾਂ ਖ਼ਾਤਰ ਕੁਝ ਕਰਨਾ ਚਾਹੀਦਾ ਹੈ ਮੇਰਾ ਸਰੀਰ ਉਬਾਲੇ ਖਾਣ ਲੱਗਾ ਤੇ ਮੈਂ ਲਾਲ ਅੱਖਾਂ ਨਾਲ ਜੁੜੀ ਸਥ ਵਿੱਚ ਜਾ ਗਰਜਿਆ ਜਿਥੇ ਕਲ ਵਾਲੀ ਘਟਨਾ ਦੀ ਚਰਚਾ ਹੋ ਰਹੀ ਸੀ। ००

ਕਹਾਣੀ—

## ਧੰਦਾ

ਮੂਲ : ਦਾਮੋਦਰ ਦੱਤ ਦੀਕਸ਼ਤ
ਅਨੁ : ਗੁਰਦਿਆਲ ਦਲਾਲ

ਭੇਜੂ ਦਾ ਖਿਆਲ ਸੀ ਕਿ ਕਲਕੱਤੇ ਵਿੱਚ ਜਿੱਥੇ ਕਿਤੇ ਜੰਗਲ ਜਿਹਾ ਹੋਇਆ ਉਹ ਆਪਣੀ ਕੁੱਲੀ ਪਾ ਲਵੇਗਾ। ਪਰ ਕਲਕੱਤੇ ਪਹੁੰਚ ਉਸ ਦਾ ਇਹ ਸੁਪਨਾ ਮਿੱਟੀ ਵਿੱਚ ਮਿਲ ਗਿਆ। ਭੀੜ ਭਰੇ ਇਸ ਮਹਾਂਨਗਰ ਵਿੱਚ ਨਾਂ ਤਾਂ ਉਸ ਨੂੰ ਕਿਧਰੇ ਜੰਗਲ ਮਿਲਿਆ ਤੇ ਨਾਂ ਹੀ ਐਨੀ ਥਾਂ ਕਿ ਉਹ ਆਪਣੀ ਕੁੱਲੀ ਪਾ ਸਕੇ। ਦਸ ਦਿਨਾਂ ਤੱਕ ਤਾਂ ਉਸ ਨੂੰ ਹਾਵੜਾ ਪਲੇਟਫਾਰਮ ਤੇ ਹੀ ਡੇਰਾ ਜ਼ਮਾਉਣਾ ਪਿਆ। ਅਖ਼ੀਰ ਬੜੀ ਮੁਸ਼ਕਲ ਨਾਲ ਖਿਦਰਪੁਰ ਦੇ ਗੰਦੇ ਨਾਲੇ ਕੋਲ ਟੀਨਾਂ ਦੇ ਇੱਕ ਲੰਮੇਂ ਸ਼ੈਡ ਹੇਠ 8 × 14 ਵ: ਫੁੱਟ ਅਕਾਰ ਦੇ ਇੱਕ ਹਿੱਸੇ ਵਿੱਚ

ਉਸ ਨੂੰ ਸ਼ਰਣ ਮਿਲ ਗਈ। ਕਿਰਾਇਆ 50 ਰੁਪਏ ਮਹੀਨਾ ਤਹਿ ਹੋਇਆ ਤੇ ਪਗੜੀ ਇੱਕ ਹਜ਼ਾਰ ਰੁਪਿਆ। ਇੱਥੇ ਆ ਕੇ ਪਗੜੀ ਸ਼ਬਦ ਉਸਨੂੰ ਨਫ਼ਰਤ ਭਰਿਆ ਲੱਗਣ ਲੱਗ ਪਿਆ ਸੀ। ਸਿਰ ਛੁਪਾਉਣ ਨੂੰ ਥਾਂ ਜ਼ਰੂਰ ਮਿਲ ਗਈ ਸੀ ਪਰ ਹਾਲਤ ਤਰਸਯੋਗ ਹੀ ਬਣੀ ਰਹੀ।

ਆਂਢ-ਗੁਆਂਢ ਵਾਲੇ ਦਿਨ ਭਰ ਤੂੰ-ਤੂੰ, ਮੈਂ-ਮੈਂ ਕਰਕੇ ਕਲੇਸ਼ ਖੜ੍ਹਾ ਰੱਖਦੇ। ਹਮੇਸ਼ਾ ਸ਼ੋਰ ਸ਼ਰਾਬਾ ਮਚਿਆ ਹੀ ਰਹਿੰਦਾ। ਮੌਕਾ ਤਾੜਕੇ ਕੋਈ ਉਸ ਦਾ ਚਿਮਟਾ ਉੜਾ ਲੈ ਜਾਂਦਾ ਤੇ ਕੋਈ ਖੱਲਪਾੜ ਖਿਸਕਾ ਲੈਂਦਾ। ਮੀਂਹ ਪੈਣ ਵੇਲੇ ਉਸ ਦੇ ਹਿੱਸੇ ਵਿੱਚ ਲੋਕੀ ਆਪਣੇ ਸਮਾਨ ਸਮੇਤ ਆ ਵੜਦੇ। ਉਹ ਜਾਂ ਉਸ ਦੀ ਪਤਨੀ ਕੁਝ ਕਹਿੰਦੇ ਤਾਂ ਉਹ ਮਰਨ-ਮਾਰਨ ਤੇ ਉਤਰ ਆਉਂਦੇ। ਸਭ ਤੋਂ ਵੱਧ ਤਕਲੀਫ਼ ਉਸ ਨੂੰ ਜੰਗਲ-ਪਾਣੀ ਜਾਣ ਦੀ ਸੀ। ਪਿੰਡ ਵਿੱਚ ਟੋਭੇ ਦੇ ਕੰਢੇ, ਝਾੜਾਂ ਦੇ ਪਿੱਛੇ ਲੁਕ ਕੇ ਉਹ ਜੰਗਲ-ਪਾਣੀ ਜਾਇਆ ਕਰਦਾ ਸੀ। ਇੱਥੇ ਬਦਬੂਦਾਰ ਨਾਲੇ ਦੇ ਉੱਤੇ ਲਾਇਨ ਲਾਉਣੀ ਪੈਂਦੀ ਹੈ। ਸ਼ੁਰੂ-ਸ਼ੁਰੂ ਵਿੱਚ ਤਾਂ ਸ਼ਰਮ ਦਾ ਮਾਰਿਆ ਉਹ ਚੰਗੀ ਤਰ੍ਹਾਂ ਜੰਗਲ-ਪਾਣੀ ਹੀ ਨਾ ਜਾ ਸਕਦਾ। ਤੀਵੀਆਂ ਦੇ ਜੰਗਲ-ਪਾਣੀ ਜਾਣ ਦਾ ਵੀ ਇਹੋ ਹਾਲ। ਬੱਸ, ਐਨਾ ਫਰਕ ਕਿ ਤੀਵੀਆਂ ਨਾਲੇ ਦੇ ਉੱਤਰੀ ਕੰਢੇ ਵੱਲ ਜਾਂਦੀਆਂ ਤੇ ਆਦਮੀ ਦੱਖਣ ਵੱਲ।

"ਕਿੱਥੋਂ ਦੇ ਰਹਿਣ ਵਾਲੇ ਹੋ ਭੇਜੂ ?" ਅਸਗਰ ਸਾਹਿਬ ਦਾ ਸਵਾਲ ਸੀ।

"ਗੋਰਖਪੁਰ ਜ਼ਿਲੇ ਦਾ ਹਾਂ।" ਭੇਜੂ ਦੇ ਮੂੰਹੋਂ ਨਿਕਲਿਆ। ਉਹ ਘਰ ਜਾਣ ਦੀ ਕਾਹਲ ਵਿੱਚ ਸੀ।

"ਤਾਂ ਉੱਤਰ ਪ੍ਰਦੇਸ਼ ਦੇ ਰਹਿਣ ਵਾਲੇ ਹੋ।"

"ਬਾਬੂ ਜੀ, ਮੈਨੂੰ ਇਹਨਾਂ ਗੱਲਾਂ ਦਾ ਨਹੀਂ ਪਤਾ। ਪਤਾ ਏ ਤਾਂ ਐਨਾ ਕਿ ਗੋਰਖ਼ਪੁਰ (ਜ਼ੋਰ ਦੇ ਕੇ) ਜ਼ਿਲੇ ਦਾ ਰਹਿਣ ਵਾਲਾ ਹਾਂ।"

"ਕਿਹੜੀ ਜ਼ਾਤ ਦਾ ਏਂ ?"

"ਹਰੀਜਨ।"

ਇਸ ਮਗਰੋਂ ਅਸਗਰ ਸਾਹਬ ਨੇ, ਜਿਸ ਕੋਲ ਉਹ ਡੇਢ ਮਹੀਨੇ ਤੋਂ ਮਜ਼ਦੂਰੀ ਕਰ ਰਿਹਾ ਸੀ, ਉਸ ਨੂੰ ਚਾਹ ਮੰਗਵਾ ਕੇ ਪਿਲਾਈ।

ਇੰਜ ਅਕਸਰ ਹੋਣ ਲੱਗਾ। ਕੰਮ ਖ਼ਤਮ ਹੁੰਦਿਆਂ ਹੀ ਅਸਗਰ ਸਾਹਿਬ ਉਸਨੂੰ ਰੋਕ ਲੈਂਦੇ, ਸੁੱਖ-ਸਾਂਦ ਪੁੱਛਦੇ ਅਤੇ ਚਾਹ-ਪਾਣੀ ਪਿਲਾ ਦੇਂਦੇ। ਉਹ ਅਸਗਰ ਸਾਹਬ ਤੇ ਮੋਹਿਤ ਸੀ ਤੇ ਉਸ ਨਾਲੋਂ ਵੀ ਵੱਧ ਆਪਣੇ ਆਪ ਤੇ। ਉਹ ਸੋਚਦਾ ਉਸ ਵਿੱਚ ਜ਼ਰੂਰ ਕੋਈ ਵਿਸ਼ੇਸ਼ ਗੁਣ ਹੈ। ਤਦੇ ਤਾਂ ਐਨੇ ਸਾਰੇ ਮਜ਼ਦੂਰਾਂ ਵਿੱਚੋਂ ਅਸਗਰ ਸਾਹਬ ਉਸੇ ਨੂੰ ਹੀ ਮਾਣ ਨਾਲ ਬੁਲਾਉਂਦੇ ਹਨ।

"ਇੱਕ ਦਿਨ ਅਸਗਰ ਸਾਹਿਬ ਕਹਿਣ ਲੱਗੇ, "ਭੇਜੂ ਤੂੰ ਐਥੋਂ ਦੀ ਜ਼ਿੰਦਗੀ ਨਾਲ ਖ਼ੁਸ਼ ਏਂ ?"

"ਕਾਹਦੇ ਖੁਸ਼ ਹਾਂ, ਬਾਬੂ ਜੀ। ਇੱਥੇ ਵੀ ਉਹੀ ਪਰੇਸ਼ਾਨੀ ਹੈ। ਬੜੀ ਮੁਸ਼ਕਲ ਨਾਲ ਖਰਚ ਪੂਰਾ ਹੁੰਦਾ ਹੈ। ਰਹਿਣ ਲਈ ਸਰਾਂਇ ਜਿਹੀ ਲਈ ਏ ਉੱਥੇ ਹਮੇਸ਼ਾ ਜੂਤ-ਪਤਾਣ ਰਹਿੰਦਾ ਹੈ।"

"ਤਾਂ ਕੁਝ ਅਜਿਹਾ ਕਰੋ ਜਿਸ ਨਾਲ ਹਾਲਤ ਸੁਧਰੇ।"

"ਕੀ ਕਰਾਂ ਬਾਬੂ ਜੀ ?"

ਅਸਗਰ ਸਾਹਬ ਨੇ ਕੁਝ ਸੋਚਣ ਦਾ ਬਹਾਨਾ ਕਰਦਿਆਂ ਕਿਹਾ, "ਕੁਝ ਦੱਸਾਂ ਤਾਂ ਸ਼ਾਇਦ ਤੈਨੂੰ ਮਨਜ਼ੂਰ ਹੀ ਨਾ ਹੋਵੇ।"

"ਦੱਸੋ ਮਨਜ਼ੂਰ ਕਿਉਂ ਨਹੀਂ ਹੋਵੇਗਾ ?"

"ਨਹੀਂ ਤੈਨੂੰ ਬਿਲਕੁਲ ਮਨਜ਼ੂਰ ਨਹੀਂ ਹੋ ਸਕਣਾ।"

"ਨਹੀਂ ਦੱਸੋ, ਮੈਨੂੰ ਸਭ ਮਨਜ਼ੂਰ ਹੋਵੇਗਾ।"

"ਤੈਨੂੰ ਜੀਅ ਤਕੜਾ ਕਰਨਾ ਪਵੇਗਾ।"

"ਜੀਅ ਤਾਂ ਤਕੜਾ ਹੀ ਏ, ਸਰਕਾਰ।"

"ਸਾਡੀ ਬਿਰਾਦਰੀ ਵਿੱਚ ਸ਼ਾਮਲ ਹੋ ਜਾਉ।" ਫਿਰ ਥੋੜ੍ਹਾ ਰੁਕ ਕੇ ਬੋਲੇ, "ਖੜ੍ਹੇ ਪੈਰ ਪੰਜ ਹਜ਼ਾਰ ਦੁਆ ਦੇਵਾਂਗਾ। ਰਹਿਣ ਲਈ ਘੱਟ ਕਿਰਾਏ ਤੇ ਮਕਾਨ ਅਲੱਗ ਰਿਹਾ। ਨਲਕਾ ਹੋਵੇਗਾ। ਟੱਟੀ ਹੋਵੇਗੀ। ਇਹ ਸਭ ਕੁਝ ਤੁਰੰਤ ਹੋ ਜਾਵੇਗਾ। ਜੇ ਕਦੀ ਤੈਨੂੰ ਕੋਈ ਮੁਸ਼ਕਲ ਆਵੇਗੀ ਤਾਂ ਸਾਰੀ ਬਿਰਾਦਰੀ ਤੇਰੀ ਮਦਦ ਲਈ ਟੁੱਟ ਪਵੇਗੀ। ਸਾਡੀ ਬਿਰਾਦਰੀ ਵਿੱਚ ਸ਼ਾਨ ਨਾਲ ਰਹੇਗੇ। ਬਰਾਬਰੀ ਦਾ ਅਹਿਸਾਸ ਹੋਵੇਗਾ। ਮੈਂ ਕਹਿੰਦਾ ਹਾਂ ਜੇ ਤੂੰ ਸਾਡੀ ਬਿਰਾਦਰੀ ਵਿੱਚ ਆ ਜਾਵੇਂ ਮੈਂ ਤੇਰੀ ਜੂਠ ਖਾਵਾਂਗਾ।"

"ਆਪਣਾ ਧਰਮ ਕਿਵੇਂ ਛੱਡ ਦਿਆਂ ?" ਫਟੀਆਂ ਅੱਖਾਂ ਨਾਲ ਭੇਜੂ ਬੋਲਿਆ।

"ਇੱਕ ਧਰਮ ਛੁੱਟੇਗਾ ਤਾਂ ਦੂਜਾ ਮਿਲ ਜਾਵੇਗਾ। ਬਥੇਰਾ ਚਿਰ ਰਹਿ ਲਿਆ ਏਂ ਇਸ ਧਰਮ ਵਿੱਚ।" ਅਸਗਰ ਸਾਹਬ ਨੇ ਦਲੀਲ ਦਿੱਤੀ।

ਅਗਲੀ ਸ਼ਾਮ ਭੇਜੂ ਅੱਖ ਬਚਾ ਕੇ ਦੌੜ ਜਾਣਾ ਚਾਹੁੰਦਾ ਸੀ ਪਰ ਅਸਗਰ ਸਾਹਬ ਨੇ ਟੋਕ ਹੀ ਦਿੱਤਾ, "ਸ਼ਾਮਲ ਹੋਣਾ, ਨਾ ਹੋਣਾ ਤੇਰੇ ਦਿਲ ਦੀ ਮੌਜ ਏ। ਗੱਲ ਕਰਨ ਵਿੱਚ ਤਾਂ ਨਹੀਂ ਕੁਝ ਘਟ ਜਾਣਾ ?" ਉਸਦਾ ਅੱਗੇ ਉੱਠਿਆ ਕਦਮ ਉੱਠਿਆ ਹੀ ਰਹਿ ਗਿਆ।

"ਭੇਜੂ ਘਾਟੇ ਦਾ ਸੌਦਾ ਨਹੀਂ।" ਅਸਗਰ

ਸਾਹਬ ਨੇ ਉਸ ਨੂੰ ਪ੍ਰਭਾਵਤ ਕਰਨ ਲਈ ਜ਼ੋਰ ਦੇ ਕੇ ਕਿਹਾ।

"ਕੀ ਦੱਸਾਂ ਬਾਬੂ ਜੀ।"

"ਨਹੀਂ, ਕਹਿ ਜੋ ਕਹਿਣਾ ਹੈ।"

"ਲੋਕੀ ਕੀ ਕਹਿਣਗੇ ?"

"ਜਦੋਂ ਢਿੱਡ ਭਰ ਕੇ ਖਾਣ ਨੂੰ ਨਹੀਂ ਮਿਲ ਰਿਹਾ ਤਾਂ ਲੋਕ ਕਿਉਂ ਨਹੀਂ ਕੁਝ ਕਹਿੰਦੇ ?"

"ਲੋਕ ਕਹਿਣਗੇ ਲਾਲਚ ਵਿੱਚ ਫਸ ਕੇ ਧਰਮ ਛੱਡ ਦਿੱਤਾ।"

"ਜਦੋਂ ਨਿਆਣੇ ਭੁੱਖ ਬਿਮਾਰੀ ਨਾਲ ਤੜਫ਼-ਤੜਫ਼ ਕੇ ਮਰ ਜਾਣਗੇ ਤਾਂ ਤੇਰਾ ਕਿਹੜਾ ਧਰਮ ਰਹੇਗਾ ?"

"ਮੰਨ ਲਉ ਮੈਂ ਬਣ ਜਾਂਦਾ ਹਾਂ ਤਾਂ ਕੀ ਮੇਰੀ ਘਰ ਵਾਲੀ ਨੂੰ ਬੁਰਕਾ ਪਾਉਣਾ ਪਵੇਗਾ ?"

"ਪਾ ਲਵੇ ਤਾਂ ਬੜੀ ਚੰਗੀ ਗੱਲ ਏ। ਬੇਪਰਦਗੀ ਚਲੀ ਜਾਵੇਗੀ। ਭੇਜੂ, ਤੂੰ ਪੜ੍ਹਿਆ-ਲਿਖਿਆ ਨਹੀਂ ਏਂ। ਨਹੀਂ ਤਾਂ ਮੌਲਾਨਾ ਮੌਦੀ ਦੀ ਕਿਤਾਬ 'ਪਰਦਾ' ਜਿਸ ਦਾ ਭਾਰ ਪੰਜ ਕਿੱਲੋ ਦੇ ਕਰੀਬ ਹੈ, ਤੈਨੂੰ ਪੜ੍ਹਾਉਂਦਾ। ਫੇਰ ਤੇਰੇ ਖਾਨੇ 'ਚ ਗੱਲ ਪੈਂਦੀ ਬਈ ਪਰਦਾ ਕੀ ਚੀਜ਼ ਹੈ। ਫੇਰ ਵੀ ਜੇ ਤੂੰ ਨਾਂ ਚਾਹੇ ਐਨੀ ਕੁ ਛੋਟ ਤੈਨੂੰ ਮਿਲ ਜਾਵੇਗੀ।"

"ਤੇ ਬਾਬੂ ਜੀ ਮੇਰੀ ਮੁਸਲਮਾਨੀ ਵੀ ਕੀਤੀ ਜਾਵੇਗੀ ?"

ਅਸਗਰ ਸਾਹਬ ਨੇ ਮੁਸਕਰਾ ਕੇ ਕਿਹਾ, "ਚਾਹੁੰਦੇ ਹੋ ?"

"ਮੈਨੂੰ ਡਰ ਲਗਦਾ ਹੈ।"

"ਚੱਲ ਤੇਰੇ ਵਾਸ਼ਤੇ ਇਹ ਵੀ ਮਨਜ਼ੂਰ, ਪਰ ਬੱਚਿਆਂ ਨੂੰ ਤਾਂ ਸੁੰਨਤ ਕਰਾਉਣੀ ਹੀ ਪਵੇਗੀ।"

"ਪਰ ਮੇਰੇ ਬੱਚੇ ਰੋਂਦੇ ਬਹੁਤ ਨੇ, ਮੁਸਲਮਾਨੀ ਵੇਲੇ ਤਾਂ ਜਾਨ ਹੀ ਨਿਕਲ ਜਾਊ ਉਹਨਾਂ ਦੀ।"

"ਭੇਜੂ ਤੂੰ ਵੀ ਮੂਰਖਾਂ ਵਾਲੀਆਂ ਗੱਲਾਂ ਕਰਦਾ ਏਂ। ਮੁਸਲਮਾਨੀ ਕਰਾਉਂਦੇ ਸਮੇਂ ਅੱਜ ਤੀਕ ਕੋਈ ਮਰਿਆ ਏ ? ਸਭ ਕੁਝ ਢੰਗ ਨਾਲ ਕੀਤਾ ਜਾਂਦਾ ਏ। ਅੰਨ੍ਹੇਵਾਹ ਕਤਲਾਮ ਨਹੀਂ ਹੁੰਦਾ।

"ਚੰਗਾ ਜੀ, ਹੋਰ ਕੀ ਕੀ ਹੋਵੇਗਾ ?" ਉਸ ਦੇ ਚਿਹਰੇ ਤੇ ਹੈਰਾਨੀ ਅਤੇ ਉਤਸੁਕਤਾ ਦੇ ਚਿੰਨ ਉੱਭਰੇ।

"ਹੋਣਾ ਕੀ ਏ, ਤੁਹਾਡੇ ਹਿੰਦੂਆਂ ਦੀ ਤਰ੍ਹਾਂ ਸਾਡੇ ਬਹੁਤੇ ਟਟਵੈਰ ਨਹੀਂ ਹੁੰਦੇ। ਝੱਟ ਮੰਗਣੀ-ਪੱਟ ਵਿਆਹ ਵਾਲੀ ਗੱਲ ਹੁੰਦੀ ਏ। ਇਮਾਮ ਸਾਹਬ ਤੁਹਾਡੇ ਨਵੇਂ ਨਾਉਂ ਰੱਖ ਦੇਣਗੇ। ਨਿਮਾਜ਼ ਵਿੱਚ ਬੈਠ ਜਾਣਾ ਬੱਸ ਮੁਸਲਮਾਨ ਹੋ ਗਏ। ਨਿਮਾਜ਼ ਪੜ੍ਹਨੀ ਮੈਂ ਤੈਨੂੰ ਸਿਖਾ ਹੀ ਦੇਵਾਂਗਾ।

"ਪਰ ਮੈਂ ਨਿਮਾਜ਼ ਕਿਵੇਂ ਸਿੱਖਾਂਗਾ। ਕਦੋਂ ਉੱਠਣਾ ਏਂ, ਕਦੋਂ ਬੈਠਣਾ ਏਂ। ਇਹ ਸਭ ਭੁੱਲ ਜਾਵਾਂਗਾ। ਅਨਪੜ੍ਹ ਹਾਂ ਨਾਂ।"

"ਬੱਲੇ ਓਇ ਤੇਰੇ, ਜਾਹਲ ਬੰਦੇ ਤਾਂ ਸਭ ਤੋਂ ਵਧੀਆ ਨਿਮਾਜ਼ ਪੜ੍ਹਦੇ ਹਨ। ਨਿਮਾਜ਼ ਦੀ ਜ਼ਿੰਮੇਵਾਰੀ ਮੇਰੇ ਤੇ ਰਹੀ। ਮੈਂ ਤੈਨੂੰ ਚੰਗੀ ਤਰ੍ਹਾਂ ਸਿਖਾ ਦਿਆਂਗਾ।"

ਅਗਲੀ ਸਵੇਰ ਭੇਜੂ ਅਸਗਰ ਸਾਹਬ ਨਾਲ ਗੱਲਾਂ ਕਰਨ ਲਈ ਆਪ ਰੁਕ ਗਿਆ।

"ਇੱਕ ਗੱਲ ਕਰਨੀ ਸੀ ਤੁਹਾਡੇ ਨਾਲ।"

"ਕਰੋ ਭੇਜੂ।" ਕਹਿੰਦਿਆਂ ਅਸਗਰ ਸਾਹਿਬ ਨੇ ਨੌਕਰ ਨੂੰ ਚਾਹ ਲਈ ਬੋਲ ਦਿੱਤਾ।

"ਪੰਜ ਹਜ਼ਾਰ ਘੱਟ ਨੇ।"

ਇਹ ਸੁਣਦਿਆਂ ਹੀ ਅਸਗਰ ਸਾਹਬ ਅੱਗ ਦੀ ਲਾਟ ਵਾਂਗ ਭੜਕੇ, "ਘੱਟ ਨੇ ? ਤੇਰੀਆਂ ਸੱਤ ਪੀੜ੍ਹੀਆਂ ਨੇ ਵੀ ਪੰਜ ਹਜ਼ਾਰ ਵੇਖੇ ਨੇ ? ਮੂਰਖ ਕਿਸੇ ਥਾਂ ਦਾ।"

"ਬਾਬੂ ਜੀ, ਜਦੋਂ ਅਸੀਂ ਆਪਣਾ ਧਰਮ ਛੱਡਾਂਗੇ ਤਾਂ ਸਾਨੂੰ ਵੀ ਤਾਂ ਕੁਛ ਮਜਬੂਤੀ ਦੀ ਲੋੜ ਪਵੇਗੀ।" ਭੇਜੂ ਨੇ ਬਿਨਾਂ ਕਿਸੇ ਡਰ ਤੋਂ ਜ਼ੋਰ ਦੇ ਕੇ ਕਿਹਾ।

"ਐਨਿਆਂ ਨਾਲ ਮਜ਼ਬੂਤੀ ਨਹੀਂ ਆਵੇਗੀ ?"

"ਕਿਥੇ ਆਵੇਗੀ।"

"ਫੇਰ ਕਿੰਨਿਆਂ ਨਾਲ ਆਵੇਗੀ ?"

"ਠੀਕ-ਠੀਕ ਕਹਾਂ ਤਾਂ ਤਿੰਨ ਹਜ਼ਾਰ ਹੋਰ ਦੁਆ ਦਿਉ।"

ਥੋੜ੍ਹੀ ਦੇਰ ਤੱਕ ਚੁੱਪ ਪਸਰੀ ਰਹੀ। ਫਿਰ ਅਸਗਰ ਸਾਹਬ ਨੇ ਕਿਹਾ, "ਠੀਕ ਹੈ, ਐਨਾਂ ਹੀ ਮਿਲੇਗਾ। ਪਰ ਹੁਣੇ ਗੱਲ ਨਹੀਂ ਟਾਲਣੀ ਹੋਵੇਗੀ, ਨਹੀਂ ਤਾਂ..."

"ਨਹੀਂ ਬਾਬੂ ਜੀ, ਐਨਾ ਮਿਲ ਜਾਵੇਗਾ ਤਾਂ ਬਹੁਤ ਹੋਵੇਗਾ। ਹੋਰ ਲਾਲਚ ਨਹੀਂ ਦਿਖਾਵਾਂਗਾ।"

"ਸੌਂਹ ਖਾ ਕੇ ਬਹਿ ਗਈ ਅੱਠ ਹਜ਼ਾਰ ਤੋਂ ਜ਼ਿਆਦਾ ਨਹੀਂ ਮੰਗੇਂਗਾ। ਅਤੇ ਮੁਸਲਮਾਨ ਬਣੇਗਾ।" ਭੇਜੂ ਨੇ ਸੌਂਹ ਖਾ ਲਈ।

ਅਗਲੇ ਦਿਨ ਮਸਜਿਦ ਵਿਚ, ਹਿੰਦੂਆਂ ਵਿਚ ਨਾਪਾਕ ਸਮਝੇ ਜਾਣ ਵਾਲੇ ਭੇਜੂ ਨੂੰ ਪਾਕ ਮਨਜ਼ੂਰ ਬਣਾ ਦਿੱਤਾ। ਉਸੇ ਦਿਨ ਉਸਦੇ ਦੋਨਾਂ ਲੜਕਿਆਂ ਦੀ ਮੁਸਲਮਾਨੀ ਵੀ ਹੋ ਗਈ। ਦੋਨਾਂ ਲੜਕਿਆਂ ਦੇ ਨਾਉਂ ਅਲਤਾਫ਼ ਅਹਿਮਦ ਅਤੇ ਮੁਸ਼ਤਾਕ ਅਹਿਮਦ ਰੱਖ ਦਿਤੇ ਗਏ। ਉਸ ਦੀ ਘਰਵਾਲੀ ਦਾ ਨਾਂ ਰੱਖਿਆ ਗਿਆ ਜ਼ੇਬੁਨ, ਮਤਲਬ ਜ਼ੇਬੁਨਿਸਾ। ਉਸੇ ਦਿਨ ਮਸਜਿਦ ਦੇ

ਪਿਛਾੜੀ ਇਕ ਕੋਠੜੀ ਵਿਚ ਭੋਜੂ ਨੇ, ਜਿਹੜਾ ਹੁਣ ਮਨਜ਼ੂਰ ਅਹਿਮਦ ਬਣ ਗਿਆ ਸੀ, ਆਪਣਾ ਡੇਰਾ ਜਮਾ ਲਿਆ।

ਮਨਜ਼ੂਰ ਅਹਿਮਦ ਨੇ ਮਸਜਿਦ ਦੇ ਪਿਛਾੜੀ ਕੋਠੜੀ ਵਿਚ ਲਗਾਤਾਰ ਡੇਢ ਸਾਲ ਗੁਜ਼ਾਰ ਦਿੱਤਾ। ਇਕ ਸ਼ਾਮ ਕੰਮ ਤੋਂ ਪਰਤਕੇ ਮੰਜੇ ਤੇ ਅਰਾਮ ਕਰਦਿਆਂ ਪਤਾ ਨਹੀਂ ਮਨ ਵਿਚ ਕੀ ਵੇਗ ਉੱਠਿਆ ਕਿ ਉਸ ਨੇ ਜ਼ੇਬੁਨ ਨੂੰ ਕਿਹਾ, "ਹੁਣ ਤਾਂ ਪਿੰਡ ਵਿਚ ਹੀ ਰਹਾਂਗੇ।"

"ਕੀ ਪਾਗ਼ਲ ਹੋ ਗਿਆ ਏਂ ? ਪਿੰਡ ਵਿਚ ਜਾ ਕੇ ਕੀ ਕਰਾਂਗੇ ?"

"ਕੁਝ ਵੀ ਕਰੀਏ ਪਰ ਐਥੇ ਨਹੀਂ ਰਹਿਣਾ।" ਇੰਨਾ ਕਹਿ ਕੇ ਉਸ ਨੇ ਸਮਾਨ ਇਕੱਠਾ ਕਰਨਾ ਸ਼ੁਰੂ ਕਰ ਦਿਤਾ। ਫਿਕਰਵੰਦ ਜ਼ੇਬੁਨ ਨੇ ਪੁੱਛਿਆ, "ਕਿਉਂ ਗੱਲ ਕੀ ਹੋ ਗਈ ? ਤੈਨੂੰ ਕਿਸੇ ਨੇ ਕੁਛ ਕਿਹਾ ਏ ?"

"ਨਹੀਂ ਕਿਸੇ ਨੇ ਕੁਛ ਨਹੀਂ ਕਿਹਾ।"

"ਫੇਰ ਕੀ ਹੋਇਆ ?"

ਹੋਣਾ ਕੀ ਏ ? ਐਥੇ ਨਹੀਂ ਲਗਦਾ ਦਿਲ। ਦਮ ਘੁਟਦਾ ਏ ਮੇਰਾ ਤਾਂ।"

"ਹੁਣੇ ਥੋੜ੍ਹੀ ਦੇਰ ਪਹਿਲਾਂ ਤੱਕ ਦਮ ਨਹੀਂ ਸੀ ਘੁਟਦਾ ? ਪਏ ਪਏ ਦਾ ਦਮ ਘੁਟਣ ਲੱਗ ਪਿਆ ?"

"ਵੇਖ ਮੇਰੇ ਨਾਲ ਬਹੁਤੀ ਬਹਿਸ ਕਰਨ ਦੀ ਲੋੜ ਨਹੀਂ। ਚਿੱਤ ਮੰਨਦਾ ਏ ਤਾਂ ਚੁੱਪ ਚਾਪ ਚੱਲ, ਨਹੀਂ ਤਾਂ ਐਥੇ ਹੀ ਰਹਿ।"

ਜ਼ੇਬੁਨ ਚੁੱਪ ਹੋ ਗਈ। ਥੋੜ੍ਹੀ ਦੇਰ ਬਾਅਦ ਬੋਲੀ, "ਪਰ ਪਿੰਡ ਜਾਵਾਂਗੇ ਤਾਂ ਬਿਰਾਦਰੀ ਵਾਲੇ ਕੀ ਕਹਿਣਗੇ ?"

ਇਸ ਗੱਲ ਦੀ ਚਿੰਤਾ ਨਾ ਕਰ।"

"ਫੇਰ ਵੀ, ਮੈਨੂੰ ਵੀ ਕੁਝ ਦੱਸ, ਮੈਂ ਤੇਰੀ ਪਤਨੀ ਹਾਂ।"

"ਸੱਚ ਤਾਂ ਇਹ ਹੈ ਕਿ ਮੁਸਲਮਾਨ ਹੋਣ ਤੋਂ ਮੇਰਾ ਮਨ ਭਰ ਗਿਆ ਏ। ਨਿਮਾਜ਼ਾਂ, ਰੋਜ਼ੇ ਇਹ ਕਰ, ਉਹ ਨਾ ਕਰ। ਇਹ ਸਭ ਕੁਝ ਹੁਣ ਮੈਥੋਂ ਨਹੀਂ ਹੋਵੇਗਾ।

ਪਰ ਅਸਗਰ ਸਾਹਬ ਕੀ ਕਹਿਣਗੇ ?"

"ਗੋਲੀ ਮਾਰ ਉਹਦੇ। ਉਹ ਕਿਹੜਾ ਪਹਿਰੇਦਾਰ ਏ ਜਿਹੜਾ ਰਾਤ ਨੂੰ ਪਹਿਰਾ ਦੇਂਦਾ ਏ।"

ਪਿੰਡ ਜਿਹੜਾ ਬੰਦਾ ਪਹੁੰਚਿਆ ਸੀ ਉਹ ਮਨਜ਼ੂਰ ਅਹਿਮਦ ਨਹੀਂ, ਭੋਜੂ ਸੀ। ਰਸਤੇ ਵਿਚ ਕਿਸੇ ਸਟੇਸ਼ਨ ਤੇ ਆਪਣੀ ਦਾਹੜੀ ਮੁੰਨਵਾ ਕੇ, ਬੱਚਿਆਂ ਦੀਆਂ ਗੋਲ ਟੋਪੀਆਂ ਸੁੱਟ ਕੇ, ਉਸ ਨੇ ਪਹਿਲਾਂ ਵਾਲਾ ਹੀ ਰੂਪ ਧਾਰਣ ਕਰ ਲਿਆ ਸੀ। ਆਪਣੀ ਕੁੱਲੀ ਪਾ ਕੇ ਉਸਨੇ ਮਜ਼ਦੂਰੀ ਸ਼ੁਰੂ ਕਰ ਦਿੱਤੀ।

ਪਿੰਡ ਛੱਡਣ ਤੋਂ ਪਹਿਲਾਂ ਵੀ ਉਹ ਮਜ਼ਦੂਰੀ ਕਰਦਾ ਸੀ, ਬਾਬੂ ਸਾਹਬ ਦੇ ਘਰ। ਬੰਨ੍ਹੀ-ਬਨ੍ਹਾਈ ਮਜ਼ਦੂਰੀ ਵਾਲੀ ਕੋਈ ਗੱਲ ਨਹੀਂ ਸੀ। ਜਦੋਂ ਉਹ ਕੁਝ ਮੰਗਦਾ, ਬਾਬੂ ਸਾਹਬ ਕੁਝ ਨਾ ਕੁਝ ਉਸਦੇ ਹੱਥ ਤੇ ਧਰ ਦੇਂਦੇ। ਉਸ ਦਾ ਆਪਣਾ ਡੇਢ ਵਿੱਘੇ ਦਾ ਖੇਤ ਵੀ ਸੀ। ਆਪਣੇ ਖੇਤ ਵਿਚ ਉਹ ਆਪ ਹਲ ਵਾਹੁੰਦਾ, ਫਸਲ ਬੀਜਦਾ, ਵਾਢੀ ਕਰਦਾ, ਪਰ ਉਸਦੀ ਇਕ ਤਿਹਾਈ ਪੈਦਾਵਾਰ ਹੀ ਉਸ ਨੂੰ ਮਿਲਦੀ। ਦੋ-ਤਿਹਾਈ ਪੈਦਾਵਾਰ ਬਾਬੂ ਸਾਹਬ ਦੇ ਖਾਤੇ 'ਚ ਚਲੀ ਜਾਂਦੀ, ਕਿਉਂਕਿ ਉਹਨਾਂ ਨੇ ਖੇਤ ਵਟਾਈ ਤੇ ਲੈ ਰੱਖਿਆ ਸੀ। ਉਹ ਇਸੇ ਵਟਾਈ-ਲੁਟਾਈ ਖੇਤ ਵੇਚਿਆ ਤੇ ਕਲਕੱਤੇ ਨੂੰ ਚੱਲ ਪਿਆ ਸੀ।

ਹੁਣ ਭੋਜੂ ਦਾ ਪਿੰਡ ਵਿਚ ਬਹੁਤੇ ਦਿਨਾਂ ਤੱਕ ਜੀਅ ਨਾ ਲੱਗਿਆ। ਧਰਮ ਬਦਲੀ ਦੀ ਕਮਾਈ ਮੁਕਦਿਆਂ ਹੀ ਉਸ ਨੂੰ ਫਿਰ ਪਰਦੇਸ ਜਾਣਾ ਪਿਆ। ਇਸ ਵਾਰੀ ਤਾਂ ਪਰਦੇਸ ਬੰਬਈ ਸੀ। ਬੰਬਈ ਉਸ ਲਈ ਕੁਝ ਸੁਖਾਲਾ ਰਿਹਾ। ਪਹੁੰਚਿਆ ਹੀ ਸੀ ਕਿ ਮਜ਼ਦੂਰੀ ਮਿਲ ਗਈ। ਜਿਸ ਬਹੁ-ਮੰਜ਼ਲੀ ਇਮਾਰਤ ਦੇ ਨਿਰਮਾਣ ਵਿਚ ਉਸ ਨੂੰ ਮਜ਼ਦੂਰੀ ਮਿਲੀ ਸੀ, ਉੱਥੇ ਹੀ ਅੱਧੀ ਮਜ਼ਦੂਰੀ ਤੇ ਉਸ ਦੀ ਪਤਨੀ ਨੂੰ ਕੰਮ ਮਿਲ ਗਿਆ। ਰਹਿਣ ਲਈ ਠੇਕੇਦਾਰ ਦੁਆਰਾ ਬਣਵਾਈ ਗਈ ਇਕ ਝੌਂਪੜੀ ਮੁਫ਼ਤ ਮਿਲ ਗਈ।

ਇਕ ਸ਼ਾਮ ਉਹ ਲੱਤਾਂ ਪਸਾਰੀ ਆਪਣੀ ਝੌਂਪੜੀ ਦੇ ਬਾਹਰ ਬੈਠਾ ਸੀ ਕਿ ਇਕ ਔਰਤ ਆ ਧਮਕੀ। ਭੋਜੂ ਘਬਰਾ ਕੇ ਉੱਠ ਖੜਾ ਹੋਇਆ। ਉਹ ਮੁਸਕਰਾ ਰਹੀ ਸੀ। ਭੋਜੂ ਨੇ ਮੰਜਾ ਡਾਹ ਦਿੱਤਾ। ਉਹ ਮੁਸਕਰਾਉਂਦੀ ਹੋਈ ਮੰਜੇ ਤੇ ਬੈਠ ਗਈ। ਉਸ ਨੇ ਭੋਜੂ ਨੂੰ ਈਸਾ ਮਸੀਹ ਦੇ ਬਾਰੇ ਵਿਚ ਬੜੇ ਵਿਸਥਾਰ ਨਾਲ ਦੱਸਿਆ। ਇਕ ਸੁੱਖ ਦੀ ਕਲਪਨਾ ਕਰਦਿਆਂ ਭੋਜੂ ਦੇ ਮੂੰਹ 'ਚ ਲੋਰ ਟਪਕ ਆਈ। ਕਹਿ ਬੈਠਾ, "ਤੁਸੀਂ ਬੜੀਆਂ ਚੰਗੀਆਂ ਗੱਲਾਂ ਦੱਸ ਰਹੇ ਹੋ।"

"ਕੀ ਸੱਚ ਮੁੱਚ ਤੈਨੂੰ ਮੇਰੀਆਂ ਗੱਲਾਂ ਪਸੰਦ ਆਈਆਂ ?"

"ਹਾਂ ਤੁਸੀਂ ਬੜੀਆਂ ਚੰਗੀਆਂ ਗੱਲਾਂ ਕਰ ਰਹੇ ਹੋ!" ਤੇ ਉਹ ਔਰਤ ਕਦੀ ਫਿਰ ਆਉਣ ਲਈ ਆਖ ਚਲੀ ਗਈ।

ਕੁਝ ਮੁਲਾਕਾਤਾਂ ਫਿਰ ਹੋਈਆਂ। ਇੱਕ ਦਿਨ ਉਹ ਔਰਤ ਭੋਜੂ ਨੂੰ ਫਾਦਰ ਡਿਸੂਜ਼ਾ ਕੋਲ ਲੈ ਗਈ। ਫਾਦਰ ਕੋਲ ਭੋਜੂ ਧਰਮ ਬਦਲੀ ਦੇ ਛੇ ਹਜ਼ਾਰ ਲੈਣ ਤੇ ਅੜ

ਗਿਆ। ਫਾਦਰ ਨੇ ਪਹਿਲਾਂ ਤਾਂ ਉਸ ਨੂੰ ਕਾਫੀ ਬੁਰਾ ਭਲਾ ਕਿਹ। ਪਰ ਮਨ ਵਿੱਚ ਇਹ ਹਿਸਾਬ-ਕਿਤਾਬ ਲਾਉਂਦਿਆਂ ਕਿ ਇਸ ਦੀਆਂ ਪੀੜ੍ਹੀਆਂ ਅੱਗੇ ਤੁਰਨਗੀਆਂ—ਵਧਣਗੀਆਂ ਤੇ ਉਹ ਸਭ ਇਸਾਈ ਹੋਣਗੀਆਂ ਅਤੇ ਇਹ ਨਫ਼ੇ ਦਾ ਹੀ ਸੌਦਾ ਹੋਵੇਗਾ। ਉਸ ਨੇ ਛੇ ਹਜ਼ਾਰ ਦੇਣ ਦੀ ਸਹਿਮਤੀ ਦੇ ਦਿੱਤੀ।

ਭੇਜੂ, ਉਸ ਦੀ ਪਤਨੀ ਅਤੇ ਦੋ ਬੱਚਿਆਂ ਦਾ ਰਸਮ ਅਨੁਸਾਰ ਬਪਿੱਤਸਮਾ ਹੋਇਆ। ਜਿਨ੍ਹਾਂ ਦੇ ਨਾਂ ਕ੍ਰਮਵਾਰ ਇਸ ਪ੍ਰਕਾਰ ਸਨ—ਜੋਜ਼ਫ਼, ਐਲਵਰੇਡਾ, ਪੀਟਰ ਅਤੇ ਵਿਕਟਰ। ਰਹਿਣ ਲਈ ਉਸ ਨੂੰ ਗਿਰਜਾ-ਘਰ ਦੇ ਅਹਾਤੇ ਵਿੱਚ ਇੱਕ ਕੋਠੜੀ ਮਿਲ ਗਈ ਪਤਨੀ ਐਲਵਰੇਡਾ ਨੂੰ ਗਿਰਜਾ ਘਰ ਵਿੱਚ ਸਫ਼ਾਈ ਦਾ ਕੰਮ ਮਿਲ ਗਿਆ ਅਤੇ ਜੋਜ਼ਫ਼ ਆਪਣੇ ਵੱਡੇ ਲੜਕੇ ਪੀਟਰ ਨਾਲ ਮਜ਼ਦੂਰੀ ਪਰ ਜਾਣ ਲੱਗਿਆਂ। ਹਰ ਸ਼ਾਮ ਉਹ ਪ੍ਰਵਾਰ ਸਮੇਤ ਗਿਰਜਾਘਰ ਵਿੱਚ ਪ੍ਰਾਰਥਨਾ ਕਰਦਾ। ਫ਼ਾਦਰ ਨੇ ਜੋਜ਼ਫ਼ ਅਤੇ ਉਸ ਦੇ ਪੁੱਤਰਾਂ ਨੂੰ ਪੁਰਾਣੇ ਪੈਂਟ ਕਮੀਜ਼ ਅਤੇ ਉਸ ਦੀ ਪਤਨੀ ਨੂੰ ਪੁਰਾਣਾ ਸਕਰਟ ਦਿੱਤਾ। ਉਹਨਾਂ ਨੇ ਆਪਣੇ ਪੁਰਾਣੀ ਕਿਸਮ ਦੇ ਕੱਪੜਿਆਂ ਨੂੰ ਅਲਵਿਦਾ ਆਖੀ ਤੇ ਆਧੁਨੀਕਰਣ ਕਰ ਲਿਆਂ।

ਇੱਕ ਸਵੇਰ ਗਿਰਜਾਘਰ ਦੀ ਸਫ਼ਾਈ ਜਦ ਦੇਰ ਤੱਕ ਨਾ ਹੋਈ ਤਾਂ ਇੱਕ ਨੰਨ ਐਲਵਰੇਡਾ ਨੂੰ ਬੁਲਾਉਣ ਗਈ। ਕੋਠੜੀ ਕੋਲ ਜਾ ਕੇ ਕਈ ਅਵਾਜ਼ਾਂ ਮਾਰਨ ਉੱਤੇ ਵੀ ਜਦੋਂ ਕੋਈ ਨਾ ਬੋਲਿਆ ਤਾਂ ਉਸ ਨੇ ਹੱਥ ਨਾਲ ਦਰਵਾਜ਼ਾ ਧੱਕਿਆ। ਖਾਲੀ ਕੋਠੜੀ ਭਾਂ-ਭਾਂ ਕਰ ਰਹੀ ਸੀ। ਜੋਜ਼ਫ਼ ਪਰਵਾਰ ਸਮੇਤ ਉਡਾਰੀ ਮਾਰ ਗਿਆ ਸੀ।

ਇਸ ਵਾਰ੍ਹੀ ਵੀ ਭੇਜੂ ਪੱਕੇ ਤੌਰ ਤੇ ਆਪਣੇ ਪਿੰਡ ਨਾ ਰੁਕਿਆ। ਬੰਬਈ ਦੀ ਕਮਾਈ ਮੁੱਕਣ ਦੀ ਦੇਰ ਸੀ ਕਿ ਉਹ ਪਰਵਾਰ ਸਮੇਤ ਦਿੱਲੀ ਆ ਗਿਆ। ਦਿੱਲੀ ਵਿਚ ਕਾਫ਼ੀ ਦਿਨਾਂ ਤੱਕ ਐਧਰ-ਉਧਰ ਮਜ਼ਦੂਰੀ ਕਰਦਾ ਰਿਹਾ। ਇੱਕ ਦਿਨ ਉਹ ਠੇਕੇਦਾਰ ਸਰਦਾਰ ਹਰਨੈਲ ਸਿੰਘ ਦੇ ਸੰਪਰਕ ਵਿੱਚ ਆ ਗਿਆ। ਸਰਦਾਰ ਜੀ ਨੇ ਗੁੜਗਾਉਂ ਰੋਡ ਉੱਤੇ ਆਪਣੇ ਇੱਟਾਂ ਦੇ ਭੱਠੇ ਤੇ ਉਸ ਨੂੰ ਚੌਂਕੀਦਾਰ ਬਣਾ ਕੇ ਭੇਜ ਦਿੱਤਾ। ਉਸ ਦੇ ਦੋਨੋਂ ਬੱਚੇ ਵੀ ਮਜ਼ਦੂਰੀ ਕਰਨ ਲੱਗ ਪਏ।

ਸਰਦਾਰ ਹਰਨੈਲ ਸਿੰਘ ਅਕਾਲੀ ਦਲ ਦੇ ਸ਼ਰਧਾਲੂ ਅਤੇ ਉੱਘੇ ਮੈਂਬਰ ਸਨ। ਵੱਡੇ ਵੱਡੇ ਸਿੱਖ ਲੀਡਰਾਂ ਨੂੰ ਉਹ ਝਾੜ ਪਾ ਦਿਆ ਕਰਦੇ ਸਨ, "ਤੁਸੀਂ ਸਿੱਖ ਪੰਥ ਵਾਸਤੇ ਕੀਤਾ ਹੀ ਕੀ ਹੈ? ਅਜ਼ਾਦੀ ਮਗਰੋਂ ਕਿੰਨੇ ਲੋਕਾਂ ਨੂੰ ਤੁਸੀਂ ਸਿੱਖ ਬਣਾਇਆ?"

ਉਹਨਾਂ ਦਾ ਮੌਲਿਕ ਵਿਚਾਰ ਸੀ ਕਿ ਪੰਥ ਦੇ ਵਿਸਥਾਰ ਵਾਸਤੇ ਹਰ ਸਿੱਖ ਨੂੰ ਇਹ ਪ੍ਰਣ ਲੈਣਾ ਚਾਹੀਦਾ ਹੈ ਕਿ ਉਹ ਘੱਟੋ-ਘੱਟ ਦਸ ਬੰਦਿਆਂ ਨੂੰ ਸਿੱਖ ਬਣਾਵੇ। ਖਾਲਿਸਤਾਨ ਦੇ ਮਸਲੇ ਵਿੱਚ ਉਹਨਾਂ ਕੋਲ ਇੱਕ ਨਵੀਂ ਯੋਜਨਾ ਸੀ। ਉਹ ਚਾਹੁੰਦੇ ਸਨ ਕਿ ਧਰਮ ਬਦਲੀ ਦੁਆਰਾ ਦਿੱਲੀ ਵਿੱਚ ਸਿੱਖਾਂ ਦੀ ਬਹੁਗਿਣਤੀ ਬਣਾ ਕੇ ਖਾਲਿਸਤਾਨ ਦੀ ਰਾਜਧਾਨੀ ਦਿੱਲੀ ਨੂੰ ਹੀ ਬਣਾਇਆ ਜਾਵੇ।

ਹਰਨੈਲ ਸਿੰਘ ਜੀ ਦੀ ਗ਼ੈਰ ਸਿੱਖਾਂ ਨਾਲ ਕਾਫ਼ੀ ਦੋਸਤੀ ਸੀ। ਉਹ ਜਦੋਂ ਵੀ ਆਪਣੇ ਕੋਲ ਚਾਰ-ਛੇ ਗੈਰ ਸਿੱਖਾਂ ਨੂੰ ਬੈਠੇ ਵੇਖਦੇ ਤਾਂ ਪੰਥ ਦਾ ਗੁਣ ਗਾਉਣ ਲੱਗ ਪੈਂਦੇ। ਫੇਰ ਵੀ ਲੋਕਾਂ ਤੇ ਗਹਿਰਾ ਪ੍ਰਭਾਵ ਪਾਉਣ ਵਿੱਚ ਉਹ ਸਦਾ ਅਸਮਰਥ ਰਹੇ ਸਨ। ਮਸਲਾ ਤਾਂ ਘੱਟੋ-ਘੱਟ ਦਸ ਬੰਦਿਆਂ ਨੂੰ ਸਿੱਖ ਬਨਾਉਣ ਦਾ ਸੀ। ਪਰ ਗੱਲ ਇੱਕ ਦੀ ਵੀ ਨਹੀਂ ਸੀ ਬਣ ਰਹੀ। ਆਖ਼ਰ 'ਦੇਰ ਆਏ ਦਰੁਸਤ ਆਏ' ਦੇ ਖ਼ਿਆਲ ਨਾਲ ਉਹ ਇੱਕ ਦਿਨ ਇਸ ਨਤੀਜੇ ਤੇ ਪਹੁੰਚੇ ਕਿ ਅੱਜ ਕੱਲ੍ਹ ਲੋਕ ਧਾਰਮਿਕ ਸਿੱਖਿਆਵਾਂ ਨਾਲ ਨਹੀਂ ਸਗੋਂ ਰੁਪਏ ਦੇ ਜ਼ੋਰ ਨਾਲ ਧਰਮ ਬਦਲੀ ਕਰਦੇ ਹਨ।

ਭੇਜੂ ਨਾਲ ਉਹਨਾਂ ਨੇ ਧਰਮ ਬਦਲੀ ਦੀ ਗੱਲ ਕੀਤੀ ਤਾਂ ਭੇਜੂ ਨੇ ਨਾਂ ਮਗਰੋਂ ਭੇਜੂ ਨੇ ਸਿੱਖ ਬਣਨਾ ਤਾਂ ਮੰਨ੍ਹ ਲਿਆ ਪਰ ਦਸ ਹਜ਼ਾਰ ਦੀ ਮੰਗ ਰੱਖ ਦਿੱਤੀ। ਸਰਦਾਰ ਜੀ ਨੂੰ ਉਸ ਰਾਤ ਨੀਂਦ ਨਾ ਆਈ। ਇੱਕ ਪਾਸੇ ਐਨੇ ਰੁਪਏ ਤੇ ਦੂਜੇ ਪਾਸੇ ਧਰਮ ਬਦਲੀ ਲਈ ਹੱਥ ਲੱਗਿਆ ਪਹਿਲਾ ਬੰਦਾ। ਕਾਫ਼ੀ ਉਧੇੜ-ਬੁਣਨ ਮਗਰੋਂ ਰਾਤ ਦੇ ਤਿੰਨ ਵਜੇ ਉਹਨਾਂ ਨੇ ਫੈਸਲਾ ਕਰ ਲਿਆ। ਤੁਰੰਤ ਉੱਠੇ ਤੇ ਭੱਠੇ ਤੇ ਪਹੁੰਚ ਗਏ। ਭੇਜੂ ਨੂੰ ਜਗਾਇਆ ਤੇ ਦੱਸਿਆ ਕਿ ਉਹ ਸਿੱਖ ਬਣਨ ਲਈ ਤਿਆਰ ਹੋ ਜਾਵੇ। ਉਸ ਦੀ ਮੰਗ ਪੂਰੀ ਕੀਤੀ ਜਾਵੇਗੀ।

ਉਸ ਦਿਨ ਠੀਕ ਗਿਆਰਾਂ ਵਜੇ ਗੁਰਦੁਆਰੇ ਵਿਚ ਗੁਰਬਾਣੀ ਦੀ ਧੀਮੀ ਲੈ ਵਿਚ ਭੇਜੂ ਨੇ ਪਰਵਾਰ ਸਮੇਤ ਸਿੱਖ ਧਰਮ ਗ੍ਰਹਿਣ ਕਰ ਲਿਆ। ਉਸ ਨੂੰ ਤੇ ਉਸ ਦੇ ਪੁੱਤਰਾਂ ਨੂੰ ਕੜਾ, ਕਛਹਿਰਾ, ਕੰਘਾ, ਕਿਰਪਾਨ ਤੇ ਪਗੜੀਆਂ ਮਿਲ ਗਈਆਂ। ਹੁਣ ਉਹਦਾ ਨਾਂ ਗੁਰਭਾਗ ਸਿੰਘ, ਪਤਨੀ ਦਾ ਜਸਵੀਰ ਕੌਰ ਤੇ ਪੁੱਤਰਾਂ ਦੇ ਨਾਂ ਗੁਰਭੇਜ ਸਿੰਘ ਤੇ ਗੁਰਮੇਲ ਸਿੰਘ ਰੱਖੇ ਗਏ। ਅਗਲੇ ਦਿਨ੍ਹ ਤੋਂ ਭੱਠੇ ਉੱਤੇ ਸਿੱਖ ਧਰਮ ਦੇ ਵੱਡੇ-ਵੱਡੇ ਲੀਡਰਾਂ, ਨਿਹੰਗ ਸਿੰਘਾਂ ਪੱਤਰਕਾਰਾਂ ਆਦਿ ਦੀ ਭੀੜ ਲੱਗਣੀ ਸ਼ੁਰੂ ਹੋ ਗਈ। ਹਰਨੈਲ ਸਿੰਘ ਬੜੇ ਮਾਣ ਨਾਲ ਦੱਸਦੇ :

"ਆਪਣੇ ਧਰਮ ਦੀਆਂ ਕੁਲੀਨ ਜਾਤਾਂ ਦੇ ਅੱਤਿਆਚਾਰਾਂ ਤੋਂ ਦੁਖੀ ਹੋ ਕੇ ਗੁਰਭਾਗ ਸਿੰਘ ਨੇ ਖ਼ੁਸ਼ੀ ਨਾਲ ਆਪਣਾ ਧਰਮ ਛੱਡਿਆ ਹੈ। ਇਹ ਤਾਂ ਕੇਵਲ ਮੁੱਢ ਹੈ। ਅੱਗੇ ਵੇਖੋ ਕੀ ਬਣਦਾ ਹੈ।"

ਸੱਚਮੁਚ ਜੋ ਅੱਗੇ ਹੋਇਆ ਉਹ ਵੇਖਣਯੋਗ ਸੀ। ਦਸ ਮਹੀਨੇ ਬਾਦ ਗੁਰਭਾਗ ਸਿੰਘ ਭੱਠੇ ਤੋਂ ਤਿੱਤਰ ਹੋ ਗਿਆ। ਐਧਰ ਸਰਦਾਰ ਹਰਨੈਲ ਸਿੰਘ, ਆਪਣੀਆਂ ਕਾਰਾਂ, ਮੋਟਰ ਸਾਈਕਲਾਂ ਅਤੇ ਟਰੱਕ ਦੌੜਾਈ ਇੱਕੋ-ਇਕ ਨਮੂਨੇ ਦੀ ਖੋਜ ਲਈ ਭੱਜੇ ਫਿਰ ਰਹੇ ਸਨ ਤੇ ਉੱਧਰ ਉਹ ਤੇਜ਼ ਰਫਤਾਰ ਗੱਡੀ ਵਿਚ ਆਪਣੇ ਨਾਲ ਬੈਠੇ ਨੌਜਵਾਨ ਤੋਂ ਬੜੇ ਹੌਸਲੇ ਨਾਲ ਪੁੱਛ ਰਿਹਾ ਸੀ :

"ਭਾਈ ਸਾਹਬ, ਆਪਣੇ ਦੇਸ਼ ਵਿਚ ਹਿੰਦੂ, ਮੁਸਲਮਾਨ, ਸਿੱਖ ਅਤੇ ਇਸਾਈ ਧਰਮ ਤੋਂ ਬਿਨਾਂ ਕੋਈ ਹੋਰ ਧਰਮ ਵੀ ਹੁੰਦਾ ਹੈ?"

['ਸਰਿਤਾ' ਤੋਂ ਧੰਨਵਾਦ ਸਹਿਤ]

# ਬਿਜਲੀ ਰਾਣੀ ਦੀ ਕਹਾਣੀ......(2)

ਐਮ. ਸੀ. ਭਾਰਦਵਾਜ

## ਪਹਿਲੇ ਭਾਗ ਦਾ ਸਾਰ :

ਪਹਿਲੇ ਹਿੱਸੇ ਵਿਚ ਵਿਸਥਾਰਪੂਰਵਕ ਦਸਿਆ ਗਿਆ ਸੀ ਕਿ ਅਨੱਰਜੀ (ਬਿਜਲੀ-ਸ਼ਕਤੀ) ਵਰਗੇ ਅਤੀ ਮਹੱਤਵਪੂਰਵਕ ਅਦਾਰੇ ਨੂੰ ਬੜੀ ਬੁਰੀ ਤਰ੍ਹਾਂ ਅਣਗੌਲਿਆ ਜਾ ਰਿਹਾ ਹੈ—ਅਨੱਰਜੀ ਸਬੰਧੀ ਰਾਖਵੇਂ ਖੋਜ ਬੱਜਟ ਵਿਚੋਂ 88 ਫੀਸਦੀ ਐਟਮ ਬੰਬ ਅਤੇ ਸ਼ੁੱਕਰ-ਸ਼ਨਿਚਰ ਗ੍ਰਿਹਾਂ ਦੀ ਖੋਜ ਉਪਰ ਹੀ ਫੂਕੀ ਤੁਰੇ ਜਾ ਰਹੇ ਹਨ ਜਦੋਂ ਕਿ ਤੇਲ+ਬਿਜਲੀ ਅਤੇ ਕੋਲੇ ਦੇ ਸਾਧਨਾਂ ਉਪਰ ਕੁਲ ਮਿਲਾ ਕੇ 12 ਫੀਸਦੀ ਹੀ ਖਰਚ ਹੋ ਰਿਹਾ ਹੈ...ਨਤੀਜੇ ਵਜੋਂ ਦਿਨ-ਬ-ਦਿਨ ਕੋਲੇ, ਬਿਜਲੀ ਅਤੇ ਪੈਟਰੋਲ ਦੀ ਥੁੜ੍ਹੋਂ ਆਈ ਜਾ ਰਹੀ ਹੈ...

ਪਹਿਲੇ 5 ਸਾਲਾਂ ਵਿਚ, ਪੈਟਰੋਲ ਮੰਗਵਾਉਣ ਖ਼ਾਤ੍ਰ ਤਕਰੀਬਨ ਦੋ ਸੌ ਅਰਬ ਦਾ ਸਮਾਨ (ਦੁੱਧ, ਘਿਉ, ਅੰਬ-ਸਿਉ, ਜਰਸੀਆਂ ਸਵੈਟਰ ਆਦਿ ਆਦਿ) ਬਾਹਰ ਭੇਜਿਆ ਗਿਆ ਆਪਣੇ ਬੱਚਿਆਂ ਦੇ ਮੂੰਹੋਂ ਦੁਧ ਘਿਉ ਖੋਹ 2 ਕੇ, ਅਮ੍ਰੀਕਾ, ਇੰਗਲੈਂਡ, ਮਿਸਰ, ਸਾਉਦੀ ਅਰਬੀਆ ਆਦਿ ਨੂੰ ਭੇਜੀ ਜਾਣਾ ਕਿਧਰ ਦੀ ਸਿਆਣਪ ਹੈ...?

ਇਸ ਦਸ ਅਕਤੂਬਰ ਦੇ ਅਖ਼ਬਾਰ ਵਿਚ ਸੁਰਖੀ ਸਾਹਿਤ ਖਬਰ ਸੀ—"ਹੁਣ ਪੰਜਾਬ ਤੋਂ ਤਾਜ਼ਾ ਸਬਜ਼ੀਆਂ ਸਿਧੀਆਂ ਹੀ ਲੰਡਨ ਪੁਜਿਆ ਕਰਨਗੀਆਂ" ਮੇਰੀ ਸੂਝ ਮੁਤਾਬਕ ਇਹ ਖ਼ਬਰ ਖੁਸ਼ੀ ਦੀ ਨਹੀਂ ਸਗੋਂ ਗ਼ਮੀ ਦੀ ਖ਼ਬਰ ਹੈ ਕਿਉਂਕਿ ਹੁਣ ਸਾਡੇ ਬੱਚੇ ਅੰਬ ਅੰਗੂਰਾਂ ਵਾਂਗੂ, ਭਿੰਡੀਆਂ ਨੂੰ ਵੀ ਤਰਸਦੇ ਰਿਹਾ ਕਰਨਗੇ !!! ਅਜਕਲ ਸਾਡੇ ਦੇਸ਼ ਦੀਆਂ ਤਮਾਮ ਸੋਨਾ-ਕਾਨਾ ਵਿਚੋਂ 24 ਕੁਵਿੰਟਲ ਸੋਨਾ ਹਰ ਸਾਲ ਕਢਿਆ ਜਾ ਰਿਹਾ ਹੈ (ਕੀਮਤ 43 ਕਰੋੜ) ਅਗਰ ਤਮਾਮ ਸੋਨਾ ਵੀ ਐਕਸਪੋਰਟ ਕਰਦੇ ਜਾਈਏ ਤਾਂ ਤਿੰਨਾਂ ਦਿਨਾਂ ਜੋਗਾ ਪੈਟਰੋਲ ਬਾਹਰੋਂ ਨਹੀਂ ਹਾਂ ਮੰਗਵਾ ਸਕਦੇ...??? ਅਸੀਂ ਸਲਾਨਾ 50 ਅਰਬ ਦਾ ਤੇਲ ਮੰਗਵਾ ਰਹੇ ਹਾਂ ਜਦ ਕਿ ਹਿੰਦੁਸਤਾਨ ਭਰ ਵਿਚਲੀ ਤਮਾਮ (35 ਕਰੋੜ ਕੁਵਿੰਟਲ) ਕਣਕ ਦਾ ਮੁੱਲ 49 ਅਰਬ ਸਲਾਨਾ ਹੀ ਬੈਠਦਾ ਹੈ। ਵੈਸੇ ਥੀਨ ਡੈਮ ਜਿਡੇ ਸੱਤ ਡੈਮ ਵੀ ਐਨੀ ਮਾਇਆ ਨਾਲ ਬਣਾਏ ਜਾ ਸਕਦੇ ਹਨ ... ਭਾਵੇਂ ਤੇਲ ਦਾ ਵਧੀਆ ਬਦਲ ਬਿਜਲੀ ਹੈ ਪਰ ਥੀਨ ਡੈਮ ਦੀ ਮਨਜ਼ੂਰੀ ਹੀ 16 ਸਾਲਾਂ ਤੀਕ, ਪਲੈਨਿੰਗ ਕਮਿਸ਼ਨ ਨੇ ਰੋਕ ਛੱਡੀ ਸੀ—ਜਿਸਦੇ ਚੇਅਰਮੈਨ, ਸੱਤ ਘੱਟ ਬਹਤਰ, ਸ੍ਰੀ ਮਤੀ ਇੰਦਰਾ ਗਾਂਧੀ ਜੀ (ਅੰਡਰ ਮੈਟ੍ਰਿਕ) ਖੁਦ ਆਪ ਹਨ ..ਅਗਰ ਇਹੋ ਡੈਮ 1972 ਤੀਕ ਪੂਰਾ ਹੋ ਜਾਂਦਾ ਤਾਂ ਹਰ ਰੋਜ਼, ਘਟੋ ਘਟ 20 ਲੱਖ ਰੁਪਈਆਂ ਦੀ ਤਾਂ ਬਿਜਲੀ ਹੀ ਪ੍ਰਾਪਤ ਹੁੰਦੀ। ਅਜ ਦੀਆਂ ਕੀਮਤਾਂ ਮੁਤਾਬਕ ਹਰ ਸਾਲ ਘਟੋ ਘਟ 80 ਕਰੋੜ ਦੀ ਬਿਜਲੀ ਪ੍ਰਾਪਤ ਹੁੰਦੀ ਤੇ ਇਸਤੋਂ ਵੀ ਵੀਹ ਗੁਣਾ ਵਧੇਰੇ ਪੈਦਾਵਾਰ ਵਿਚ ਵਾਧਾ ਹੁੰਦਾ (ਪਰ ਇਸ ਤਰ੍ਹਾਂ ਪੰਜਾਬ ਵਿਚ ਪੰਜ ਲੱਖੀ ਬੇਕਾਰ ਸੈਨਾ ਨਹੀਂ ਸੀ ਤਿਆਰ ਹੋਣ) ਅਗਰ ਕੁਲ ਘਾਟਾ ਗਿਣਿਆ ਜਾਏ ਤਾਂ ਲੱਖਾਂ, ਕਰੋੜਾਂ ਵਿਚ ਨਹੀਂ ਸਗੋਂ ਅਰਬਾਂ-ਖਰਬਾਂ ਵਿਚ ਪੁੱਜੇਗਾ...??? ਦੇਸ਼ ਦੇ 90 ਫੀਸਦੀ ਪਾਣੀ ਸੋਮੇ ਵਿਅਰਥ ਜਾ ਰਹੇ ਹਨ ਜਿਨ੍ਹਾਂ ਤੇ ਬੰਧ ਮਾਰਕੇ ਅਗਰ ਬਿਜਲੀ ਪ੍ਰਾਪਤ ਕੀਤੀ ਜਾਏ ਤਾਂ 70 ਭਾਖੜਾ ਡੈਮਾਂ ਜਿਨੀ ਬਿਜਲੀ ਹੋਰ ਪ੍ਰਾਪਤ ਹੋ ਜਾਵੇਗੀ ਮਗਰ ਕੌਣ ਆਖੇ ਰਾਣੀਏ ਤੂੰ...ਪਹਿਲੋਂ ਲੇਖ ਵਿਚ ਲੇਖਕ ਨੇ ਇਹ ਵੀ ਦਾਹਵੇ ਨਾਲ ਕਿਹਾ ਸੀ ਕਿ ਅਗਰ ਅਜ਼ਾਦੀ ਤੋਂ ਮਗਰੋਂ, ਹੋਟਲਾਂ-ਮੋਟਲਾਂ, ਰੈਸਟ-ਹਾਊਸਾਂ-ਗੈਸਟ ਹਾਊਸਾਂ, ਸਰਕਟ ਹਾਊਸਾਂ-ਡਾਕ ਬੰਗਲਿਆਂ, ਬਦੇਸ਼ੀ-ਕਾਰਾਂ, ਹੈਲੀਕੌਪਟਰਾਂ ਤੇ ਹਵਾਈ ਜ਼ਹਾਜ਼ਾਂ ਦਾ ਜਗ੍ਹਾ-ਦੇਸ਼ ਵਿਚਲੇ ਤਮਾਮ ਪਾਣੀ-ਸੋਮਿਆਂ ਨੂੰ ਪਣ-ਬਿਜਲੀ-ਡੈਮਾਂ ਰਾਹੀਂ ਤਾਂ ਅਜ ਭਾਰਤ ਦੁਨੀਆਂ ਭਰ ਵਿਚੋਂ ਹੇਠੋਂ ਚੋਥਾ ਦੇਸ਼ ਦੀ ਬਜਾਏ ਉਪਰੋਂ ਤੀਜਾ (ਅਮੀਰ) ਦੇਸ਼ ਹੁੰਦਾ* !!! ਪਹਿਲੇ ਭਾਗ ਦਾ ਸਾਰ ਸੁਨਾਣ ਤੋਂ ਮਗਰੋਂ ਸੁਣੋ ਬ੍ਰਿਜਲੀ ਰਾਣੀ ਦੀ ਕਹਾਣੀ ਦਾ ਦੂਜਾ ਹਿੱਸਾ ਸ਼ੁਰੂ ਕਰਨ ਦੀ ਇਜਾਜ਼ਤ ਚਾਹੁੰਦਾ ਹਾਂ...

ਸਾਡੇ ਸੈਲਫਮੇਡ ਰਾਸ਼ਟਰ ਨੇਤਾ 'ਦੋ ਮੂੰਹੇ' ਹਨ। ਇਕ ਪਾਸੇ ਮੂੰਹ ਕਰਕੇ ਬਾਂਗਾਂ ਦੇਈ ਜਾਣਗੇ ਗਰੀਬੀ ਹਟਾਓ...ਗਰੀਬੀ ਹਟਾਓ...ਤੇ ਦੂਜੇ ਪਾਸੇ, ਚੁਪ ਚੁਪੀਤੇ ਅਫਸਰਸ਼ਾਹੀ ਨੂੰ ਹਦਾਇਤਾਂ ਦਈ ਜਾਣਗੇ...ਗਰੀਬਾਂ ਨੂੰ ਰਗੜਾ ਲਗਾਓ.. ਗਰੀਬਾਂ ਨੂੰ ਢਾਓ...ਗਰੀਬਾਂ ਤੋਂ ਕੰਗਾਲ ਬਣਾਓ.. ਟੈਕਸ ਤੇ ਟੈਕਸ ਲਗਾਓ...ਤੇ ਲਗਾਉਂਦੇ ਹੀ ਜਾਓ.. ਮਸਲਨ ਜਦੋਂ ਸਾਡੇ ਖਦਰ-

*ਨੋਟ : ਟੈਕਨੀਕਲ ਮੈਨਪਾਵਰ ਪਖੋਂ ਰੂਸ, ਅਮ੍ਰੀਕਾ ਤੋਂ ਮਗਰੋਂ ਹਿੰਦੁਸਤਾਨ ਦਾ ਨੰਬਰ ਆਉਂਦਾ ਹੈ।

ਧਾਰੀ ਇਹ ਕਹਿਣ ਕਿ ਬੱਸਾਂ ਦਾਂ ਤੁਰੰਤ ਕੌਮੀਕਰਣ ਕੀਤਾ ਜਾਵੇਗਾ ਤਾਂ ਸਮਝ ਲਉ ਕਿ ਫਿਰ ਕਿਰਾਏ ਵਧਣ ਵਾਲੇ ਹਨ। ਬੱਸਾਂ ਦੇ ਪੂਰਨ ਕੌਮੀਕਰਨ ਦੀ ਗਲ ਪਹਿਲਾਂ 1980 ਦੀ ਦੀਵਾਲੀ ਦੇ ਨਜ਼ਦੀਕ ਸੁਣੀ ਸੀ—ਜਦੋਂ 43%ਕਿਰਾਏ ਵਧਾਏ ਗਏ ਸਨ ਤੇ ਹੁਣ ਦੋ ਸਾਲ ਮਗਰੋਂ ਫਿਰ ਅਖਬਾਰਾਂ ਵਿਚ ਇਕ ਦਿਨ ਖਬਰ ਆਈ ਸੀ—"ਬੱਸਾਂ ਦਾ ਪੂਰਨ ਕੌਮੀਕਰਨ ਹੋਵੇਗਾ"-ਗਟਵਾਲੀ [ਮੰਤਰੀ ਟਰਾਂਸਪੋਰਟ ਪੰਜਾਬ]...ਜ਼ਰਾ ਸੋਚੋ ਕਿ ਗਟਵਾਲੀ ਸਹਿਬ ਨੂੰ ਦੋ ਸਾਲਾਂ ਮਗਰੋਂ, ਚਾਣਚੇਕ, ਦੌਰਾ ਕਿਵੇਂ ਪੈ ਗਿਆ...?? ਸਪੱਸ਼ਟ ਹੈ ਕਿ ਲੋਕਾਂ ਨੂੰ ਨਵੀਆ ਬੱਸਾਂ ਬਾਬਤ, ਚੰਗੇਰੇ ਅੱਡਿਆਂ ਬਾਬਤ, ਬੱਸਾਂ ਦੇ ਕੌਮੀਕਰਨ ਬਾਬਤ, ਵਧੇਰੇ ਵਰਕਸ਼ਾਪਾ ਆਦਿ ਬਾਬਤ ਸਬਜ਼ਬਾਗ ਵਖਾਉਣਗੇ ਗਟਵਾਲੀ ਸਾਹਿਬ ਤੇ ਦੂਜੇ ਪਾਸੇ 'ਦਰਬਾਰਾ' ਸਿੰਘ ਹੋਰਾਂ ਦੇ ਸੈਕਟਰੀ ਬੱਸਾਂ ਦੇ ਕਿਰਾਏ ਵਧਾਉਣ ਦੀ ਗਿਣਤੀ ਮਿਣਤੀ ਕਰ ਰਹੇ ਹੋਣਗੇ ਹਰਿਆਣੇ ਨੇ 14% ਵਧਾ ਦਿਤੇ ਹਨ—ਪੰਜਾਬ ਵੀ ਅਗਲੇਰੇ ਸਾਲ ਤੀਕ 28%...ਇਸੇ ਤਰ੍ਹਾਂ ਜਦੋਂ ਖੱਦਰਧਾਰੀ ਇਹ ਕਹਿਣ ਕਿ ਅਗਲੇ ਸਾਲ ਬਿਜਲੀ ਦੀ ਕੋਈ ਕਮੀ ਨਹੀਂ ਰਹੇਗੀ ਤਾਂ ਸਮਝ ਲਉ ਕਿ ਇਸ ਸਾਲ (ਬਿਨਾਂ ਪਾਕਿਸਤਾਨੀ ਹਮਲੇ ਤੋਂ ਬਲੈਕ ਆਊਟ ਹੀ ਰਹੇਗੀ...) ਜੇ ਕਹਿਣ ਕਿ ਪੰਜਾਬ ਵਿਚ ਚਾਰ ਖੰਡ ਮਿੱਲਾਂ ਹੋਰ ਲਗਾਈਆਂ ਜਾ ਰਹੀਆਂ ਹਨ ਤਾਂ ਸਮਝ ਲਉ ਕਿ ਐਦਕਾਂ ਜੱਟਾਂ ਦਾ ਗੰਨਾ ਵੀ ਰੁਲੇਗਾ—ਬਕਾਏ ਵੀ ਨਹੀਂ ਮਿਲਨਗੇ ਤੇ ਆਮ ਜੰਤਾ ਨੂੰ ਤਿੰਨਾਂ ਵਾਲੀ ਖੰਡ ਵੀ ਛੇਈਂ ਹੀ ਖਰੀਦਣੀ ਪਵੇਗੀ (ਨੋਟ:—ਇਥੇ ਇਹ ਵੀ ਯਾਦ ਕਰਵਾ ਦਿਤਾ ਜਾਏ ਕਿ ਇਸ ਸਾਲ ਹਿੰਦੁਸਤਾਨ ਨੇ ਦੁਨੀਆਂ ਭਰ ਦਾ ਖੰਡ ਵਿਚ ਰਿਕਾਰਡ ਤੋੜ ਦਿਤਾ ਹੈ। ਇਸ ਸਾਲ 90 ਲੱਖ ਟਨ ਦੇ ਕਰੀਬ ਖੰਡ ਪੈਦਾ ਹੋਈ ਹੈ— ਦੋ ਸਾਲਾਂ ਦੇ ਖਾਣ ਜੋਗੀ ਪਰ 300 ਰੁਪਏ ਕੁਇੰਟਲ ਬਨਣ ਵਾਲੀ ਖੰਡ 600 ਰੁਪਏ ਕੁਇੰਟਲ ਕਿਉਂ ਵਿਕੀ ਜਾ ਰਹੀ ਹੈ...? ਡੱਬਲ ਪ੍ਰੋਡਕਸ਼ਨ ਦੇ ਬਾਵਜੂਦ ?? ਇੱਕਨਾਮਿਕਸ ਤਾਂ ਇਹ ਕਹਿੰਦੀ ਹੈ ਕਿ ਵਧੇਰੇ ਪ੍ਰੋਡਕਸ਼ਨ ਨਾਲ, ਚੀਜ਼ਾਂ ਦਾ ਮੁੱਲ ਘਟਦਾ ਹੈ ਪਰ ਇਥੇ ਕਿਉਂ ਨਹੀਂ ਹੈ ਘਟ ਰਿਹਾ ਪ੍ਰੋਫੈਸਰ ਬੁੱਧੀ ਜੀਵੇ ਜੀ......??†

...ਅਤੇ ਇਸ ਤਰ੍ਹਾਂ ਜੇ ਕਦੇ ਸਾਡੇ ਲੀਡਰ ਇਹ ਕਹਿਣ ਕਿ ਸੂਬੇ ਵਿਚ 'ਲਾ ਐਂਡ ਆਰਡਰ' ਦੀ ਕੋਈ ਸਮੱਸਿਆ ਨਹੀਂ—ਸਭ ਠੀਕ ਠਾਕ ਹੈ ਤਾਂ ਸਮਝ ਲਉ ਕਿ ਕਿਤੇ ਨਾ ਕਿਤੇ ਗੋਲੀ ਚਲਾਉਣ ਦੇ ਆਰਡਰ ਭੇਜਕੇ ਹੀ ਆਏ ਹਨ..... ਤੇ ਜੇ ਕਦੇ ਕਹਿਣ ਕਿ ਜੱਟ ਬਹੁਤ ਬਹਾਦਰ ਹਨ ਤਾਂ ਸਮਝ ਲਉ ਕਿ ਜੱਟਾਂ ਦੀ ਸ਼ਾਮਤ .

ਇਸੇ ਤਰ੍ਹਾਂ ਪਿਛਲੇ ਦਿਨੀਂ ਜਦੋਂ ਦਰਬਾਰਾ ਸਿੰਘ ਹੋਰੀਂ ਅਨੰਦਪੁਰ ਹਾਈਡਲ ਪ੍ਰੋਜੈਕਟ, ਥੀਨਡੈਮ, ਰੋਪੜ ਥਰਮਲ ਪਲਾਂਟ ਦੇ ਜਲਦੀ ਨਾਲੋਂ ਵੀ ਪਹਿਲਾਂ ਪੂਰੇ ਹੋਣ ਬਾਬਤ ਉਪਰ ਹੇਠ ਬਿਆਨ ਦੇਣ ਲਗੇ ਤੇ ਮਨ ਤਾੜ ਗਿਆ ਕਿ ਸ਼ਹਿਰੀਆਂ ਤੋਂ ਮਗਰੋਂ ਹੁਣ ਪੇਂਡੂਆਂ ਦੀ ਵਾਰੀ ਵੀ ਆਈ ਸਮਝੋ ਤੇ ਅਗਲੇ ਹਫਤੇ ਹੀ ਐਲਾਨ ਸੀ—

"ਟਿਊਬਵੈਲ ਕੁਨੈਕਸ਼ਨ ਲਈ ਸਿਕਿਉਰਟੀ 500 ਤੋਂ 3000 (Non-Refundable) ਕਰ ਦਿਤੀ ਗਈ" ਗੱਜ ਕੇ ਬੋਲੋ, ਜੈ ਜਵਾਨ-ਜੈ ਕਿਸਾਨ!! ਕਿਸਾਨੋ ਕੇ ਹਾਥ—ਇੰਦਰਾ ਕੇ ਸਾਥ !!

ਪਿਛਲੇ ਸਾਲ ਕਿਸਾਨੀ ਟਿਊਬਵੈਲਾਂ ਤੋਂ ਇਲਾਵਾ ਬਾਕੀ ਸਭ ਦੇ ਬਿਜਲੀ ਰੇਟ ਵਧਾ ਦਿਤੇ ਗਏ ਸਨ ਤੇ ਇਸ ਸਾਲ ਜੱਟਾਂ ਨੂੰ ਸਿਧਾ ਰਗੜਾ ਲਾਉਣ ਦੀ ਸਾਜ਼ਿਸ਼ ਰਚੀ ਗਈ ਹੈ...? ਪਿਛਲੇ ਸਾਲ ਕਿਸਾਨੀ ਨੂੰ ਖੁਸ਼ ਕਰ ਦਿਤਾ ਗਿਆ ਸੀ—ਇਹ ਕਹਿ ਕੇ ਕਿ ਤੁਹਾਡੇ ਰੇਟ ਨਹੀਂ ਹਾਂ ਵਧਾ ਰਹੇ ਸਿਰਫ ਸ਼ਹਿਰੀਆਂ ਨੂੰ ਹੀ ਟੈਕਸ ਲਗਾ ਰਹੇ ਹਾਂ ਤੇ ਇਸ ਸਾਲ ਸ਼ਹਿਰੀ ਖੁਸ਼ ਹਨ ਕਿ ਜੱਟਾਂ ਨੂੰ ਵੀ ਰਗੜਾ ਲਗਣ ਲਗਾ ਹੈ...? ਕਿਉਂ ਬਾਬੂ ਐਨਕ ਚੰਦ ਜੀ, ਯਾਦ ਹੈ ਕੁਝ ਕਿ ਪਿਛਲੇ ਸਾਲ ਬਿਜਲੀ ਰੇਟਾਂ ਵਿਚ ਕਿੰਨਾ ਕੁ ਵਾਧਾ ਹੋਇਆ ਸੀ...? ਬਸ, ਭੁਲ ਗਏ ਸਭ ਕੁਝ ਯਾਦ ਨਹੀਂ ਅਬ ਕੁਝ ...ਹਜ਼ੂਰ ਪਿਛਲੇ ਸਾਲ ਕੇਵਲ ਢਾਈ ਗੁਣਾਂ ਬਿਲ ਕਰ ਦਿਤੇ ਗਏ ਸਨ...? ਆਉਣ ਲਗਾ ਹੈ ਚਾਲ੍ਹੀਆਂ ਦੀ ਜਗ੍ਹਾ ਸੌ ਦਾ ਬਿੱਲ ਕਿ ਨਹੀਂ .. ?? ਪਿਛਲੇ ਸਾਲ 32 ਪੈਸੇ ਤੋਂ 80 ਪੈਸੇ ਯੂਨਿਟ ਕਰ ਦਿਤਾ ਗਿਆ ਹੈ। ਹਰ ਵੇਰ੍ਹਾਂ ਬਿਜਲੀ ਦੇ ਰੇਟ ਵਧਾਉਂਦੇ ਸਮੇਂ ਇਹ ਦਲੀਲ ਦਿਤੀ ਜਾਂਦੀ ਹੈ ਕਿ ਬਿਜਲੀ ਬੋਰਡ ਘਾਟੇ ਵਿਚ ਜਾ ਰਹੇ ਹਨ ਇਸ ਲਈ ਵਧਾਉਣ ਲਈ 'ਮਜਬੂਰ' ਹਾਂ...ਪਰ ਕੀ ਸੱਚਮੁੱਚ ਹੀ ਬਿਜਲੀ ਬੋਰਡਾਂ ਨੂੰ ਘਾਟਾ ਪੈਂਦਾ ਹੈ (ਜਾਂ ਕਿ ਪਬਲਿਕ-ਸੈਕਟਰ ਨੂੰ ਜਾਣ ਬੁਝ ਕੇ ਬਦਨਾਮ ਕੀਤਾ ਜਾਂਦਾ ਹੈ। ਇਹ ਜਾਨਣ ਲਈ ਅਗੇ ਪੜ੍ਹੋ :—

## ਬਿਜਲੀ ਬੋਰਡ ਘਾਟੇ ਵਿਚ ਕਿਉਂ ...??

ਉਪਰੋਕਤ ਵਿਸ਼ੇ ਬਾਬਤ ਜਾਨਣ ਲਈ, ਲੇਖਕ ਐਕਸੀਅਨ ਸ਼ਕਸ਼ੇਂਦਰ ਸਿੰਘ ਹੋਰਾਂ ਤੋਂ ਲੈਕੇ 'ਲੈਣਮੈਨ' ਚਾਲੂ ਰਾਮ ਤੀਕ । ਅਕਾਊਂਟੈਂਟ ਸ਼ਰਮਾ ਸਾਬ੍ਹ ਤੋਂ ਲੈ ਕੇ ਐਸ. ਈ. ਵਰਮਾ ਸਾਬ੍ਹ ਤੀਕ, ਐਸ.ਡੀ.ਓ. ਕੰਸਲ ਤੋਂ ਲੈ ਕੇ ਚੀਫ ਐਨਜੀਨੀਅਰ ਬੰਸਲ ਤੀਕ ਪੰਜਾਹ ਤੋਂ ਵਧੇਰੇ ਬਿਜਲੀ ਮੁਲਾਜ਼ਮਾਂ ਨੂੰ ਮਿਲਿਆ। ਜਦ ਬਿਜਲੀ ਬੋਰਡਾਂ ਦੇ ਘਾਟਿਆਂ ਬਾਬਤ ਪੁਛਿਆ ਤਾਂ ਲਗਪਗ ਹਰ ਇਕ ਦਾ ਦੋ-ਟੁੱਕ ਇਹੋ ਹੀ ਜਵਾਬ ਸੀ ਕਿ ਬਿਜਲੀ ਬੋਰਡ ਨੂੰ ਘਾਟਾ ਕਿਵੇਂ ਨਾ

†ਨੋਟ : ਪ੍ਰੋ: ਬੁਧੀਜੀਵੇ ਨੂੰ ਤਾਂ ਸੰਬੋਧਨ ਕਰ ਰਿਹਾ ਹਾਂ ਕਿ ਇਕਨੌਮਿਕਸ ਦੀਆਂ ਵਡੀਆਂ ਵਡੀਆਂ ਗੱਲਾਂ ਪੜ੍ਹਾਣਗੇ ਪਰ ਦੇਸ਼ ਦੀ ਸਿਧੀ ਪੱਧਰੀ ਇਕਨੌਮਿਕਸ ਦਾ ਉਹਨਾਂ ਕੋਲ ਕੋਈ ਜਵਾਬ ਨਹੀਂ।

ਪਵੇ, ਜੱਟਾਂ ਨੂੰ ਤਾਂ ਬਹੁਤ ਸਸਤੀ (ਫਲੈਟ ਰੇਟਾਂ ਤੇ) ਬਿਜਲੀ ਦਿਤੀ ਜਾ ਰਹੀ ਹੈ...ਕਈ ਤਾਂ ਇੰਜ ਕਹਿ ਰਹੇ ਸਨ ਜਿਵੇਂ ਜੱਟਾਂ ਨੂੰ ਮੁਫਤੋ-ਮੁਫਤ ਹੀ ਬਿਜਲੀ-ਦਿਤੀ ਜਾ ਹੋਵੇ !! ਪਰ ਹਕੀਕਤ ਇਹ ਹੈ ਕਿ ਅੱਵਲ ਤਾਂ ਬਿਜਲੀ-ਬੋਰਡ ਘਾਟੇ ਵਿਚ ਹੁੰਦੇ ਹੀ ਨਹੀ ਹਨ—ਇਹ ਤਾਂ ਬੱਸ ਹਿਸਾਬੀ ਜੋੜ-ਤੋੜ ਹੀ ਅਜਿਹੇ ਤਰੀਕੇ ਨਾਲ ਕੀਤਾ ਜਾਂਦਾ ਹੈ ਕਿ 'ਪਬਲਿਕ ਸੈਕਟਰ ਦਾ ਅਦਾਰਾ' ਹਮੇਸ਼ਾਂ ਘਾਟੇ ਵਿਚ ਹੀ ਵਿਖਾਈ ਦੇਵੇ !! ਦੂਜਾ ਅਗਰ ਥੋੜਾ ਬਹੁਤ ਕੋਈ ਨੁਕਸਾਨ ਬੋਰਡਾਂ ਨੂੰ ਹੁੰਦਾ ਵੀ ਹੈ ਤਾਂ ਉਸਦਾ ਮੁੱਖ ਕਾਰਣ, ਕਿਸਾਨੀ ਨੂੰ ਸਸਤੀ ਬਿਜਲੀ ਦੇਣਾ, ਨਹੀਂ ਹੈ ਸਗੋਂ ਨੁਕਸ ਤਾਂ ਕਿਤੇ ਹੋਰ ਥਾਂ...

## ਕੀ ਸਾਰੀ ਬਿਜਲੀ ਜੱਟ ਹੀ ਵਰਤਦੇ ਹਨ......???

ਬੇਸ਼ੱਕ ਪੰਜਾਬ ਅਤੇ ਹਰਿਆਣੇ ਵਿਚ ਅਧੀ ਬਿਜਲੀ ਕਿਸਾਨੀ ਹੀ ਵਰਤਦੀ ਹੈ ਮਗਰ ਕੁਲ ਹਿੰਦੁਸਤਾਨ ਪਧਰ ਤੇ ਵੇਖਣ ਤੇ ਪਤਾ ਚਲਦਾ ਹੈ ਕਿ ਸਮੁੱਚੀ ਬਿਜਲੀ ਵਿਚ ਲਗਪਗ ਤਿੰਨ-ਚੌਥਾਈ ਹਿੱਸਾ ਤਾਂ ਸਰਮਾਏਦਾਰੀ ਖੁਦ ਆਪ ਵਰਤਦੀ ਹੈ।—ਵੇਖੋ ਹਿੰਦੁਸਤਾਨ ਪਧਰ ਤੇ ਬਿਜਲੀ ਦੀ ਖਪਤ :

(ਅੰਕੜਾਸਾਰ—ਇੰਡੀਆ 1980 ਸਫਾ 283)

| | |
|---|---|
| ਘਰੇਲੂ ਕੰਮਾਂ ਵਿਚ | 10% |
| ਕਿਸਾਨੀ | 16% |
| ਕਾਰਖਾਨੇਦਾਰ | 64% |
| ਸ਼ਹਿਰੀ ਵੱਡੀ ਦੁਕਾਨਦਾਰੀ | 6% |
| ਰੇਲਵੇ ਵਗੈਰਾ | 4% |
| ਜੋੜ | 100% |

ਉਪਰਲੇ ਟੇਬਲ ਤੋਂ ਵੀ ਸਪਸ਼ਟ ਹੋ ਜਾਂਦਾ ਹੈ ਕਿ ਕਿਸਾਨੀ ਦੇ ਮੁਕਾਬਲੇ ਸਰਮਾਏਦਾਰੀ ਚੌਗਣੀ ਬਿਜਲੀ ਵਰਤਦੀ ਹੈ !! ਸੋ ਤਮਾਮ ਘਾਟਿਆਂ ਦੀ ਜੁਮੇਂਵਾਰੀ ਕਿਸਾਨਾਂ ਸਿਰ ਥੋਪੀ ਜਾਣਾ ਕਿਵੇਂ ਵੀ ਦਰੁਸਤ ਨਹੀਂ !!!

ਪੰਜਾਬ ਵਿਚ ਲਗਪਗ ਵੰਡ ਇਸ ਪ੍ਰਕਾਰ ਹੈ :—

| | |
|---|---|
| ਘਰੇਲੂ ਖਪਤ | 10% |
| ਕਿਸਾਨੀ | 45% |
| ਛੋਟੀ ਵੱਡੀ ਸਰਮਾਏਦਾਰੀ | 45% |
| ਜੋੜ | 100% |

ਸੋ ਉਪਰਲੇ ਟੇਬਲ ਨੂੰ ਵੀ ਗਹੁ ਨਾਲ ਵੇਖਣ ਤੇ ਪਤਾ ਲਗਦਾ ਹੈ ਕਿ ਬਿਜਲੀ ਦੀ ਖਪਤ ਵਿਚ, ਪੰਜਾਬ ਹਰਿਆਣੇ ਵਿਚ ਵੀ ਸਰਮਾਏਦਾਰੀ ਬਰਾਬਰ ਦੀ ਭਾਈਵਾਲ ਹੈ !!

## ਪੰਜਾਬ ਵਿਚ ਬਿਜਲੀ ਦਾ ਕੀ ਭਾ ਹੈ...?

ਪੰਜ ਕੁ ਸਾਲ ਪਹਿਲਾਂ, ਪਟਿਆਲੇ ਦੀ ਮਾਲ ਰੋਡ ਤੇ ਸਥਿਤ, ਪੰਜਾਬ ਰਾਜ ਬਿਜਲੀ ਬੋਰਡ ਦੇ ਹੈਡ-ਕੁਆਟਰ ਸਾਹਮਣੇ ਇਕ ਬੜੇ ਵੱਡੇ ਬੋਰਡ ਤੇ ਲਿਖਿਆ ਹੁੰਦਾ ਸੀ। "ਪੰਜਾਬ ਦੇ ਬਿਜਲੀ ਦਰ—ਦੇਸ਼ ਭਰ ਵਿਚ ਸਭ ਤੋਂ ਘਟ।" ਬਸ ਇਹ ਬੋਰਡ ਲਗੇ ਨੂੰ ਤਿੰਨ ਕੁ ਮਹੀਨੇ ਹੀ ਹੋਏ ਸਨ ਕਿ ਬਿਜਲੀ ਦੇ ਰੇਟਾਂ ਵਿਚ ਵਾਧਾ ਕਰ ਦਿਤਾ ਗਿਆ ਸੀ। ਹੁਣ ਤੀਕ ਬਿਜਲੀ ਰੇਟਾਂ ਵਿਚ ਵਾਧਾ ਇਸ ਇਸ ਸਮੇਂ ਹੋਇਆ ਹੈ...

(ੳ) ਮਈ 1974
(ਅ) ਜੂਨ 1975
(ੲ) ਜੁਲਾਈ 1976
(ਸ) ਅਪ੍ਰੈਲ 1977
(ਹ) ਜੁਲਾਈ 1981
(ਕ) ਅਗਸਤ 1982
(ਟਿਊਬਵੈਲ ਸਿਕਿਉਰਟੀ ਵਿਚ ਛੇ ਗੁਣਾਂ ਵਾਧਾ)

ਅੱਠਾਂ ਸਾਲਾਂ ਵਿਚ ਕੇਵਲ ਛੇ ਵਾਰਾਂ ਵਾਧਾ।

ਜ਼ਰਾ ਘਰੋੜ ਕੇ ਬੋਲੋ...ਗਰੀਬੀ ਹਟਾਓ...

ਔਹ ਬੈਠੀ ਜੇ ਗਰੀਬੀ...ਔਹ...ਔਹ ਪਾਲੋ ਛੜੇ ਦੀ ਨਿੰਮ ਤੇ ਤੇ...ਹਟ, ਹੱਟ ਪਾਸੇ ਹਟਦੀ ਹੀ ਨਹੀਂ...ਖਲੋ ਤੇਰੀ ਭੈਣ...

ਨਾਲੇ ਮੁੜ ਉਹੋ ਬੋਰਡ ਕਦੇ ਵਖਾਈ ਨਹੀਂ ਹੈ ਦਿਤਾ...? ਅਤੇ ਉਹੋ ਦਖਾਈ ਦਿੰਦਾ ਵੀ ਕਿਵੇਂ, ਕਿਸ ਮੂੰਹ ਨਾਲ ਲਿਖਣ ਕਿ "ਪੰਜਾਬ ਵਿਚ ਬਿਜਲੀ ਸਭ ਤੋਂ ਮਹਿੰਗੀ ਹੈ।" ਜਾਂ ਇਹ ਕਿਵੇਂ ਲਿਖਣ ਕਿ ਪੰਜਾਬ ਵਿਚ ਕਾਰਖਾਨੇਦਾਰਾਂ ਨੂੰ ਦੇਸ਼ ਭਰ ਵਿਚੋਂ ਸਸਤੀ ਬਿਜਲੀ ਦਿਤੀ ਜਾਂਦੀ ਹੈ ..ਜਾਂ ਇਹ "ਖੁਸ਼ਖਬਰੀ" ਕਿਵੇਂ ਲਿਖਣ ਕਿ "ਜੱਟਾਂ ਲਈ ਟਿਊਬਵੈਲ ਫੀਸ 500 ਤੋਂ 3000 ਕਰ ਦਿਤੀ ਗਈ ਹੈ...ਕੇਵਲ ਪੰਜ ਕੁ ਕਰੋੜ ਦੇ ਸਲਾਨਾ ਟੈਕਸ ਹੋਰ। ਜਾਂ ਇਹ ਕਿਵੇਂ ਦਸਣ ਕਿ "ਢਾਂਈ ਗੁਣੇ ਬਿੱਲ ਭੇਜਣ ਤੇ ਵੀ ਚਿੱਟ ਕਪੜੀਏ ਤੇ ਹੋਰ ਬੁਧੀਜੀਵੀ ਪੂਰਣ ਸ਼ਾਂਤ"...ਜਾਂ ਇਹ ਕਿਵੇਂ ਲਿਖਣ ਕਿ ਥੀਨ ਡੈਮ ਦੀ ਮਨਜ਼ੂਰੀ ਖੁਦ ਸ੍ਰੀਮਤੀ ਇੰਦਰਾ ਗਾਂਧੀ ਹੋਰਾਂ 16 ਸਾਲ ਤੀਕ ਰੋਕੀ ਰੱਖੀ ਸੀ...

ਜਾਂ ਇਹ ਕਿਵੇਂ ਲਿਖਣ ਕਿ 16 ਸਾਲਾਂ ਬਾਦ ਵੀ ਮਿਲੀ ਕੇਵਲ 'ਮਨਜ਼ੂਰੀ' ਹੀ ਹੈ—(800 ਕਰੋੜ ਦਾ ਮਨੀਆਰਡਰ ਸ਼ਾਇਦ ਪੰਡਿਤ ਜਵਾਹਰ ਲਾਲ ਜੀ ਭੇਜਣਗੇ)...ਨੋਟ : ਛੇਵੀਂ ਯੋਜਨਾ ਦੁਰਾਨ (1980-85) ਥੀਨ ਡੈਮ ਖਾਤਰ ਕੋਈ ਖਾਸ ਪ੍ਰੋਵਿਜਨ ਨਹੀਂ ਹੈ ! ਨਾ-ਮਾਤਰ (5-6%) ਫੰਡਾਂ ਨਾਲ ਡੈਮ ਨਹੀਂ ਬਣ ਸਕਦੇ !!!

ਜਾਂ ਇਹ ਕਿਵੇਂ ਲਿਖਣ ਕਿ 18-18 ਘੰਟੇ ਦੇ ਕੱਟ ਦੇ ਬਾਵਜੂਦ ਜੱਟਾਂ ਦੇ ਬਿਲ ਉਨੇ ਦੇ ਉਨੇ ?? ਆਖਿਰ "ਫਲੈਟ ਰੇਟ" ਜੁ ਹੋਏ !!!

## ਪੰਜਾਬ ਵਿੱਚ ਬਿਜਲੀ ਸਭ ਤੋਂ ਮਹਿੰਗੀ ਕਿਉਂ...? ਕੋਈ ਦਸੇਗਾ.. ??

| | |
|---|---|
| ਪੰਜਾਬ | 61 ਪੈਸੇ |
| ਅਸਾਮ | 60 ਪੈਸੇ |
| ਬੰਗਾਲ | 57 ਪੈਸੇ |
| ਯੂ. ਪੀ.-ਬਿਹਾਰ | 52 ਪੈਸੇ |
| ਮਹਾਂਰਾਸ਼ਟਰ | 47 ਪੈਸੇ |
| ਰਾਜਸਥਾਨ-ਆਂਧਰਾ-ਮੱਧਪ੍ਰਦੇਸ਼ | 46 ਪੈਸੇ |
| ਮਦਰਾਸ | 45 ਪੈਸੇ |
| ਹਰਿਆਣਾ | 44 ਪੈਸੇ |
| ਜੰਮੂ ਕਸ਼ਮੀਰ | 38 ਪੈਸੇ |
| ਹਿਮਾਚਲ | 33 ਪੈਸੇ |
| ਕੇਰਲਾ-ਮੇਘਾਲਿਆ | 31 ਪੈਸੇ |
| ਉੜੀਸਾ | 30 ਪੈਸੇ |
| ਮੈਸੂਰ | 22 ਪੈਸੇ |

ਨੋਟ : 1. ਉਪਰੋਕਤ ਰੇਟ, ਕੇਂਦਰੀ ਬਿਜਲੀ ਮੰਤਰੀ, ਸ੍ਰੀ ਸਤਿਆਨਰੈਣ ਜੈਤੀਆ ਮੈਂਬਰ-ਏ-ਪਾਰਲੀਮੈਂਟ ਦੇ ਸਵਾਲ ਦਾ ਜਵਾਬ ਦਿੰਦੇ ਸਮੇਂ 23 ਮਾਰਚ 1982 ਵਾਲੇ ਦਸੇ (ਲੋਕ ਸਭਾ ਵਿਚ ਸਵਾਲ ਨੰਬਰ 4793)।

2. ਇਨ੍ਹਾਂ ਰੇਟਾਂ ਵਿਚ ਟੈਕਸ (ਜਿਵੇਂ ਪੰਜਾਬ ਵਿਚ 8 ਪੈਸੇ ਪ੍ਰਤੀ ਯੂਨਟ ਹੈ) ਸ਼ਾਮਲ ਨਹੀਂ ਹੈ।

3. ਆਮ ਸ਼ਹਿਰੀ ਘਰਾਂ ਵਿਚ ਲਗਪਗ 130 ਯੂਨਿਟ ਬਿਜਲੀ ਪ੍ਰਤੀ ਮਹੀਨਾ (ਔਸਤਨ) ਫੂਕ ਜਾਂਦੀ ਹੈ—ਇਹ ਰੇਟ 130 ਯੂਨਿਟਾਂ ਪ੍ਰਤੀ ਮਹੀਨਾ ਮੁਤਾਬਕ ਹਨ !!

4. ਪੰਜਾਬ ਦੇ ਗੁਆਂਢੀ ਰਾਜਾਂ ਨੂੰ ਜਿਵੇਂ ਹਿਮਾਚਲ/ਹਰਿਆਣਾ/ਜੰਮੂ ਕਸ਼ਮੀਰ ਆਦਿ ਵਿਚ ਵੀ ਭਾਵੇਂ ਭਾਖੜਾ ਡੈਮ ਅਤੇ ਪੌਂਗ ਡੈਮ ਤੋਂ ਹੀ ਬਿਜਲੀ ਜਾਂਦੀ ਹੈ ਪਰ ਉਥੇ ਬਿਜਲੀ ਕਾਫ਼ੀ ਸਸਤੀ ਹੈ। ਹਰਿਆਣੇ, ਹਿਮਾਚਲ ਤੇ ਜੰਮੂ ਕਸ਼ਮੀਰ ਦੇ ਮੁਕਾਬਲੇ ਸਾਡੇ ਡਿਊਢੇ ਭਾ ਬਿਜਲੀ ਮਿਲਦੀ ਹੈ।

5. ਸਾਡੇ ਤਿੰਨ-ਚੌਥਾਈ ਬਿਜਲੀ ਪ੍ਰਣ-ਬਿਜਲੀ ਡੈਮਾਂ ਤੋਂ ਪ੍ਰਾਪਤ ਹੁੰਦੀ ਹੈ ਜੋ ਬਹੁਤ ਹੀ ਸਸਤੀ ਪੈਂਦੀ ਹੈ ਅਸਲ ਵਿਚ ਪੰਜਾਬ ਦੇ ਰੇਟ ਮੈਸੂਰ-ਉੜੀਸਾ ਦੇ ਬਰਾਬਰ ਹੋਣੇ ਚਾਹੀਦੇ ਹਨ (25 ਕੁ ਪੈਸੇ ਪ੍ਰਤੀ ਯੂਨਟ) ਮਗਰ ਸਾਡੇ ਢਾਈ ਗੁਣਾ ਮਹਿੰਗੀ ਬਿਜਲੀ ਮਿਲ ਰਹੀ ਤੇ ਸਾਨੂੰ ਮਹਿਸੂਸ ਵੀ ਨਹੀਂ ਹੈ ਹੋ ਰਹੀ ਕਿ ਹੋ ਰਹੀ ਹੈ...?

6. ਜਿਨਾ ਅਜਕਲ ਬਿੱਲ ਆਉਂਦਾ ਹੈ, ਬੰਦੇ ਨੇ ਐਨੇ ਵਿਚ ਕਮਰਾ ਕਿਰਾਏ ਤੇ ਲਿਆ ਹੋਇਆ ਹੈ !!!

## ਬਿਜਲੀ ਬੋਰਡ ਵਿਚ ਘਾਟਿਆ ਦੇ ਮੁਖ ਕਾਰਣ :—

(1) ਸਿਆਸੀ ਦਖਲ ਅੰਦਾਜ਼ੀ ਅਤੇ ਦੁਰਪ੍ਰਬੰਧ। (Political Interfcrence & Mis Management)

(2) ਕਾਰਖਾਨੇਦਾਰਾਂ ਦੁਆਰਾ ਬਿਜਲੀ ਦੀ ਚੋਰੀ

(3) ਸਰਮਾਏਦਾਰੀ ਦੁਆਰਾ ਲੁੱਟ (ਮਸ਼ੀਨਰੀ ਮਨ ਮਰਜ਼ੀ ਦੇ ਭਾ)

(4) ਢਿੱਲੀ ਨੂੰ ਬਿਜਲੀ

5. ਥਰਮਲ ਪਲਾਟਾਂ ਕਾਰਨ ਘਾਟਾ

6. ਭਾਰੀ ਵਿਆਜ ਤੇ ਟੈਕਸ

7. ਭ੍ਰਿਸ਼ਟ ਅਫ਼ਸਰ ਸ਼ਾਹੀ

ਆਉ ਹੁਣ ਇਕੱਲੇ 2 ਨੁਕਤੇ ਤੇ ਗੌਰ ਕਰੀਏ :-

## ਸਿਆਸੀ ਦਖਲ ਅੰਦਾਜ਼ੀ

ਕਿਸੇ ਵੀ ਪ੍ਰੋਜੈਕਟ ਨੂੰ ਸਿਰੇ ਚਾੜ੍ਹਨ ਦੇ ਦੋ ਤਰੀਕੇ ਹੁੰਦੇ ਹਨ—ਵਿਭਾਗ ਰਾਹੀਂ ਕੰਮ (*Departmental work*) ਜਾਂ ਠੇਕੇਦਾਰਾਂ ਰਾਹੀਂ (Contract-system) ...ਵੇਖਣ ਵਿਚ ਆਇਆ ਹੈ ਕਿ ਠੇਕੇਦਾਰੀ ਰਾਹੀਂ ਕੰਮ ਤਾਂ ਜਲਦੀ ਖਤਮ ਹੋ ਜਾਂਦੇ ਹਨ ਮਗਰ ਕੰਮ ਦੀ ਕੁਆਲਿਟੀ ਵਲੋਂ ਰਾਮ ਨਾਮ ਸੱਤ...ਦੂਜੇ ਹੱਥ ਵਿਭਾਗੀ ਕੰਮਾਂ ਵਿਚ ਕੁਆਲਿਟੀ ਦਾ ਤਾਂ ਕਿਸੇ ਹੱਦਤੀਕ ਕੰਟਰੋਲ ਕੀਤਾ ਜਾ ਸਕਦਾ ਹੈ, ਮਗਰ ਲਾਲ-ਫੀਤਾ ਸ਼ਾਹੀ ਅਤੇ ਅਫ਼ਸਰਾਨਾ ਢੰਗ-ਤਰੀਕਿਆਂ ਕਾਰਨ ਦੇਰ ਬਹੁਤ ਲਗ ਜਾਂਦੀ ਹੈ। ਸਰਕਾਰੀ ਮਹਿਕਮਿਆਂ ਵਿਚ ਸਿਆਸੀ ਦਖਲ-ਅੰਦਾਜ਼ੀ ਵੀ ਲੋੜੋਂ ਵਧ ਹੁੰਦੀ ਹੈ ਨਤੀਜਾ ਸਰਕਾਰੀ ਮਹਿਕਮੇ ਕਾਫੀ ਬਦਨਾਮ ਹੋ ਜਾਂਦੇ ਹਨ। ਇਨ੍ਹਾਂ ਦੋਹਾਂ ਢੰਗਾਂ ਦੇ ਔਗੁਣਾ ਤੋਂ ਛੁਟਕਾਰਾ ਪਾਉਣ ਖ਼ਾਤਰ। ਇਕ ਤੀਜੇ ਢੰਗ ਦਾ ਜਨਮ ਹੋਇਆ ਜਿਨ੍ਹਾਂ ਨੂੰ CORPORATIONS ਕਿਹਾ ਜਾਣ ਲਗਾ। ਸ਼ੁਰੂ ਵਿਚ ਇਨ੍ਹਾਂ ਕਾਰਪੋਰੇਸ਼ਨਾਂ ਦੀਆਂ ਦੋ ਸਿਫ਼ਤਾਂ ਕਿਆਸ ਕੀਤੀਆਂ ਗਈਆਂ ਸਨ :

1.-ਇਹ ਅਦਾਰੇ ਸਿਆਸੀ ਦਖਲ ਅੰਦਾਜ਼ੀ ਤੋਂ ਪੂਰਨ ਤੌਰ ਤੇ ਮੁਕਤ ਹੋਣਗੇ।

2. ਠੇਕੇਦਾਰਾਂ ਤੋਂ ਵੀ ਕਾਫ਼ੀ ਹੱਦ ਤੀਕ ਮੁਕਤੀ ਮਿਲੇਗੀ।

ਪਰ ਅੱਜ ਜੋ ਹਾਲ ਇਨ੍ਹਾਂ ਕਾਰਪੋਰੇਸ਼ਨਾਂ ਦਾ ਹੈ—ਉਹ ਕਿਸੇ ਤੋਂ ਛੁਪਿਆ ਹੋਇਆ ਨਹੀਂ। ਅਜਿਹੇ ਕਾਰਪੋਰੇਸ਼ਨਾਂ ਵਿਚੋਂ ਹੀ ਇਕ ਹੈ—ਪੰਜਾਬ ਰਾਜ

ਬਿਜਲੀ ਬੋਰਡ ਜਿਸ ਦਾ ਜਨਮ 1957-58 ਵਿਚ ਹੋਇਆ ਸੀ। ਇਸ ਦਾ ਕੰਮ ਬਤੌਰ ਇਕ ਅਜ਼ਾਦ ਅਦਾਰੇ ਦੇ—ਬਿਜਲੀ ਦੇ ਉਤਪਾਦਨ ਵੰਡ ਅਤੇ ਖੱਪਤ ਸਬੰਧੀ ਵਿਉਂਤਾਂ ਬਨਾਉਣੀਆਂ ਅਤੇ ਉਨ੍ਹਾਂ ਨੂੰ ਸਿਰੇ ਚਾੜ੍ਹਨਾ ਸੀ। ਇਸ ਅਦਾਰੇ ਤੋਂ ਵੀ ਦੂਜੇ ਸਰਕਾਰੀ ਅਦਾਰਿਆਂ ਜਿਵੇਂ ਪੀ. ਡਬਲਯੂ. ਡੀ. (ਬੀ. ਐਂਡ. ਆਰ.) ਦੇ ਮੁਕਾਬਲੇ ਉਪਰੋਕਤ ਦੇ ਗੁਣਾਂ ਦੀ ਉਮੀਦ ਰਖੀ ਸੀ। ਜੋ ਕਿਸ ਹਦ ਤੀਕ ਸਫ਼ਲ ਹੋਈ—ਉਸਦਾ ਫੈਸਲਾ ਮੈਂ ਤੁਹਾਡੇ ਤੇ ਛਡਾਂਗਾ। ਅੱਜ ਇਹ ਪੰਜਾਬ ਦਾ ਸਭ ਤੋਂ ਵੱਡਾ ਅਤੇ ਮਹੱਤਵਪੂਰਨ ਅਦਾਰਾ ਹੈ। ਇਸ ਵਿਚ ਦੋ ਹਜ਼ਾਰ ਐਨਜੀਨੀਅਰਾਂ, (ਐਸ. ਡੀ. ਓ., ਐਕਸੀਅਨਾਂ, ਐਸੀ. ਈ. ਅਤੇ ਚੀਫ ਐਨਜੀਨੀਅਰਾਂ ਆਦਿ) ਤੋਂ ਇਲਾਵਾ ਕੋਈ ਅੱਠ ਹਜ਼ਾਰ ਦੇ ਕਰੀਬ ਜੂਨੀਅਰ ਐਨਜੀਨੀਅਰ (ਲਾਈਨ ਸੁਪਰਡੈਂਟ ਆਦਿ) ਹਨ। ਇਸ ਵਿਚ ਅਕਾਊਂਟੈਂਟ, ਸਟੈਨੋ, ਹੈਡ ਕਲਰਕ, ਲਾਈਨ-ਮੈਨ, ਸਹਾਇਕ ਲਾਈਨਮੈਨ ਆਦਿ ਆਦਿ ਰਲਾ ਮਿਲਾ ਕੇ, ਕੁਲ 50 ਹਜ਼ਾਰ ਮੁਲਾਜ਼ਮ (ਸਮੇਤ ਅਫਸਰ) ਕੰਮ ਕਰਦੇ ਹਨ। ਇਸਦੇ ਪ੍ਰਬੰਧ ਲਈ ਇਕ ਪ੍ਰਬੰਧਕੀ ਬੋਰਡ ਬਣਿਆ ਹੋਇਆ ਹੈ ਜਿਸਦੇ ਮੌਜੂਦਾ ਚੇਅਰਮੈਨ ਸ੍ਰੀ ਐਨ. ਐਸ. ਬਸੰਤ ਤਾਂ ਬੇਸ਼ੱਕ ਤਜਰਬਾਕਾਰ ਚੀਫ ਐਨਜੀਨੀਅਰ ਹਨ ਪਰ ਹਮੇਸ਼ਾਂ ਅਜਿਹਾ ਨਹੀਂ ਹੈ ਰਿਹਾ। ਜਿਨੀਂ ਦਿਨੀਂ ਪੰਜਾਬ ਵਿਚ 'ਸੌ ਫੀਸਦੀ ਪਿੰਡਾਂ ਦਾ ਬਿਜਲੀਕਰਨ' ਨਾਮਕ ਸਕੀਮ ਬੜੇ ਜ਼ੋਰ ਸ਼ੋਰ ਚਲ ਰਹੀ ਸੀ, ਉਦੋਂ ਬੋਰਡ ਦੇ ਮੁੱਖ ਮੈਂਬਰ ਇਹ ਸਨ :

ਸਮਾਂ 1974-76 ਦੇ ਤਿੰਨ ਸਾਲ: ਸ. ਜ਼ੋਰਾ ਸਿੰਘ ਬਰਾੜ—ਚੇਅਰਮੈਨ (ਅਗਸਤ 1975 ਤੋਂ ਚੇਅਰਮੈਨ ਤੇ ਪਹਿਲਾਂ ਪ੍ਰਬੰਧਕੀ ਮੈਂਬਰ)।

ਮੈਂਬਰ—ਸ੍ਰੀ ਉਮਕਾਰ ਚੰਦ।

ਉਂਜ ਕਹਿਣ ਨੂੰ ਤਾਂ 4-5 ਮੈਂਬਰ ਹੋਰ ਵੀ ਸਨ ਪਰੰਤੂ ਚਲਦੀ ਉਪਰਲਿਆਂ ਦੋ ਦੀ ਹੀ ਸੀ। ਪਹਿਲਿਆਂ ਬਾਬਤ ਇਹ ਮਸ਼ਹੂਰ ਸੀ ਕਿ ਕਿਸੇ ਸਮੇਂ ਇਸੇ ਬਿਜਲੀ ਬੋਰਡ ਵਿਚ ਉਨ੍ਹਾਂ ਛੋਟੇ ਕਲਰਕ (ਐਲ. ਡੀ. ਸੀ.) ਦੀ ਨੌਕਰੀ ਵਾਸਤੇ ਅਪਲਾਈ ਕੀਤਾ ਸੀ ਪਰ ਬਿਜਲੀ ਬੋਰਡ ਵਲੋਂ ਉਨ੍ਹਾਂ ਨੂੰ ਇਨਟਰਵੀਊ ਕਾਰਡ ਤੀਕ ਭੇਜਣ ਦੇ ਯੋਗ ਨਹੀਂ ਸੀ ਮਿਥਿਆ ਗਿਆ...ਤੇ ਉਸੇ ਸੱਜਣ ਪੁਰਸ਼ ਨੂੰ ਜੋ ਇਕ ਮਾਮੂਲੀ ਕਲਰਕ ਤਾਂ ਲਗਣ ਦੇ ਕਾਬਲ ਨਹੀਂ ਸੀ, ਗਿਆਨੀ ਜ਼ੈਲ ਸਿੰਘ ਹੋਰਾਂ ਬੋਰਡ ਦਾ ਚੇਅਰਮੈਨ ਥਾਪ ਦਿਤਾ। ਉਹਨਾਂ ਦੀ ਚੇਅਰਮੈਨੀ ਸਮੇਂ ਕਿੰਨੇ ਕੁ ਛੋਟੇ ਜਾਂ ਮੋਟੇ ਸਕੈਂਡਲ ਹੋਏ, ਉਹ ਤਾਂ ਵਾਹਿਗੁਰੂ ਹੀ ਜਾਣੇ। ਉਨ੍ਹਾਂ ਨੂੰ ਏ. ਸੀ. ਤੇ ਡੀ. ਸੀ. ਬਿਜਲੀ ਦੇ ਫ਼ਰਕ ਦਾ ਵੀ ਪਤਾ ਸੀ ਕਿ ਨਹੀਂ—ਇਹ ਮੈਂ ਨਹੀਂ ਜਾਣਦਾ। ਹਾਂ, ਇਕ ਗੱਲ ਜ਼ਰੂਰ ਦਸ ਦੇਵਾਂ ਉਹ ਪ੍ਰਾਪੇਗੰਡੇ ਤੇ ਕੋਰੇ ਪ੍ਰਾਪੇਗੰਡੇ ਵਿਚ ਬਹੁਤ ਮਾਹਿਰ ਸਨ। ਉਨ੍ਹਾਂ ਦੇ ਸਮੇਂ ਤਮਾਮ ਪਿੰਡਾਂ ਵਿਚ ਬਿਜਲੀ ਪ੍ਰਚਾਣ ਦਾ ਹੰਭਲਾ ਮਾਰਿਆ ਗਿਆ। ਜਿਨ੍ਹੇ ਕੁ ਪਿੰਡਾਂ ਨੂੰ ਪੰਝੀਆਂ ਸਾਲਾਂ ਦੁਰਾਨ ਬਿਜਲੀ ਪੁੱਜੀ ਸੀ—ਉਸ ਤੋਂ ਵਧੇਰੇ ਪਿੰਡਾਂ ਨੂੰ ਉਨ੍ਹਾਂ ਪੰਝੀਆਂ ਮਹੀਨਿਆਂ ਵਿਚ ਬਿਜਲੀ ਪੁਚਾ ਕੇ ਵਿਖਾ ਦਿਤੀ—ਇਹ ਵੱਖਰੀ ਗੱਲ ਹੈ ਕਿ 'ਬਿਜਲੀ' ਦਾ ਖੰਬਾ ਭਾਵੇਂ ਉਥੇ ਗਡਵਾ ਦਿਤਾ ਜਿਥੇ ਚਹੁੰ ਪਿੰਡਾਂ ਦੀ ਹੱਦ ਸਾਂਝੀ ਸੀ ਤੇ ਨਾਲ ਐਲਾਨ ਕਰ ਦਿਤਾ (ਉਸ ਖੰਭੇ ਨਾਲ ਇਕ ਬੱਲਬ ਟੰਗ ਕੇ) ਕਿ ਚਹੁੰ ਪਿੰਡਾਂ ਵਿਚ ਬਿਜਲੀ ਪੁੱਜ ਗਈ ਹੈ।

ਮੈਂ ਹੰਭਲੇ ਤੇ ਤੇਜ਼ ਹੰਭਲੇ ਦੇ ਵਿਰੁਧ ਨਹੀਂ—ਖਾਸ ਤੌਰ ਤੇ ਜਦੋਂ ਇਹ ਪੇਂਡੂ ਭਲਾਈ ਨਾਲ ਸਬੰਧਤ ਹੋਵੇ, ਮਗਰ ਹੰਭਲਾ ਮਾਰਦੇ ਵਕਤ ਵੀ ਕੁਝ ਅਸੂਲਾਂ ਨੂੰ ਮਦੇ ਨਜ਼ਰ ਰੱਖਣਾ ਜ਼ਰੂਰੀ ਹੁੰਦਾ ਹੈ...ਉਦਾਹਰਣ ਵਜੋਂ ਮੰਨ ਲਵੋ ਤੁਸੀਂ ਤਿੰਨ ਸੂਟ ਸਵਾਉਣੇ ਹਨ ਤੇ ਕੋਈ ਸ਼ੁਭ ਕਾਰਜ ਵੀ ਸਿਰ ਤੇ ਹੈ। ਦਰਜ਼ੀ ਕਹਿੰਦਾ ਹੈ ਕਿ ਅਗਰ ਅੱਠਾਂ ਦਿਨਾਂ ਦੀ ਜਗ੍ਹਾ ਕਪੜੇ ਤਿੰਨਾਂ ਦਿਨਾਂ ਵਿਚ ਸਵਾਉਣੇ ਚਾਹੁੰਦੇ ਹੋ ਤਾਂ ਦੁਗਣੇ ਪੈਸੇ ਲਗਣਗੇ। ਮੰਨ ਲਉ ਤੁਹਾਡਾ ਦੋ ਸੂਟਾਂ ਨਾਲ ਸਰ ਸਕਦਾ ਹੈ, ਉਸ ਵਕਤ ਤਿੰਨੇ ਸੂਟ ਹੀ ਡਬਲ ਰੇਟ ਤੇ ਸਵਾਉਣਾ ਸਹੀ ਸੂਝ ਦਾ ਪ੍ਰਤੀਕ 'ਨਹੀਂ'...ਇਸੇ ਤਰ੍ਹਾਂ ਸੌ ਫ਼ੀ ਸਦੀ ਪਿੰਡਾਂ ਦਾ ਬਿਜਲੀਕਰਨ ਕਰਦੇ ਸਮੇਂ, ਕਰੈਸ਼ ਪ੍ਰੋਗਰਾਮ (ਤੁਰੰਤ ਕੰਮ) ਅਧੀਨ ਹਰ ਉਸ ਪਿੰਡ ਵੀ ਬਿਜਲੀ ਪੁਚਾਈ ਗਈ ਜਿਥੇ ਚਾਰ ਘਰ ਵੀ ਕੁਨੈਕਸ਼ਨ ਲੈਣ ਨੂੰ ਤਿਆਰ ਨਹੀਂ ਸਨ। ਮੇਰਾ ਇਹ ਮਤਲਬ ਨਹੀਂ ਕਿ 'ਅਜਿਹੇ ਪਿੰਡਾਂ ਵਿਚ ਬਿਜਲੀ ਹੀ ਨਾ ਪੁਚਾਈ ਜਾਂਦੀ' ਜਿਥੇ ਲੋਕ ਅਤੀ ਗਰੀਬ ਹਨ ਜੋ ਬਿਜਲੀ ਲਵਾਉਣੀ (ਚਾਰ ਪੰਜ ਸੌ ਦਾ ਖਰਚ) ਅਤੇ ਉਸ ਦਾ ਬਿੱਲ ਨਹੀਂ ਹਨ ਭਰ ਸਕਦੇ। ਪਰ ਅਜਿਹੇ ਪਿੰਡਾਂ ਲਈ ਅਗਲੇ ਸਾਲ, ਅਗਲੇਰੇ ਸਾਲ ਵੀ ਬਿਜਲੀ ਦਾ ਪ੍ਰਬੰਧ ਕੀਤਾ ਜਾ ਸਕਦਾ ਸੀ—ਜ਼ਰੂਰੀ ਨਹੀਂ ਕਿ ਅਜਿਹੇ ਪਿੰਡਾਂ ਵਿਚ ਵੀ ਇਕੋ ਖਾਸ ਮਹੀਨੇ ਦੀ ਖਾਸ ਮਿੱਥੀ ਤਰੀਕ ਤੀਕ ਬਿਜਲੀ ਅਵੱਸ਼ ਪੁਚਾ ਦਿਤੀ ਜਾਂਦੀ—ਭਾਵੇਂ ਕੁਨੈਕਸ਼ਨ ਐਸ. ਡੀ. ਓ. ਨੂੰ ਖੁਦ ਆਪਣੇ ਨਾਉਂ ਹੇਠ ਹੀ ਲੈਣਾ ਪਵੇ ਜਾਂ ਕਬਰਾਂ ਵਿਚ ਬਲਬ ਜਗਾਉਣਾ ਪਵੇ!!

ਨੋਟ : ਹਾਲਾਂ ਤਕ ਇਕ ਤਿਹਾਈ ਗਰੀਬ ਪੰਜਾਬੀ ਘਰਾਂ ਵਿਚ ਬਿਜਲੀ ਦੀ ਇਕ ਕਿਰਨ ਤੀਕ ਨਹੀਂ ਹੈ ਪੁਜਦੀ !! ਜਲਦ, ਬਹੁਤ ਜਲਦ, ਜਲਦ

ਤੋਂ ਵੀ ਜਲਦ ਕਰਨ ਨਾਲ, ਖਰਚਾ ਵੀ ਚੌਗੁਣਾ ਪੈਂਦਾ ਹੈ ਤੇ ਕੁਆਲਟੀ ਪਖੋਂ ਵੀ ਕੰਮ ਨੂੰ ਨੁਕਸਾਨ ਪੁਜਦਾ ਹੈ। ਵਿਉਂਤਬੰਦੀ ਵੀ ਠੀਕ ਨਹੀਂ ਹੈ ਹੋ ਸਕਦੀ—ਅਜ ਇਕ ਇਲਾਕੇ ਵਿਚ ਦੋ-ਚਾਰ ਜਣੇ ਹੀ ਕੁਨੈਕਸ਼ਨ ਲੈਣ ਨੂੰ ਤਿਆਰ ਹਨ—ਤੁਸੀਂ ਪਤਲੀ ਤਾਰ ਲਗਾ ਦਿੰਦੇ ਹੋ...ਤਿੰਨਾਂ ਸਾਲਾਂ ਮਗਰੋਂ ਸੈਂਕੜੇ ਦਰਖਾਸਤਾਂ ਆ ਜਾਂਦੀਆਂ ਹਨ—ਫਿਰ ਤੁਹਾਨੂੰ ਪੁੱਟ ਖੋਹ ਕਰਨੀ ਪਵੇਗੀ—ਮੋਟੀ ਤਾਰ ਲਗਾਉਣ ਖਾਤਰ !! ਇਸ ਤਰ੍ਹਾਂ ਫ਼ਜ਼ੂਲ ਖਰਚਾ ਬਹੁਤ ਪੈ ਜਾਂਦਾ ਹੈ ..ਜਿਵੇਂ ਪਹਿਲਾਂ ਦਰਖਤਾਂ ਵਾਲੇ ਆਏ ਤੇ ਦਰਖਤ ਬੀਜ ਗਏ। ਮੁੜ ਸੜਕ ਚੌੜੀ ਕਰਨ ਵਾਲੇ ਆਏ ਤਾਂ ਪਲੇ-ਪਲਾਏ ਦਰਖੱਤ ਕੱਟ ਕੇ ਔਹ ਸੁੱਟ ਗਏ...ਮੁੜ ਸੀਵਰ ਵਾਲੇ ਆਏ ਤੇ ਬਣੀ ਬਣਾਈ ਸੜਕ ਸੈਂਟਰ ਵਿਚੋਂ ਤੋੜ ਕੇ ਔਹ ਗਏ...ਮੁੜ ਪਾਣੀ ਸਪਲਾਈ ਵਾਲੇ ਆਏ ਤੇ ਪਾਣੀ ਦੀਆਂ ਪਾਈਪਾਂ ਵਿਛਾਉਂਦੇ ਸਮੇਂ, ਪੁੱਟੀ ਮਿੱਟੀ ਨਾਲ ਸੀਵਰ ਪੂਰਕੇ ਪਹਿਲਾਂ ਵਾਲਾ ਮਾਮਲਾ ਤਮਾਮ ਕਰ ਗਏ। ਇਹ ਇਕ Short sightedness planning (ਤੰਗ ਦਿੱਲੀ ਜਾਂ ਘੱਟ-ਨਜਰੀਏ ਵਾਲੀ ਯੋਜਨਾ) ਦੀ ਇਕ ਉਦਾਹਰਣ ਸੀ। ਬਿਜਲੀ ਬੋਰਡ ਵਿਚ ਸੌ ਫੀ ਸਦੀ ਪੇਂਡੂ ਬਿਜਲੀ ਕਰਨ ਕਰਦੇ ਸਮੇਂ ਅਜਿਹੀਆਂ ਕਈ ਮਿਸਾਲਾਂ ਮਿਲ ਜਾਣਗੀਆਂ। ਸੰਖੇਪ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਉੱਦਮ ਨਾਲ, ਕਰੈਸ਼ ਪ੍ਰੋਗਰਾਮਾਂ ਅਧੀਨੇ ਸਾਲਾਂ ਵਿਚ ਹੋਣ ਵਾਲੇ ਕੰਮ, ਮਹੀਨਿਆਂ ਵਿਚ ਹੋਣੇ ਤਾਂ ਸੰਭਵ ਹਨ ਅਤੇ ਸੁਲਾਹੁਣ ਜੋਗ ਹਨ ਪਰ ਅਗਰ ਕੋਈ ਸਾਲਾਂ ਵਾਲੇ ਕੰਮ ਦਿਨਾਂ ਵਿਚ ਕਰ ਵਖਾਏ ਤਾਂ ਮਾਮਲਾ ਗੜਬੜ......ਸੰਜੇ ਗਾਂਧੀ ਹੋਰੀਂ ਮਹੀਨਿਆਂ ਵਿਚ ਹੀ ਮਮੂਲੀ ਮਕੈਨਿਕ ਤੋਂ ਡੁਪਲੀਕੇਟ ਪ੍ਰਧਾਨਮੰਤਰੀ ਬਣ ਗਏ ਸਨ। ਤਰੱਕੀ ਕਰਨ ਵਾਲੀ ਸਪੀਡ, ਬਿਨਾਸ਼ਕ ਬੜੀ ਹੈਰਾਨ ਕਰਦੀ ਹੈ ਮਗਰ 70 ਕਰੋੜ ਹਿੰਦੁਸਤਾਨੀਆਂ ਨੂੰ ਭਾਰੀ ਮੁਆਵਜ਼ਾ ਵੀ ਭਰਨਾ ਪਿਆ ਸੀ—ਇਸੇ ਰਾਸ਼ਟਰਨੇਤਾ ਦੀ ਬਦੌਲਤ ਹਿੰਦੁਸਤਾਨੀ ਦਾ ਸਿਆਸਤੀ ਅਤੇ ਆਰਥਕ ਢਾਂਚਾ ਬਦ ਤੋਂ ਬਦੱਤਰ ਹੋ ਚੁਕਾ ਹੈ !! ਬਰਾੜ ਸਾਹਿਬ ਨੇ ਆਪਣੇ ਸਮੇਂ ਪੂਰੀਆਂ ਚੰਮਦੀਆਂ ਚਲਾਈਆਂ। ਕਈ 2 ਚਹੇਤਿਆਂ ਨੂੰ ਦਸ ਦਸ ਅਗਾਊਂ ਤਰੱਕੀਆਂ (ਬਿਨਾ ਵਜ੍ਹਾ) ਦੇ ਕੇ ਨਵਾਜਿਆ।

ਅਗਰ ਇਹੋ ਪੇਂਡੂ ਬਿਜਲੀ ਕਰਣ ਪ੍ਰੋਗਰਾਮ ਉਦਮ ਸਹਿਤ (ਪਰ ਕਿਸੇ ਵਿਉਂਤਬੰਦੀ ਮੁਤਾਬਕ) ਪੂਰਾ ਕੀਤਾ ਜਾਂਦਾ ਤਾਂ ਸਮੁੱਚੇ ਪੰਜਾਬੀਆਂ ਨੂੰ ਲਾਭ ਪੁੱਜਦਾ ਪਰ ਇਸ ਹੰਭਲੇ ਮਗਰ ਕਿਉਂਕੇ ਨੀਯਤ ਲੋਕ-ਸੇਵਾ ਦੀ ਜਗ੍ਹਾ ਪੇਟ-ਸੇਵਾ ਦੀ ਸੀ, ਇਸ ਲਈ ਇਹ ਪ੍ਰੋਗਰਾਮ, ਸਮੁੱਚੇ ਪੰਜਾਬੀਆਂ ਲਈ ਨਫੇ ਦੀ ਜਗ੍ਹਾ ਨੁਕਸਾਨਦਾਇਕ ਹੀ ਸਾਬਤ ਹੋਇਆ। ਅੱਜ ਕਰੋੜਾਂ ਰੁਪਈਆਂ ਦਾ ਘਾਟਾ (Rural Electrification Losses) ਇਸ ਅਯੋਜਨਾਬੰਦੀ ਕਾਰਣ ਹੀ, ਬਿਜਲੀ ਬੋਰਡ ਨੂੰ ਹਰ ਸਾਲ ਬਰਦਾਸ਼ਤ ਕਰਨਾ ਪੈ ਰਿਹਾ ਹੈ। ਸਲਾਨਾ ਫਾਈ-ਨੈਨਸ਼ੀਅਲ ਰਿਪੋਟ (1982-83) ਵਿਚ ਵੀ ਸਫਾ 13 ਤੇ ਮੋਜੂਦਾ ਚੇਅਰਮੈਨ ਦਾ ਇਹ ਬਿਆਨ ਦਰਜ ਹੈ, With the 100% electrification of this state in 1976, there had not been systemaric growth of the system resulting in increased transmission and distribution losses".........ਪ੍ਰਬੰਧਕੀ ਬੋਰਡ ਦੇ ਸਿਆਸੀ ਅਹੁਦੇਦਾਰ ਆਪਣੀ ਮਿਆਦ ਵਧਾਉਣ ਖਾਤਰ ਹਰ ਕਿਸਮ ਦੇ ਹਥਕੰਡੇ ਵਰਤਦੇ ਹਨ। ਇਕ ਦੋਸਤ ਐਕਸੀਅਨ ਦਸ ਰਿਹਾ ਸੀ ਕਿ ਕਿਵੇਂ ਇਕ ਪ੍ਰਬੰਧਕੀ ਮੈਂਬਰ ਉਸਦੇ ਪਿਤਾ ਕੋਲ ਪੁੱਜਾ ਅਤੇ ਉਸਨੂੰ ਕਿਹਾ ਕਿ ਕੇਂਦਰ ਦੇ ਬਿਜਲੀ ਮੰਤਰੀ ਸ੍ਰੀ ਸ਼ੰਕਰਦਿਆਲ ਸ਼ਰਮਾ (1976) ਹੋਰਾਂ ਨੂੰ ਮੈਂ ਆਪਣੀ ਅਕਸਟੈਨਸ਼ਨ ਦੇ ਮਾਮਲੇ ਵਿਚ ਮਿਲਣ ਜਾ ਰਿਹਾ ਹਾਂ। ਉਨ੍ਹਾਂ ਨੇ ਮੈਨੂੰ ਕੋਈ ਯੋਗ 'ਵਰ' ਦਸਣ ਵਾਸਤੇ ਕਿਹਾ ਸੀ। ਅਗਰ ਤੁਸੀਂ ਉਨ੍ਹਾਂ ਦੇ ਘਰ ਨਾਲ ਮੱਥਾ ਜੋੜ ਲਉ ਤਾਂ ਤੁਹਾਨੂੰ ਇਕ ਉੱਚਾ ਘਰਾਣਾ ਮਿਲ ਜਾਏਗਾ ਤੇ ਮੈਨੂੰ ਐਕਸ-ਟੈਨਸ਼ਨ.. .. ਮੈਂਬਰਾਂ ਵਿਚ ਬਹੁਤਿਆਂ ਬਾਬਤ ਨਾ ਵਿਆਖਿਆ ਵਿਚ ਜਾਂਦਾ ਹੋਇਆ ਦੋ ਕੁ ਵੰਨਗੀਆਂ ਹੀ ਹੋਰ ਦੇਵਾਂਗਾ :—

ਇਹ ਸ੍ਰੀ ਉਪਕਾਰ ਚੰਦ—ਪਾਰਟ ਟਾਈਮ ਮੈਂਬਰ ਬਿਜਲੀ ਬੋਰਡ ਹਨ...ਤੁਸੀਂ ਕੀ ਸਮਝਦੇ ਹੋ ਕਿ ਬਿਜਲੀ ਬੋਰਡ ਦੇ ਪ੍ਰਬੰਧਕੀ ਮੈਂਬਰ, ਬੀ. ਈ., ਐਮ. ਈ. ਜਾਂ ਪੀ. ਐਚ. ਡੀ. ਆਫ ਅਲੈਕਟਰੀਕਲ ਐਨਜੀਨੀਰਿੰਗ ਹੋਣਗੇ...ਨਹੀਂ ਜਨਾਬ ਨਹੀਂ ਕਦੇ ਇਹ ਕਿਸੇ ਤਸੀਲ ਪਧਰ ਦੇ ਕਾਂਗਰਸੀ ਦਫਤਰ ਵਿਚ ਬੈਂਚ ਝਾੜਨ-ਪੂੰਜਣ-ਅਤੇ ਆਏ ਗਏ ਨੂੰ ਚਾਹ-ਪਾਣੀ, ਬੀੜੀ-ਸਿੱਗਰਟ ਪਿਲਾਉਣ ਦਾ ਕੰਮ ਕਰਦੇ ਹੁੰਦੇ ਸਨ। (office Secretary) ਖੈਰ ਇਨ੍ਹਾਂ ਦੀ ਕਿਸਮਤ ਨੇ ਪਲਟਾ ਖਾਧਾ ਤੇ ਇਹ ਬਿਜਲੀ ਬੋਰਡ ਦੇ ਮੈਂਬਰ, ਗਿਆਨੀ ਜ਼ੈਲ ਸਿੰਘ ਹੋਰਾਂ ਦੀ ਬਦੌਲਤ ਬਣ ਗਏ !! ਵਖਰੀ ਇਹ ਗੱਲ ਕਿ ਟੈਲੀਫੂਨ ਤੇ ਬਿਜਲੀ ਦੇ ਖੰਭੇ ਵਿਚ ਫਰਕ ਵੀ ਨਾ ਦਸ ਸਕਣ। ਹਾਂ ਕਦੇ ਗਲਤੀ ਨਾਲ ਤਾਰ ਨੂੰ ਹੱਥ ਜਾ ਛੂਹ ਜਾਏ ਤਾਂ ਵਖਰੀ ਗੱਲ ਹੋਵੇਗੀ। ਇਹਨਾਂ ਦੀ ਦਿਆਨਦਾਰੀ ਦੀ ਤਾਰੀਫ ਜਿੰਨੀ ਵੀ ਰੱਜਕੇ ਕੀਤੀ ਜਾਵੇ, ਉਨ੍ਹੀ ਹੀ ਥੋੜ੍ਹੀ ਹੋਵੇਗੀ। ਐਸ. ਡੀ. ਓ. ਦੀ ਭਰਤੀ ਲਈ ਦਸ ਹਜ਼ਾਰ ਤੋਂ ਲੈ ਕੇ ਪੰਜੀ ਹਜ਼ਾਰ ਤੀਕ ਸੁਣੀਦਾ ਸੀ—ਇਨ੍ਹਾਂ ਦੇ ਰਾਜਪਾਟ ਸਮੇਂ !! ਖੈਰ

ਰੱਬ ਦਾ ਭਾਣਾ, ਇਕ ਵੇਰ੍ਹਾਂ ਇਨ੍ਹਾਂ ਦੀ ਮੁਰੰਮਤ ਵੀ ਚੋਖੀ ਹੋਈ ਸੀ—ਅਕਾਲੀ ਜੰਤਾ ਰਾਜ ਸਮੇਂ—ਬਠਿੰਡੇ ਦੇ ਕਿਸੇ ਠਾਣੇ ਵਿਚ ਨੰਗਿਆਂ ਕਰ ਕੇ, ਇਹਨਾਂ ਦੀ ਪਿੱਠ ਉਤੇ ਮਾਰ ਮਾਰ ਪਟੇ ਅੰਡੇਮਾਨ ਤੇ ਨਿਕੋਬਾਰ ਦੇ ਨਕਸ਼ੇ ਛਾਪ ਦਿਤੇ ਗਏ ਸਨ। ਇਹ ਗੱਲ ਮੈਂ ਨਹੀਂ ਹਾਂ ਦਸ ਰਿਹਾ (ਤੇ ਪ੍ਰੋਫੈਸਰ ਬੁਢੀ ਜੀਵੀ ਤੇ ਬਾਬੂ ਐਨਕ ਚੰਦ ਭੁਲ ਗਏ ਹੋਣੇ) ਪਰ ਇਹ ਗੱਲ ਤੇ ਇਨ੍ਹਾਂ ਆਪ ਡਡਿਆ 2 ਕੇ ਅਖਬਾਰ—ਨਵੀਸਾਂ ਨੂੰ ਰਿਹਾ ਹੋਣ ਤੇ ਦਸੀ ਸੀ।

ਪਰ ਇਨ੍ਹਾਂ ਦੀ ਢੀਠਤਾ ਦਾ ਅੰਤ ਫਿਰ ਵੀ ਨਹੀਂ ਸੀ ਹੋਇਆ...ਮੁੜ ਇਹ ਗੱਦੀ ਤੇ ਪੈਸੇ ਦੀ ਹਵਸ ਨੂੰ ਪੂਰਾ ਕਰਨ ਖਾਤਰ, ਜੰਤਾ ਰਾਜ ਸਮੇਂ ਕਾਂਗਰਸ (ਯੂ) ਦੇ ਲੀਡਰ ਬਣ ਗਏ...ਹੋਰ ਤੇ ਹੋਰ, ਇਨ੍ਹਾਂ ਉਸ ਛਾਪਾ ਮਾਰ ਹਮਲੇ ਦੀ ਅਗਵਾਈ ਵੀ ਕੀਤੀ ਸੀ ਜਿਸ ਵਿਚ ਇਨ੍ਹਾਂ ਨੇ ਕਾਂਗਰਸ (ਇੰਦਰਾ) ਦੇ ਅਹੁਦੇਦਾਰਾਂ ਕੋਲੋਂ ਚੰਡੀਗੜ੍ਹ ਵਿਖੇ ਸਥਿਤ "ਨੌਲੱਖੇ" ਕਾਂਗਰਸ ਭਵਨ ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ ਸੀ [ਨੋਟ : ਅਜ ਇਸੇ ਕਾਂਗਰਸੀ ਭਵਨ ਦੀ ਕੀਮਤ 25 ਲੱਖ ਤੋਂ ਘੱਟ ਨਹੀਂ ਹੋਵੇਗੀ—ਮਹਾਤਮਾ ਗਾਂਧੀ ਜੀ ਤਾਂ ਐਵੇਂ ਹੀ ਝੋਂਪੜੀਆਂ ਵਿਚ ਰੁਲਦੇ ਰਹੇ]...ਉਸੇ ਇਸ ਹਮਲੇ ਵਿਚ ਵੀ ਇਨ੍ਹਾਂ ਨੂੰ ਜੁੱਤੀਆਂ ਹੀ ਪਈਆਂ ਸਨ—ਹੋਰ ਤੇ ਹੋਰ, ਇਨ੍ਹਾਂ ਦੀ ਸਾਥਣ-ਲੀਡਰ (ਜੋ ਐਮਰਜੈਂਸੀ ਵਿਚ ਸੰਜਯ ਦੀ ਸਾਥਣ ਲੀਡਰ ਬਣੀ ਹੋਈ ਸੀ) ਸ੍ਰੀ ਮਤੀ ਅੰਬਿਕਾ ਸੋਨੀ ਦੇ ਤਾਂ ਪੁਲੀਸ ਸ਼ਾਇਦ ਹੱਥੀਂ ਪੈਣ ਤੀਕ ਵੀ ਗਈ ਸੀ......ਉਹ ਜੀ, ਬੇਇਜ਼ਤੀ ਦਾ ਕੀ ਹੈ, ਇਨ੍ਹਾਂ ਨੂੰ ਤਾਂ ਨੌਲੱਖਾ ਭਵਨ ਚਾਹੀਦਾ ਸੀ।

ਨੋਟ : ਦੋਕੀ ਚੀਫ ਐਨਜੀਨਅਰ ਅਤੇ ਕੈਲਾਸ਼ ਚੰਦਰ ਦੀ ਸਸਪੈਨਸ਼ਨ ਉਮਕਾਰ ਚੰਦ ਦੀ ਕੁਟਾਈ ਅਤੇ ਸ੍ਰੀ 'ਯਸ਼' ਦੀ ਪਿਟਾਈ ਤੋਂ ਤੁਸੀਂ ਇਹ ਨਿਰਣਾ ਨਾ ਕਰ ਲੈਣਾ ਕਿ ਅਕਾਲੀ-ਜੰਤਾ ਰਾਜ ਦੁਰਾਨ, ਬਿਜਲੀ ਬੋਰਡ ਵਿਚ ਸਭ ਅੱਛਾ ਸੀ...ਉਨ੍ਹਾਂ ਉਮਕਾਰ ਚੰਦ ਨੂੰ ਤਾਂ ਕਰ ਦਿਤਾ ਸੀਖਾਂ ਅੰਦਰ ਤੇ ਉਸੇ ਦੀ ਜਗ੍ਹਾ ਬਿਜਲੀ ਬੋਰਡ ਦਾ ਮੈਂਬਰ ਬਣਾ ਦਿਤਾ ਸ: ਮਨਮੋਹਨ ਸਿੰਘ ਜੀ ਬਜਾਜ਼ ਹੋਰਾਂ ਨੂੰ !!ਮੈਂ ਮੰਨਦਾ ਹਾਂ ਕਿ ਅਕਾਲੀ ਮਨਮੋਹਨ ਸਿੰਘ ਹੋਰੀਂ ਇਕ ਭੱਦਰਪੁਰਸ਼ ਹੋਣ ਪਰ ਬਜਾਜ਼ੀ ਦੀਆਂ ਗੰਢਾਂ ਤੇ ਬਿਜਲੀ ਦੇ ਜਨਰੇਟਰਾਂ ਵਿਚ ਜ਼ਮੀਨ ਅਸਮਾਨ ਦਾ ਫਰਕ ਹੁੰਦਾ ਹੈ। ਅਗਰ ਇਸੇ ਬਜਾਜ਼ ਸਾਹਿਬ ਨੂੰ, ਅਕਾਲੀ ਸਰਕਾਰ ਕਿਸੇ ਕਪੜੇ ਉਦਯੋਗ ਦਾ ਡਰੈਕਟਰ/ਸਲਾਹਕਾਰ ਬਣਾ ਦਿੰਦੀ ਤਾਂ ਅਸੀਂ ਜੀ ਆਇਆਂ ਕਹਿੰਦੇ ਪਰ ਅਗਰ ਬੱਬਾ, ਬਿਜਲੀ ਤੇ ਬੱਬਾ ਬਜਾਜ਼ੀ ਤੋਂ ਹੀ ਇਕੋ ਮਤਲਬ ਕਢ ਲਿਆ ਗਿਆ ਸੀ ਤਾਂ ਵਾਹਿਗੁਰੂ ਹੀ ਬਚਾਏ ਅਜਿਹੇ ਪ੍ਰਬੰਧਕਾਂ ਤੋਂ !! ਸ਼ਿਫਾਰਸ਼ ਬਾਜ਼ੀ ਨੂੰ ਬਜਾਜ਼ ਸਾਹਿਬ ਵੀ ਬਹੁਤ ਸ਼ੈਹਿ ਦਿੰਦੇ ਸਨ। ਹੋਰ ਪ੍ਰਬੰਧਕੀ ਮੈਂਬਰਾਂ ਵਿਚੋਂ ਇਕ-ਦੋ ਫ੍ਰਿਕਾਪ੍ਰਸਤ ਵੀ ਸਨ। ਇਕ ਐਸ. ਡੀ. ਓ. ਦਾ ਨਾਉਂ ਕੁਝ ਇਸ ਤਰ੍ਹਾਂ ਸੀ, ਸ਼ਾਇਦ ਰਾਮਸ਼ਰਨ ! ਉਹ ਐਸੇ ਪੰਜਾਬੀ ਸਿੱਖ ਘਰਾਣੇ ਨੂੰ ਸਬੰਧ ਰਖਦਾ ਸੀ ਜੋ ਕਈਆਂ ਸਾਲਾਂ ਤੋਂ ਗੁਜਰਾਤ ਵਿਖੇ ਟਿਕਿਆ ਹੋਇਆ ਸੀ ! ਬਾਣੇ ਵਿਚ ਤਾਂ ਭਾਵੇਂ ਉਹ ਸਿੱਖ ਸੀ ਮਗਰ ਉਸ ਦੇ ਸਰਟੀਫੀਕੇਟਾਂ ਵਿਚ ਨਾਉਂ ਮਗਰ 'ਸਿੰਘ' ਨਹੀਂ ਸੀ ਲਗਾ ਹੋਇਆ ਗੁਜਰਾਤੀ ਮਾਸਟਰ ਕੋਲੋਂ ਗਲਤੀ ਨਾਲ 'ਸਿੰਘ' ਸ਼ਬਦ ਰਹਿ ਗਿਆ ਸੀ—ਕੁਝ ਉਸ ਦੇ ਅਗਾਂਹ-ਵਧੂ ਮਾਤਾ ਪਿਤਾ ਨੇ ਨਾਉਂ ਠੀਕ ਕਰਨ ਲਈ ਬਹੁਤੀ ਜ਼ਿਦ ਨਹੀਂ ਸੀ ਕੀਤੀ। ਇਕ ਪ੍ਰਬੰਧਕੀ ਮੈਂਬਰ ਨੇ ਆਪਣਾ ਕੋਈ ਭਣੇਵਾਂ/ਭਤੀਜਾ ਪਟਿਆਲੇ ਲਿਆਉਣਾ ਸੀ। ਖੈਰ-! ਪ੍ਰਬੰਧਕੀ ਮੈਂਬਰ ਨੇ ਆਪਣੇ ਭਣੇਵੇਂ ਨੂੰ ਤਾਂ ਜੋਗਿੰਦਰ ਨਗਰ (ਹਿਮਾਂਚਲ) ਤੋਂ ਪਟਿਆਲੇ ਲੈ ਆਂਦਾ ਪਰ ਉਸਦੇ ਬਦਲ ਵਜੋਂ ਕਿਸਨੂੰ ਉਥੇ ਭੇਜੇ। ਪਟਿਆਲੇ ਵਿਖੇ ਸਥਿਤ ਐਸ. ਡੀ. ਓਆਂ ਦੀ ਲਿਸਟ ਮੰਗਵਾ ਕੇ ਵੇਖੀ ਤੇ ਉਸ ਗੁਜਰਾਤੀ ਦੇ ਆਡਰ ਜੋਗਿੰਦਰ ਨਗਰ ਦੇ ਕਰ ਮਾਰੇ। ਉਸ ਕਬੀਲਦਾਰ ਦੇ ਘਰੋਂ ਵੀ ਪਟਿਆਲੇ ਦੇ ਕਿਸੇ ਦੁਰੇਡੇ ਪਿੰਡ ਵਿਚ ਅਧਿਆਪਕਾ ਲਗੀ ਹੋਈ ਸੀ। ਮੀਆਂ ਜੁਗਿੰਦਰ ਨਗਰ ਤੇ ਬੀਵੀ ਦੂਰ ਪਿੰਡ ਵਿਚ ਤੇ ਨਿਆਣੇ ਰੋਣ ਗਲੀਆਂ ਵਿਚ !! ਤੰਗ ਆ ਕੇ ਇਕ ਦਿਨ ਉਹ ਪ੍ਰਬੰਧਕੀ ਮੈਂਬਰ ਦੇ ਪੇਸ਼ ਹੋ ਗਿਆ ਅਤੇ ਉਸ ਪੁਛਿਆ ਜਨਾਬ,

ਮੇਰਾ ਕਸੂਰ ਤਾਂ ਦਸੋ, ਮੈਨੂੰ ਚੰਗੇ ਭਲੇ ਨੂੰ ਪੁੱਟ ਕੇ ਔਹ ਹਿਮਾਲੀਆ ਵਿਚ ਕਿਉਂ ਵਗਾਹ ਮਾਰਿਆ ਜੇ......?

ਪ੍ਰਬੰਧਕੀ ਮੈਂਬਰ ਹੈਰਾਨ ਪ੍ਰੇਸ਼ਾਨ, ਬੋਲਿਆ ਓਏ ਤੂੰ ਆਪਣਾ ਜ਼ਾਤ-ਬਿਰਾਦਰ, ਤੇਰੀ ਮੈਂ ਕ੍ਹਾਹਤੋਂ ਬਦਲੀ ਕਰਨੀ ਸੀ। ਮੈਂ ਤਾਂ ਕਿਸੇ ਰੋਡੇ ਦੀ ਕੀਤੀ ਹੈ—ਪਤਾ ਨਹੀਂ ਕੀ ਨਾਉਂ ਹੈ ਉਸਦਾ ਸ਼ਾਇਦ ਰਾਮਸ਼ਰਨ...।

ਓਹੋ ਮਾਲਕੋ, ਉਹ ਰਾਮ ਸ਼ਰਨ ਮੈਂ ਹੀ ਹਾਂ... ਪਹਿਲਾਂ ਤਾਂ ਮੈਂਬਰ ਨੇ ਉਸ ਨੂੰ 'ਸਿੰਘ' ਨਾ ਲਿਖਣ ਤੇ ਝਾੜਾਂ ਪਾਈਆਂ, ਮੁੜ ਖੈਰ ਉਸਦੀ ਪਟਿਆਲੇ ਦੀ ਬਦਲੀ ਕਰ ਦਿਤੀ !!! ਤੇ ਜਿਥੇ ਅਜਿਹੇ ਪ੍ਰਬੰਧਕੀ ਮੈਂਬਰ ਹੋਣਗੇ, ਉਹ ਬੋਰਡ ਘਾਟੇ ਵਿਚ ਨਾ ਜਾਣਗੇ ਤਾਂ ਹੋਰ ਕੀ ਹੋਵੇਗਾ...? ਰਾਜਧਕਸ਼ ਜੋ ਪਲੈਨਿੰਗ ਕਮਿਸ਼ਨ ਦੇ ਮੈਂਬਰ ਵੀ ਰਹਿ ਚੁਕੇ ਹਨ, ਹਿੰਦੁਸਤਾਨ ਦੇ ਬਿਜਲੀ ਬੋਰਡਾਂ ਬਾਬਤ ਆਪਣੀ ਰਿਪੋਰਟ ਵਿਚ ਸਾਫ ਲਿਖਦੇ ਹਨ ਕਿ ਸਿਆਸੀ ਦਖਲ ਅੰਦਾਜ਼ੀ ਨੇ

ਕਾਰਪੋਰੇਸ਼ਨਾਂ ਦਾ ਮੰਤਵ ਹੀ ਫੇਲ੍ਹ ਕਰਕੇ ਰੱਖ ਦਿਤਾ ਹੈ। ਕਈ ਕਈ ਜਗ੍ਹਾ ਤਾਂ ਚੇਅਰਮੈਨਾਂ ਦੀ ਮਿਆਦ ਨੌਂ ਮਹੀਨੇ ਵੀ ਨਹੀਂ ਹੋ ਬਣਦੀ ਕਿ ਬਦਲ ਦਿਤੇ ਜਾਂਦੇ ਹਨ ! ਬਿਜਲੀ ਵਰਗੇ ਮਹੱਤਵਪੂਰਵਕ ਅਦਾਰਿਆਂ ਵਿਚ ਅਗਾਊਂ ਯੋਜਨਾਬੰਦੀ (planning) ਕਰਨ ਦੀ ਲੋੜ ਹੁੰਦੀ ਹੈ। ਘਟੋ-ਘਟ ਪੰਦਰਾਂ ਸਾਲ ਅਗਾਊਂ ਪਲੈਨ ਕਰਨਾ ਅਤੀ ਜ਼ਰੂਰੀ ਹੈ ਕਿਉਂਕਿ ਡੈਮਾਂ ਆਦਿ ਮੁਢਲੇ ਸਰਵੇਖਣਾਂ ਵਿਚ ਹੀ ਪੰਜ ਪੰਜ, ਸੱਤ ਸੱਤ ਸਾਲ ਲਗ ਜਾਂਦੇ ਹਨ, ਪਰ ਜਿਸ ਦੇਸ਼ ਵਿਚ ਮੁੱਖ ਮੰਤਰੀਆਂ ਨੂੰ ਵੀ ਪੰਦਰਾਂ ਪੰਦਰਾਂ ਦਿਨਾਂ ਦੀਆਂ ਮੋਹਲਤਾਂ ਮਿਲਣ (ਦਰਬਾਰਾ ਸਿੰਘ ਹੁਰੀਂ ਕਿਧਰ ਦੇ ਸਥਾਈ ਮੁੱਖ ਮੰਤਰੀ ਹਨ) ਉਸ ਦੇਸ਼ ਵਿਚ ਹੋਰ ਅਦਾਰਿਆਂ ਲਈ ਲੰਮੇ ਸਮੇਂ ਵਾਲੀ ਪਲੈਨਿੰਗ ਦੀ ਆਸ਼ਾ ਕਰਨਾ ਮੂਰਖਾਂ ਦੇ ਬਹਿਸ਼ਤ ਵਿਚ ਰਹਿਣਾ ਹੋਵੇਗਾ।

ਸਾਰ :—ਲੇਖ ਦੇ ਇਹ ਹਿੱਸੇ ਵਿਚ ਇਹ ਸਿਧ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਬਿਜਲੀ ਬੋਰਡਾਂ ਦੇ ਘਾਟੇ ਵਾਧੇ ਦੀ ਮੁਖ ਜ਼ਿਮੇਂਵਾਰੀ ਪ੍ਰਬੰਧਕੀ ਬੋਰਡਾਂ ਸਿਰ ਤੇ ਉਨ੍ਹਾਂ ਦੇ ਸਰਪ੍ਰਸਤਾਂ ਸਿਰ ਪੈਂਦੀ ਹੈ। ਬੋਰਡਾਂ ਦੇ ਚੇਅਰਮੈਨ ਅਤੇ ਹੋਰ ਸਥਾਈ ਮੈਂਬਰ, ਤਕਨੀਕੀ ਪਖੋਂ ਬਹੁਤ ਹੀ ਯੋਗ ਤੇ ਤਜਰਬਾਕਾਰ ਹੋਣੇ ਅਤੀ ਜ਼ਰੂਰੀ ਹਨ ਵਰਨਾ ਗੁੜ-ਗੋਹਾ ਸਭੋ ਬਰਾਬਰ... ਪ੍ਰਬੰਧਕਾਂ ਨੂੰ ਛੇ-ਮਹੀਨਿਆਂ ਜਾਂ ਸਾਲ, ਡੇਢ ਸਾਲ ਮਗਰੋਂ ਬਦਲ ਦੇਣਾ ਵੀ ਪਲੈਨਿੰਗ ਦੇ ਨਿਯਮਾਂ ਦੇ ਵਿਰੁਧ ਹੈ ਕਿਉਂਕਿ ਬਿਜਲੀ ਉਤਪਾਦਨ ਲਈ ਲੰਮੇ ਸਮੇਂ ਦੀ ਯੋਜਨਾਬੰਦੀ ਅਤੀ ਜ਼ਰੂਰੀ ਹੈ। ਇਸੇ ਹਿਸੇ ਵਿਚ ਇਹ ਵੀ ਸਿਧ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਜ਼ਿਮੀਂਦਾਰਾਂ ਨੂੰ ਥੋੜੀ ਸਸਤੀ ਬਿਜਲੀ ਨਾਲ ਹੀ ਸਾਰੇ ਘਾਟੇ ਨਹੀਂ ਹਨ ਪੈ ਰਹੇ ਸਗੋਂ 99% ਨੁਕਸ ਕਿਤੇ ਹੋਰ ਥਾਂ ਹੈ। ਵੱਡੇ ਕਾਰਖਾਨੇਦਾਰਾਂ ਦੁਆਰਾ ਕ੍ਰੋੜਾਂ ਰੁਪਈਆਂ ਦੀ ਸਾਲਾਨਾ ਬਿਜਲੀ ਚੋਰੀ ਹੋ ਰਹੀ ਹੈ ਜਿਸ ਨੂੰ ਬਿਜਲੀ ਬੋਰਡ ਦੇ 500 ਉੱਚ ਦਰਜਾ ਅਫਸਰ ਵੀ ਰੋਕਣ ਵਿਚ ਕਾਮਯਾਬ ਨਹੀਂ ਹਨ ਹੋ ਰਹੇ ਕਿਉਂਕਿ ਉਨ੍ਹਾਂ ਵਿਚੋਂ ਚੰਦ ਕਾਲੀਆਂ ਭੇਡਾਂ ਵੀ ਇਸ ਚੋਰੀ ਵਿਚ ਹਿੱਸੇਦਾਰ ਹਨ। ਅੰਤ ਵਿਚ ਇਹ ਵੀ ਮੁੜ ਦੁਹਰਾ ਦਿਤਾ ਜਾਵੇ ਕਿ ਭਾਵੇਂ ਪੰਜਾਬ ਵਿਚ 75% ਫੀ ਸਦੀ ਬਿਜਲੀ ਭਾਖੜਾ ਡੈਮ, ਅਪਰਬਾਰੀ ਦੁਆਬ ਬਿਜਲੀ ਘਰ, ਪੌਂਗ ਡੈਮ ਆਦਿ ਥਾਵਾਂ ਤੋਂ ਆਉਂਦੀ ਹੈ ਜੋ ਥਰਮਲ ਪ੍ਲਾਂਟਾਂ ਦੇ ਮੁਕਾਬਲੇ ਬਹੁਤ ਹੀ ਸਸਤੀ ਪੈਂਦੀ ਹੈ ਪਰ ਫਿਰ ਵੀ ਪੰਜਾਬ ਵਿਚ ਬਿਜਲੀ ਦੇ ਰੇਟ ਕੁਲ ਹਿੰਦੁਸਤਾਨ ਵਿਚੋਂ ਉੱਚੇ ਹਨ ਪਰ ਕਾਰਖਾਨੇਦਾਰਾਂ ਨੂੰ ਸਭ ਤੋਂ ਸਸਤੀ ਬਿਜਲੀ ਦਿਤੀ ਜਾ ਰਹੀ ਹੈ—ਜੋ ਅਗਲੇ ਅੰਕ ਵਿਚ ਵਿਆਖਿਆ ਸਹਿਤ ਦਸਿਆ ਜਾਵੇਗਾ। ਅਖੀਰ ਤੇ ਇਹ ਵੀ ਅਰਜ਼ ਕਰ ਦੇਵਾਂ ਕਿ ਜਦ ਤੀਕ ਅਸੀਂ ਖੁਦ ਜਾਗ੍ਰਿਤ ਹੋ ਕੇ ਬਿਜਲੀ ਵਿਚ ਹੋਏ ਨਜਾਇਜ਼ ਵਾਧਿਆਂ ਦਾ ਵਿਰੋਧ ਨਹੀਂ ਹਾਂ ਕਰਦੇ, ਉਨ੍ਹਾਂ ਚਿਰ ਤੀਕ ਇਹ ਜ਼ਿਆਦਤੀਆਂ ਜਾਰੀ ਜ਼ਰੂਰੀ ਹੀ ਨਹੀਂ ਰਹਿਣਗੀਆਂ ਸਗੋਂ ਹੋਰ ਵੀ ਵਧੇਰੇ...???

## ਇਕ ਸੂਚਨਾ

ਬਹੁਤ ਸਾਰੇ ਪਾਠਕਾਂ ਵਲੋਂ ਮੰਗ ਆਈ ਹੈ ਕਿ ਪ੍ਰੋ. ਭਾਰਦਵਾਜ ਦੇ ਲੇਖਾਂ ਨੂੰ ਇਕ ਪੁਸਤਕ ਦਾ ਰੂਪ ਦਿਤਾ ਜਾਵੇ ਤੇ ਇਹਨਾਂ ਲੇਖਾਂ ਦਾ ਹਿੰਦੀ ਅਨੁਵਾਦ ਵੀ ਛਾਪਿਆ ਜਾਏ। ਇਸ ਨਿਸ਼ਾਨੇ ਨੂੰ ਪੂਰਾ ਕਰਨ ਦਾ ਉਪਰਾਲਾ ਕੀਤਾ ਜਾ ਰਿਹਾ ਹੈ। ਸਮਤਾ ਵਿਚ ਛਪੇ ਚਾਰ ਲੇਖਾਂ ਨੂੰ ਹਾਲ ਦੀ ਘੜੀ ਇਕ ਥਾਂ ਜਿਲਦਬੰਦ ਕੀਤਾ ਗਿਆ ਹੈ। ਚਾਹਵਾਨ 2/- ਦੀ ਡਾਕ ਟਿਕਟ ਭੇਜਕੇ ਸਾਡੇ ਕੋਲੋਂ ਮੰਗਵਾ ਸਕਦੇ ਹਨ/ਸੰਪਾਦਕ

---

ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਦੀਆਂ ਕਿਤਾਬਾਂ ਅਦਾਰਾ ਸਮਤਾ ਕੋਲੋਂ ਉਹਨਾਂ ਦੀ ਕੀਮਤ ਦੀਆਂ ਡਾਕ ਟਿਕਟਾਂ ਭੇਜਕੇ ਮੰਗਵਾਈਆਂ ਜਾ ਸਕਦੀਆਂ ਹਨ। ਦਿਤੀਆਂ ਕੀਮਤਾਂ ਵਿਚ ਡਾਕ ਖਰਚ ਵੀ ਸ਼ਾਮਿਲ ਹੈ। ਸੂਹੀ ਸਵੇਰ 6/-, ਨਾਟਕ-ਬੰਦਾ ਬਹਾਦਰ 8/-, ਕਹਾਣੀਆਂ-ਲੁਕ ਵਿਚ ਫਸੇ ਪੈਰ 3/-, ਕਹਾਣੀਆਂ-ਚਾਬੀਆਂ ਦਾ ਗੁੱਛਾ 3/-, ਨਾਜ਼ਮ ਹਿਕਮਤ ਦੀ, ਨਜ਼ਮਾਂ-ਸ਼ਹਿਦ ਦੀ ਕਟੋਰੀ 3/-।

---

ਪਰੰਪਰਾ ਅਤੇ ਪ੍ਰਗਤੀਵਾਦ—ਡਾਕਟਰ ਸੁਰਜੀਤ ਹਾਂਸ ਵਲੋਂ ਗੁਰੂ ਨਾਨਕ ਸਾਹਿਬ ਦੇ ਸੌ ਸ਼ਬਦਾਂ ਦੀ ਵਿਆਖਿਆ ਅਤੇ ਉਹਨਾਂ ਦੀ ਕਾਵਿ ਜੁਗਤੀ ਅਜ ਦੀ ਕ੍ਰਾਂਤੀਕਾਰੀ ਕਵਿਤਾ ਵਾਸਤੇ ਚਾਨਣ ਮੁਨਾਰਾ 8/- ਦੀਆਂ ਡਾਕ ਟਿਕਟਾਂ ਭੇਜਕੇ ਅਦਾਰਾ ਸਮਤਾ ਕੋਲੋਂ ਮਿਲ ਸਕਦੀਆਂ ਹਨ।

ਇਸੇ ਤਰ੍ਹਾਂ ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਵਲੋਂ ਪ੍ਰਕਾਸ਼ਤ ਗੁਰਸ਼ਰਨ ਸਿੰਘ ਦੇ ਨਾਟਕ ਚਾਂਦਨੀ ਚੌਕ ਤੋਂ ਸਰਹਿੰਦ ਤਕ 3/-, ਘੁੰਮਣ ਘੇਰੀ 3/-, ਬੰਦ ਕਮਰੇ 3/-, ਆਤਮਜੀਤ ਦੇ ਨਾਟਕ ਹੀ ਨਾਟਕ 3/-, ਪ੍ਰੋ. ਗੁਰਦਿਆਲ ਸਿੰਘ ਫੁੱਲ ਦੇ ਨਾਟਕ ਬੰਦਾ ਬਹਾਦਰ 3/- ਇਸ ਕੀਮਤ ਦੀਆਂ ਡਾਕ ਟਿਕਟਾਂ ਭੇਜਕੇ ਅਦਾਰਾ ਸਮਤਾ ਕੋਲੋਂ ਮਿਲ ਸਕਦੀਆਂ ਹਨ। ਵੀ. ਪੀ. ਪੀ. ਨਹੀਂ ਭੇਜੀ ਜਾਂਦੀ/ਅਦਾਰਾ ਸਮਤਾ।

# ਭਾਰਤਾੜ

ਹਮਦਰਦਵੀਰ ਨੌਸ਼ਹਿਰਵੀ

ਮੰਚ ਉੱਤੇ ਟੇਬਲ ਕੁਰਸੀ ਲਾਈ, ਫਾਈਲਾਂ ਖੋਲ੍ਹੀ ਇੱਕ ਸਰਕਾਰੀ ਬੁਲਾਰਾ ਬੈਠਾ ਹੈ। ਨੇੜੇ ਹੀ ਦੂਜੀ ਕੁਰਸੀ ਉੱਤੇ ਕਿਸੇ ਚੰਗੀ ਅਖਬਾਰ ਦਾ ਇੱਕ ਨਾਮਾਨਿਗਰ-ਬੈਠਾ ਹੈ। ਨਾਮਾਨਿਗਾਰ ਆਪਣੀ ਅਖਬਾਰ ਲਈ ਕੁੱਝ ਨੋਟ ਕਰ ਰਿਹਾ ਹੈ। ਕਿਸੇ ਪ੍ਰਾਂਤ ਤੋਂ ਇੱਕ ਛੋਟਾ ਸਰਕਾਰੀ ਅਫਸਰ ਆਉਂਦਾ ਹੈ।

ਸਰਕਾਰੀ ਅਫਸਰ—(ਆਪਣੇ ਆਪ ਨਾਲ ਹੀ)—ਬੜਾ ਅਜੀਬ ਏ—ਹਰ ਟਿਕਟ ਏਜੰਸੀ ਸਾਹਮਣੇ ਬੋਰਡ ਲਟਕ ਰਿਹਾ ਹੈ—'ਸਾਰੀਆਂ ਟਿਕਟਾਂ ਵਿਕ ਚੁੱਕੀਆਂ ਹਨ।" ਖੇਡਾਂ ਵਿੱਚ ਹਾਲੀ ਪੂਰੇ ਦੋ ਮਹੀਨੇ ਪਏ ਨੇ ਤੇ ਟਿਕਟਾਂ ਵਿੱਕ ਵੀ ਚੁਕੀਆਂ ਨੇ। ਮੈਂ ਸੋਚਿਆ ਸੀ ਸਾਲੇ ਦਾ ਵਿਆਹ ਵੀ ਅਟੈਂਡ ਕਰ ਆਵਾਂਗਾ ਨਾਲੇ ਏਸ਼ੀਆਡ ਲਈ ਦੋ ਟਿਕਟਾਂ ਵੀ ਲਈ ਆਵਾਂਗਾ। ਡਿਊਟੀ ਬਣਾ ਕੇ ਆ ਗਿਆ। ਟੀ. ਏ., ਡੀ. ਏ. ਤਾਂ ਮਿਲ ਹੀ ਜਾਣਾ ਹੈ, ਪਰ ਟਿਕਟ। ਭਾਈ ਸਾਹਿਬ ਏਸ਼ੀਆਡ ਲਈ ਕਿਤੋਂ ਟਿਕਟ ਮਿਲ ਸਕਦੀ ਏ?

ਨਾਮਾ ਨਿਗਾਰ—ਕਿਉਂ ਨਹੀਂ? ਬਹੁਤੀਆਂ ਟਿਕਟਾਂ ਤਾਂ ਹਾਲੀ ਕਨਟਰੈਕਟਰਾਂ ਨੇ ਹੀ ਖਰੀਦੀਆਂ ਨੇ। ਇਹ ਹੁਣ ਹੌਲੀ ਹੌਲੀ ਬਲੈਕ ਵਿੱਚ ਵੇਚਣਗੇ।

ਅਫਸਰ—ਹੱਛਾ! ਟਿਕਟਾਂ ਵੀ ਬਲੈਕ ਵਿੱਚ।

ਨਾਮਾ ਨਿਗਾਰ—ਕੀ ਇਹ ਕੋਈ ਅਚੰਭੇ ਵਾਲੀ ਗੱਲ ਏ? ਸਿਨਮਾਂ ਘਰਾਂ ਸਾਹਮਣੇ ਰੋਜ਼ ਕੀ ਹੁੰਦਾ ਏ? ਜਿਥੇ ਡੇਢ-ਦੋ ਕਰੋੜ ਰੁਪਏ ਦਾ ਬਧਾ ਰੋਜ਼ ਕਾਲੇ ਧਨ ਵਿੱਚ ਹੋ ਜਾਂਦਾ ਹੋਵੇ—ਉਥੇ ਟਿਕਟਾਂ ਬਲੈਕ ਵਿੱਚ ਵਿਕਣਾ ਕਿਹੜੀ ਵੱਡੀ ਗੱਲ ਹੈ।

ਸਰਕਾਰੀ ਬੁਲਾਰਾ—ਪਰ ਤੁਹਾਨੂੰ ਇਹ ਨਹੀਂ ਭੁਲਣਾ ਚਾਹੀਦਾ ਕਿ ਸਰਕਾਰ ਨੇ ਏਸ਼ੀਆਡ ਪਿੰਡ ਵਿੱਚ ਪਿਛਲੇ ਕਰੀਬ ਦੋ ਸਾਲਾਂ ਤੋਂ ਕੰਮ ਕਰ ਰਹੇ ਕਈ ਹਜ਼ਾਰ ਮਜ਼ਦੂਰਾਂ ਨੂੰ ਖੇਡਾਂ ਦੇਖਣ ਲਈ ਇੱਕ ਇੱਕ ਮੁਫਤ ਟਿਕਟ ਦੇਣ ਦਾ ਪ੍ਰਬੰਧ ਕੀਤਾ ਹੈ।

ਨਾਮਾਨਿਗਾਰ—ਜਿਸ ਦੇਸ਼ ਵਿੱਚ ਚਾਰ ਕਰੋੜ ਤੋਂ ਬਹੁਤੇ ਲੋਕ ਬੇਰੁਜਗਾਰ ਹੋਣ— ਜਿਥੇ ਹਰ ਰੋਜ਼ ਦਸ ਹਜ਼ਾਰ ਨਵੇਂ ਚਿਹਰੇ ਬੇਕਾਰਾਂ ਦੀ ਕਤਾਰ ਵਿੱਚ ਸ਼ਾਮਲ ਹੋਣ ਲਈ ਮਜਬੂਰ ਹੋਣ—ਉਥੇ, ਚਲੋ, ਕੁੱਝ ਸਮੇਂ ਲਈ ਕੁੱਝ ਮਜ਼ਦੂਰਾਂ ਨੂੰ ਤਾਂ ਕੰਮ ਮਿਲਿਆ ਪਰ—ਪਤਾ ਲੱਗਾ ਹੈ ਕਿ ਠੇਕੇਦਾਰ ਮਜ਼ਦੂਰਾਂ ਨੂੰ ਘੱਟ ਦਿਹਾੜੀ ਦਿੰਦੇ ਹਨ ਅਤੇ ਉਹਨਾਂ ਲਈ ਰਹਿਣ ਦੀ ਥਾਂ ਵੀ ਬੜੀ ਘਟੀਆ ਹੈ—ਜਿਥੇ ਨਾ ਕੋਈ ਬਿਜਲੀ ਦਾ ਪ੍ਰਬੰਧ ਹੈ—ਨਾ ਹੀ ਪਾਣੀ ਦਾ ਤੇ ਨਾਂ ਹੀ ਸਫਾਈ ਆਦਿ ਦਾ।

ਬੁਲਾਰਾ—ਏਨੇ ਵੱਡੇ ਕੰਮ ਵਿੱਚ ਕੁੱਝ ਮੁਸ਼ਕਲਾਂ ਤਾਂ ਸਹਿਣੀਆਂ ਹੀ ਪੈਂਦੀਆਂ ਹਨ। ਕਈ ਸੜਕਾਂ ਚੌੜੀਆਂ ਕੀਤੀਆਂ ਗਈਆਂ ਨੇ। ਕਈ ਸੜਕਾਂ ਨਵੀਆਂ ਬਣਾਈਆਂ ਗਈਆਂ ਨੇ। ਪੰਜ ਫਲਾਈ ਓਵਰ ਬਣਾਏ ਗਏ ਹਨ, ਤਾਂਕਿ ਸੜਕਾਂ ਉੱਤੇ ਭੀੜ ਨਾਂ ਹੋਵੇ। ਵੀਹ ਏਅਰ ਬੱਸਾਂ ਦਰਾਮਦ ਕੀਤੀਆਂ ਜਾ ਰਹੀਆਂ ਨੇ। ਕਰੋੜਾਂ, ਰੁਪਈਆਂ ਦੀ ਲਾਗਤ ਨਾਲ ਦਸ-ਪੰਜ ਸਟਾਰ ਹੋਟਲ ਉਸਾਰੇ ਗਏ ਨੇ। ਦੁਨੀਆਂ ਦੇ ਹਰ ਦੇਸ਼ ਦਾ ਏਥੇ ਵਧੀਆ ਖਾਣਾ ਹਰ ਵਕਤ ਮਿਲੇਗਾ। ਵੱਡੇ ਵੱਡੇ ਡਾਈਨਿੰਗ ਹਾਲ (ਖਾਣ ਕਮਰੇ) ਉਸਾਰੇ ਗਏ ਹਨ ਜਿਥੇ ਗਰਮ ਪਾਣੀ-ਠੰਡਾ ਪਾਣੀ ਆਦਿ ਦਾ ਹਰ ਪ੍ਰਬੰਧ ਹੈ।

ਨਾਮਾਨਿਗਾਰ—ਪਤਾ ਲੱਗਾ ਹੈ ਬਹਿਰੇ ਵੀ ਬਾਹਰੋਂ ਮੰਗਾਏ ਜਾ ਰਹੇ ਨੇ ਤੇ ਕਾਲ ਗਰਲਜ਼ (ਬੁਲਾਵੇ ਉੱਤੇ ਪੇਸ਼ ਕੀਤੀਆਂ ਜਾਣ ਵਾਲੀਆਂ ਕੁੜੀਆਂ) ਵੀ।

ਬੁਲਾਰਾ—ਨਹੀਂ ਐਸੀ ਗੱਲ ਤਾ ਨਹੀਂ। ਫਿਰ ਵੀ ਐਸ਼ ਆਰ ਮ ਦਾ ਸਾਰਾ ਪ੍ਰਬੰਧ ਤਾਂ ਕਰਨਾ ਹੀ ਪੈਂਦਾ ਹੈ—ਦੁਨੀਆਂ ਭਰ ਤੋਂ ਸੈਲਾਨੀ ਤੇ ਖੇਡ-ਰਸੀਏ ਏਥੇ ਆ ਰਹੇ ਨੇ।

ਨਾਮਾਨਿਗਾਰ—ਕੁਲ ਖਰਚ ਭਲਾ ਕਿੰਨਾ ਕੁ ਆਵੇਗਾ? ਕਈ ਲੋਕਾਂ ਨੇ ਤਾਂ ਖਰਚ ਦਾ ਅਨੁਮਾਨ ਇੱਕ ਹਜ਼ਾਰ ਕਰੋੜ ਰੁਪਏ ਤੋਂ ਵੀ ਜ਼ਿਆਦਾ ਲਾਇਆ ਹੈ।

ਬੁਲਾਰਾ—ਸਰਕਾਰੀ ਅਨੁਮਾਨ ਅਨੁਸਾਰ 60 ਕਰੋੜ ਤੋਂ ਵੱਧ ਖਰਚ ਨਹੀਂ ਆਵੇਗਾ। ਟਿਕਟਾਂ ਦੀ ਸੇਲ ਤੋਂ ਇਸ਼ਤਿਹਾਰਬਾਜ਼ੀ ਤੋਂ ਅਤੇ ਵਿਕਰੀ ਲਈ ਲਗਾਏ ਗਏ ਹਜ਼ਾਰਾਂ ਸਟਾਲਾਂ ਤੋਂ ਆਮਦਨੀ ਵੀ ਤਾਂ ਹੋਈ ਹੈ।

(ਘੰਟੀ ਵਜਦੀ ਹੈ। ਵੱਡੇ ਖੇਡ-ਅਫਸਰ ਦੇ ਬੁਲਾਵੇ ਤੇ ਸਰਕਾਰੀ ਬੁਲਾਰਾ ਪਰੇ ਚਲਾ ਜਾਂਦਾ ਹੈ)।

(ਇੱਕ ਬਿਰਧ ਬੰਦਾ ਹਾਕੀ ਦੇ ਸਹਾਰੇ ਤੁਰਦਾ ਹੋਇਆ ਸਟੇਜ ਉੱਤੇ ਆਉਂਦਾ ਹੈ। ਉਸ ਨੇ ਲੈਸਨਾਇਕ ਦੀ ਫੀਤੀ ਵਾਲਾ ਪੁਰਾਣਾ ਫੌਜੀ ਕਮੀਜ਼ ਪਾਇਆ ਹੋਇਆ ਏ।)

ਬਿਰਧ ਬਾਬਾ—ਹੁਣ ਸਾਨੂੰ ਕੋਈ ਪਛਾਣਦਾ ਹੀ ਨਹੀਂ। ਪਰ ਉਦੋਂ ਵੀ ਕਿੰਨੀ ਕੁ ਪਛਾਣ ਹੁੰਦੀ ਸੀ? ਜਿੱਤ ਕੇ ਆਉਂਦੇ ਸਾਂ—ਇੱਕ ਅੱਧ ਦਿਨ ਅਖਬਾਰਾਂ ਵਿੱਚ ਖਬਰ ਛਾਪਦੀ ਸੀ ਤੇ ਫੇਰ ਬਸ।

ਨਾਮਾਨਿਗਰ—ਬਾਬਾ ਜੀ ਕਿਸ ਨਾਲ ਗੱਲ ਕਰ ਰਹੇ ਹੋ? ਆਓ ਬੈਠੋ। ਕਿਥੇ ਜਾਣਾ ਹੈ? ਕੀ ਨਾਮ ਹੈ? ਕੀ ਕਰਦੇ ਹੋ?

ਬਿਰਧ—ਤੇਰਾ ਕੀ ਨਾਂ ਵੇ ? ਤੂ ਏਥੇ ਕੀ ਕਰਦਾ ਏਂ ?

ਨਾਮਾਨਿਗਾਰ— ਮੇਰਾ ਨਾਮ ਚਾਰੂ ਚੈਟਰਜੀ ਹੈ। ਮੈਂ 'ਲੋਕ ਸ਼ਕਤੀ' ਅਖਬਾਰ ਦਾ ਪੱਤਰ ਪ੍ਰੇਰਕ ਹਾਂ। ਏਸ਼ੀਅਨ ਖੇਡਾਂ ਦੇ ਸਬੰਧ ਵਿਚ ਉੱਚ-ਖੇਡ ਅਫਸਰ ਨਾਲ ਭੇਟ ਵਾਰਤਾਂ ਲਈ ਏਥੇ ਆਇਆ ਹਾਂ। ਹੁਣ ਤੁਸੀਂ ਦਸੋ।

ਬਿਰਧ—ਮੇਰਾ ਨਾਮ ਹਰਬਿਲਾਸ ਸਿੰਘ ਹੈ। ਹਾਕੀ ਖਿਡਾਰੀ ਹਾਂ। ਦੋ ਵਾਰ ਆਪਣੀ ਟੀਮ ਨਾਲ ਔਲਮਪਿਕਸ ਜਿੱਤ ਚੁੱਕਾ ਹਾਂ। ਪਰ ਹੁਣ ਦੇਸ਼ ਦੀ ਭਰਿਸ਼ਟਾਚਾਰੀ ਤੇ ਲਗਦਾ ਹੈ ਸਾਡੀ ਹਾਕੀ ਵੀ ਨਿਗਲ ਲਈ ਹੈ। ਹੁਣ ਤਾਂ ਹਾਲ ਇਹ ਹੈ ਕਿ 1978 ਦੀਆਂ ਮੌਂਟਰੀਆਲ ਵਿਖੇ ਹੋਈਆਂ ਔਲਮਪਿਕ ਖੇਡਾਂ ਵਿਚ ਭਾਰਤ ਦੀ ਹਾਕੀ ਸਤਵੇਂ ਨੰਬਰ ਉਤੇ ਆ ਡਿੱਗੀ ਸੀ ਅਤੇ 1982 ਦੇ ਸੰਸਾਰ ਹਾਕੀ ਕੱਪ ਵਿੱਚ ਸਾਡੀ ਹਾਕੀ ਟੀਮ ਸਿਰਫ ਪੰਜਵਾਂ ਸਥਾਨ ਹੀ ਪ੍ਰਾਪਤ ਕਰ ਸਕੀ।

ਨਾਮਾਨਿਗਾਰ—ਤੁਸੀਂ ਬਿਲਕੁਲ ਠੀਕ ਕਿਹਾ ਹੈ। ਸਾਡੇ ਦੇਸ਼ ਵਿੱਚ ਖੇਡਾਂ ਦਾ ਕੋਈ ਵਾਤਾਵਰਨ ਹੀ ਨਹੀਂ ਹਰ ਪਾਸੇ ਗ਼ਰੀਬੀ, ਬੇਕਾਰੀ, ਭੁੱਖ ਨੰਗ, ਬੇਚਾਰਗੀ, ਮਾਯੂਸੀ। ਨਾ ਖ਼ੁਰਾਕ ਠੀਕ ਹੈ, ਨਾ ਹੀ ਟਰੇਨਿੰਗ ਅਫਰਸ਼ਾਹੀ ਤੋਂ ਬਰੀ।

ਬਿਰਧ—ਸਾਡੇ ਦੇਸ਼ ਵਿਚ ਤਾਂ ਬਸ ਕਰਿਕਟ ਦਾ ਹੀ ਰਾਜ ਹੈ। ਸਾਲ ਵਿੱਚ ਛੇ ਛੇ ਮਹੀਨੇ ਲਗਾਤਾਰ ਕਰਿਕਟ ਦੇ ਟੈਸਟ ਮੈਚ ਚਲਦੇ ਰਹਿੰਦੇ ਹਨ। ਸਾਡੀਆਂ ਅਖਬਾਰਾਂ, ਸਾਡੇ ਰੇਡੀਓ ਤੇ ਦੂਰਦਰਸ਼ਨ ਦਿਨ ਰਾਤ ਬਸ ਕਰਿਕਟ ਦਾ ਜਾਪ ਕਰੀ ਜਾਂਦੇ ਹਨ। ਸਾਡੇ ਪਰਸਾਰ ਮਾਧਿਅਮਾਂ ਨੂੰ ਜਦੋਂ ਧੀਰੇਂਦਰ ਬ੍ਰਹਮਚਾਰੀ ਦੇ ਯੋਗਾ ਅਭਿਆਸ ਤੋਂ ਵਿਹਲ ਮਿਲਦੀ ਹੈ ਤੇ ਕਈ ਕਈ ਘੰਟਿਆਂ ਤੱਕ ਕਰਿਕਟ ਦੀ ਕਮੈਂਟਰੀ ਚੱਲਦੀ ਰਹਿੰਦੀ ਹੈ। ਕਰਿਕਟ ਲੋਕਾਂ ਵਿੱਚ ਅਫੀਮ ਦੇ ਨਸ਼ੇ ਵਾਂਗ ਫੈਲਾਈ ਜਾ ਰਹੀ ਹੈ। ਪੂੰਜੀਵਾਦੀ ਅਯੱਸ਼ ਸਭਿਆਚਾਰ ਦੀ ਰਹਿੰਦ ਖੂੰਹਦ। ਹਰ ਕੰਨ ਨਾਲ ਟਰਾਂਜ਼ਿਸਟਰ। ਲੋਕਾਂ ਨੂੰ ਕਾਮਚੋਰ ਅਤੇ ਆਲਸੀ ਬਣਾਈ ਜਾ ਰਹੀ ਹੈ।

ਨਾਮਾਨਿਗਾਰ—ਸਾਰਾ ਖਰਚ ਵੀ ਕਰਿਕਟ ਉੱਤੇ ਹੀ ਕੀਤਾ ਜਾ ਰਿਹਾ ਹੈ। ਇੱਕ ਟੈਸਟ ਮੈਚ ਲਈ ਇੱਕ ਖਿਡਾਰੀ ਨੂੰ ਦਸ ਹਜ਼ਾਰ ਰੁਪਏ ਮਿਲਦੇ ਹਨ। ਹਰ ਇੱਕ ਖਿਡਾਰੀ ਦੇ ਬੈਨੇਵਲੈਂਟ ਫੰਡ ਵਿੱਚ ਸੋਲਾਂ ਸੌ ਰੁਪਏ ਵਖਰੇ ਜਮਾਂ ਹੋ ਜਾਂਦੇ ਹਨ। ਹਰ ਮੈਨ ਆਫ ਦੀ ਮੈਚ ਨੂੰ 5001 ਰੁਪਏ ਵਖਰੇ ਮਿਲਦੇ ਹਨ ਤੇ ਇਸ ਉੱਤੇ ਕੋਈ ਆਮਦਨ ਨਹੀਂ ਲੱਗਦਾ। ਫੇਰ ਸਿਤਮ ਇਹ ਕਿ ਦੁਨੀਆਂ ਵਿੱਚ ਸਿਰਫ ਛੇ ਦੇਸ਼ ਹੀ ਇਹ ਮਹਿੰਗੀ, ਸੁਸਤ ਤੇ ਤਸ਼ਾਰਤੀ ਖੇਡ ਰਹੇ ਹਨ। ਭਾਰਤ ਵਰਗੇ ਅਤਿ ਗਰੀਬ ਦੇਸ਼ ਨੂੰ ਇਹ ਅੱਯਾਸੀ ਸ਼ੋਭਦੀ ਨਹੀਂ।

ਬਿਰਧ—ਸਾਡੀਆਂ ਆਪਣੀਆਂ ਸੁਦੇਸ਼ੀ ਖੇਡਾਂ– ਹਾਕੀ, ਕਬੱਡੀ, ਕੁਸ਼ਤੀ ਆਦਿ ਲਈ ਨਾਂ ਕੋਈ ਪੈਸਾ ਹੈ— ਨਾ ਪਰਸਾਰ—ਨਾ ਕੋਈ ਉਤਸ਼ਾਹ ਉਮਾਹ—ਨਾ ਕੋਈ ਇਨਾਮ ਪੁਰਸਕਾਰ।

ਨਾਮਾਨਿਗਰ— ਬਾਬਾ ਜੀ ਤੁਸੀਂ ਵੀ ਦੁਨੀਆਂ ਵੇਖੀ ਹੈ। ਏਥੇ ਹਰ ਚੀਜ਼ ਬਦੇਸੀ ਹੈ—ਇਮਪੋਰਟਿਡ। ਖਾਣ ਢੰਗ, ਪਹਿਨਣ ਢੰਗ, ਸੋਚ ਢੰਗ, ਕਰਿਕਟ, ਅੰਗਰੇਜ਼ੀ ਬੋਲੀ— ਸਭ ਕੁਝ ਪਰਾਇਆ। ਹਰ ਸਮਸਿਆ ਦਾ ਹੱਲ ਵੀ ਬਦੇਸ਼ੀ। ਬੇਕਾਰੀ ਕਦੋਂ ਖਤਮ ਹੋਵੇਗੀ ? ਜਵਾਬ ਹੁੰਦਾ ਹੈ—ਬੇਕਾਰੀ ਅੰਤਰ ਰਾਸ਼ਟਰੀ ਬਿਰਤੀ ਹੈ ਹਰ ਦੇਸ਼ ਵਿੱਚ ਹੈ। ਭਰਿਸ਼ਟਾਚਾਰੀ ਇੱਕ ਕੌਮਾਂਤਰੀ ਸਮਸਿਆ ਹੈ ਇਹ ਭਾਰਤ ਵਿਚੋਂ ਉਦੋਂ ਹੀ ਖਤਮ ਹੋਵੇਗੀ ਜਦੋਂ ਸੰਸਾਰ ਵਿਚੋਂ ਖਤਮ ਹੋਵੇਗੀ। ਇਹ ਉੱਤਰ ਬੇਘਰਤਾ ਤਸਕਰੀ, ਮਿਲਾਵਟ ਰਿਸ਼ਵਤ ਆਦਿ ਬਾਰੇ ਹੈ।

ਬੁਲਾਰਾ—(ਵਾਪਸ ਆ ਕੇ ਕੁਰਸੀ ਉਤੇ ਬੈਠਦਾ ਹੋਇਆ) ਬਾਬਾ ਜੀ ਕਿਵੇਂ ਆਉਣਾ ਹੋਇਆ ?

ਬਿਰਧ—ਪੈਨਸ਼ਨ ਦੇ ਕਾਗਜ਼ ਲੈਣ ਆਇਆ ਸਾਂ। ਦਫਤਰ ਹੀ ਬੰਦ ਹੈ। ਅੱਜ ਛੁੱਟੀ ਤਾਂ ਨਹੀਂ ਸੀ ?

ਨਾਮਾਨਿਗਾਰ—ਦਫਤਰਾਂ ਵਿੱਚ ਕੋਈ ਅਫਸਰ ਅਜ ਕਲ ਘੱਟ ਹੀ ਬੈਠਦਾ ਹੈ।

ਬੁਲਾਰਾ—ਫੀਲਡ ਡਿਊਟੀ ਜ਼ਿਆਦਾ ਰਹਿੰਦੀ ਹੈ। ਫੇਰ ਏਸ਼ੀਆਡ ਦੀ ਤਿਆਰ ਦੀ ਤਾਂ ਰਾਤ ਦਿਨੇ ਚਲ ਰਹੀ ਹੈ।

ਬਿਰਧ—ਪਿੰਡ ਜਾਣ ਲਈ ਕੋਈ ਬਸ ਵੀ ਨਹੀਂ ਮਿਲ ਰਹੀ। ਬਹੁਤ ਇੰਤਜ਼ਾਰ ਕਰ ਹਟਿਆ ਹਾਂ :

ਬੁਲਾਰਾ—ਦਸ ਹਜ਼ਾਰ ਬੱਸਾਂ ਖੇਡ—ਪਿੰਡ ਲਈ ਲਗਾ ਦਿੱਤੀਆਂ ਗਈਆਂ ਨੇ। ਤੁਹਾਨੂੰ ਪਤਾ ਹੈ ਟਰਾਇਲ ਖੇਡਾਂ ਅਰੰਭ ਹੋ ਚੁਕੀਆਂ ਹਨ।

ਬਿਰਧ—ਕੋਈ ਰੇਲ ਵੀ ਨਹੀਂ।

ਬੁਲਾਰਾ— ਬਰਾਂਚ ਲਾਈਨਾਂ ਤੋਂ ਰੇਲਾਂ ਮਨਸੂਖ ਕਰ ਦਿੱਤੀਆਂ ਗਈਆਂ ਹਨ। ਕੋਲਾ ਨਹੀਂ ਹੈ, ਸਾਰਾ ਕੋਲਾ ਤਾਪਤ ਘਰਾਂ ਲਈ ਲੋੜੀਦਾ ਹੈ ਅਤੇ ਖੇਡ-ਪਿੰਡ ਲਈ ਕਈ ਗੁਣਾਂ ਵਧ ਬਿਜਲੀ।

ਬਿਰਧ—ਖੇਡ-ਪਿੰਡ,ਖੇਡ-ਪਿੰਡ ਦੀ ਰੱਟ ਲਾਈ ਹੋਈ ਆ। ਪਤਾ ਏ ਪਿੰਡਾਂ ਦੀ ਕੀ ਹਾਲਤ ਹੈ ?

ਬੁਲਾਰਾ—ਬਾਬਾ ਤੂੰ ਤਾਂ ਐਵੇਂ ਹੀ ਔਖਾ ਹੋਈ ਜਾ ਰਿਹਾ ਏਂ। ਪਿੰਡਾਂ ਦੀ ਹਾਲਤ ਨੂੰ ਕੀ ਹੋਇਆ ਏ—ਟਰੈਕਟਰ ਨੇ, ਟਿਊਬਵੈਲ ਨੇ, ਨਹਿਰਾਂ ਨੇ—।

ਬਿਰਧ—ਹੋਣਗੇ ਟਿਊਬਵੈਲ ਕੁਝ ਮੁੱਠੀ ਭਰ ਵਡੇ ਜ਼ਿਮੀਦਾਰਾਂ ਪਾਸ। ਭਾਰਤੀ 85% ਪਿੰਡ ਵਾਸੀਆਂ ਨੂੰ

ਨੂੰ ਤਾਂ ਹਾਲੀਂ ਤੱਕ ਗੰਦਾ ਤੇ ਬੀਮਾਰ ਪਾਣੀ ਪੀਣ ਲਈ ਮਜਬੂਰ ਹੋਣਾ ਪੈਂਦਾ ਹੈ। ਪਿੰਡਾਂ ਦੀ 73% ਧਰਤੀ ਬੰਜਰ ਏ—ਖਾਣੀ-ਹੀਣੀ ਏ। ਮਨੁੱਖ ਪਿਆਸਾ ਏ। ਧਰਤੀ ਤਿਹਾਈ ਏ। ਖੈਰ, ਤੇਰੇ ਨਾਲ ਬਹਿਸਣੇ ਦਾ ਕੀ ਲਾਭ ? ਤੂੰ ਸਰਕਾਰੀ ਬੁਲਾਰਾ ਏਂ ਨਾ।

(ਹਾਕੀ ਦੇ ਸਹਾਰੇ ਨਾਲ ਉਠਦਾ ਹੋਇਆ)

ਚਲ ਮਨਾ, ਉੱਠ ਤੇ ਕੋਈ ਰੈਣ-ਬਸੇਰਾ ਲਭ।

('ਬਚਾਉ ! ਬਚਾਉ !' ਪੁਕਾਰਦੀ ਹੋਈ ਇੱਕ ਇਸਤਰੀ ਦੌੜਦੀ ਆਉਂਦੀ ਹੈ। ਖਿਲਰੇ ਵਾਲ, ਫਟੀ ਸਾਹੜੀ।)

ਨਾਮਾਨਿਗਾਰ—ਕੀ ਹੋਇਆ ? ਕੀ ਹੋਇਆ ?

ਇਸਤਰੀ—ਗੁੰਡੇ। ਮੈਨੂੰ ਜੀਪ ਵਿੱਚ ਸੁਟਣ ਲੱਗੇ ਸਨ।

ਬੁਲਾਰਾ—ਪੁਲਸ ਸਟੇਸ਼ਨ ਵੀ ਨਾਲ ਹੀ ਸੀ। ਤੂੰ ਉਥੇ ਪਨਾਹ ਲੈ ਲੈਂਦੀ।

ਇਸਤਰੀ—ਪੁਲਸ ਵਾਲੇ ਵੀ ਗੁੰਡਿਆਂ ਵਿੱਚ ਸ਼ਾਮਿਲ ਨੇ। ਇੱਕ ਨੂੰ ਮੈਂ ਜਾਣਦੀ ਹਾਂ। ਮੇਰਾ ਸਕੂਲੋਂ ਪੜ੍ਹਾ ਕੇ ਵਾਪਸ ਆਉਂਦੀ ਦਾ ਉਹ ਪਹਿਲਾਂ ਵੀ ਕਈ ਵਾਰ ਪਿਛਾ ਕਰ ਚੁਕਾ ਏ।

'ਬਚਾਉ। ਬਚਾਉ'। ਉਹ ਦੌੜਦੇ ਆਉਂਦੇ ਨੇ।

(ਇਸਤਰੀ ਸਟੇਜ ਦੇ ਦੂਜੇ ਪਾਸੇ ਜਾ ਕੇ ਲੁਕ ਜਾਂਦੀ ਹੈ।)

ਨਾਮਾਨਿਗਾਰ—(ਕੈਮਰਾ ਠੀਕ ਕਰਦਾ ਹੋਇਆ)—ਮੈਂ ਵੇਖਦਾ ਹਾਂ। ਅਖਬਾਰ ਲਈ ਸਨੈਪ ਵੀ ਠੀਕ ਰਹੇਗਾ।

(ਚਲਾ ਜਾਂਦਾ ਹੈ—ਉਸੇ ਵੇਲੇ ਵਾਪਸ ਮੁੜ ਆਉਂਦਾ ਹੈ।)

(ਗੁੰਡੇ ਤਾਂ ਜੀਪ ਭਜਾ ਕੇ ਚਲਾ ਗਏ। ਪਰ ਉਹ ਹਾਲੀ ਪਿਛਲੇ ਪਾਸੇ ਲੁਕੀ ਬੈਠੀ ਏ।)

ਬੁਲਾਰਾ—ਏਸ਼ੀਆਈ ਖੇਡਾਂ ਤੋਂ ਕੁਝ ਮਹੀਨਿਆਂ ਬਾਅਦ ਗੁਟ ਨਿਰਲੇਪ ਦੇਸ਼ਾਂ ਦਾ ਰਾਜਧਾਨੀ ਵਿਖੇ ਵਿਸ਼ਵ-ਸੰਮੇਲਨ ਹੋਣਾ ਹੈ—ਉਸਤੋਂ ਬਾਅਦ ਸਰਕਾਰ ਦਾ ਵਿਚਾਰ ਹੈ ਕਿ ਵਰਕਿੰਗ ਗਰੱਲਜ਼ ਲਈ ਇੱਕ ਵੱਡਾ ਹੋਸਟਲ ਬਣਾਇਆ ਜਾਵੇ। ਤਾਂਕੇ ਔਰਤਾਂ ਨੂੰ ਰੋਜ਼ ਬਸਾਂ ਗਡੀਆਂ ਵਿਚ ਧੱਕੇ ਨਾ ਖਾਣੇ ਪੈਣ।

ਨਾਮਾਨਿਗਾਰ—ਔਰਤਾਂ ਨਾਲ, ਖਾਸ ਕਰਕੇ ਹਰੀਜਨ ਔਰਤਾਂ ਨਾਲ ਜਬਰ ਜਿਨਾਹ ਅਗਵਾਈ ਦੀਆਂ ਘਟਨਾਵਾਂ ਵਿੱਚ ਬਹੁਤ ਵਾਧਾ ਹੋ ਗਿਆ ਹੈ—ਬਾਗਪਤ, ਡਬਵਾਲੀ, ਨਰਾਇਣਪੁਰ, ਬੇਲਚੀ, ਦਿਓਲੀ, ਸ਼ਿਸਵਾ—ਅਨੇਕਾਂ ਥਾਈਂ ਹਰੀਜਨ ਮਰਦਾਂ ਇਸਤਰੀਆਂ ਨਾਲ ਅਤਿਆਚਾਰ ਹੋ ਚੁੱਕੇ ਨੇ। ਹਜ਼ਾਰਾਂ ਔਰਤਾਂ ਸੜਕੇ ਰਾਖ ਹੋ ਚੁਕੀਆਂ ਨੇ। ਦਾਜ ਦੀ ਬੇਲੀ ਚੜ੍ਹ ਚੁਕੀਆਂ ਨੇ।

ਬੁਲਾਰਾ—ਸਰਕਾਰ ਨੇ ਬਲਾਤਕਾਰਾਂ ਨੂੰ ਸਖਤ ਸਜ਼ਾਵਾਂ ਦੇਣ ਖਾਤਰ 12 ਅਗਸਤ 1980 ਨੂੰ ਇੱਕ ਬਿੱਲ ਪੇਸ਼ ਕੀਤਾ ਸੀ। ਛੇਤੀ ਹੀ ਦਾਜ-ਵਿਰੋਧੀ ਬਿਲ ਵਿੱਚ ਹੋਰ ਸਖਤੀ ਲਿਆਉਣ ਲਈ ਸ਼ੰਸ਼ੋਧਨ ਪੇਸ਼ ਕੀਤਾ ਜਾਵੇਗਾ।

(ਇਕ ਪਾਗਲ ਜਿਹਾ ਦਿਸਦਾ ਨੌਜਵਾਨ ਸਟੇਜ ਉੱਤੇ ਆਉਂਦਾ ਹੈ। ਆਉਂਦਿਆਂ ਹੀ ਉਹ ਨਾਲ ਦੀ ਕੁਰਸੀ ਉੱਤੇ ਬੈਠ ਜਾਂਦਾ ਹੈ—ਉਸ ਦੇ ਮੋਢੇ ਉੱਤੇ ਕਿਤਾਬਾਂ ਰਿਸਾਲਿਆਂ ਦਾ ਭਰਿਆ ਝੋਲਾ ਲਟਕ ਰਿਹਾ ਏ।)

ਬੁਲਾਰਾ—ਕੌਣ ਏਂ ਤੂੰ ? ਇਸ ਤਰਾਂ ਕੁਰਸੀ ਉੱਤੇ ਆ ਬੈਠਾ ਏਂ ਜਿਵੇਂ ਸਰਕਾਰੀ ਮਹਿਮਾਨ ਹੋਣੇਂ।

ਨੌਜਵਾਨ—ਮੈਂ ਸਰਬਣ ਹਾਂ, ਸਰਬਣ। ਸਰਬਣ ਐਮ. ਏ.। ਸਰਕਾਰੀ ਮਹਿਮਾਨਖਾਨੇ ਤੋਂ ਹੀ ਵਾਪਸ ਮੁੜ ਰਿਹਾ ਹਾਂ।

ਨਾਮਾਨਿਗਾਰ—(ਬੁਲਾਰੇ ਨੂੰ ਹੌਲੀ ਸੁਰ ਵਿੱਚ)—ਬੜਾ ਦਿਲਚਸਪ ਆਦਮੀ ਲਗਦਾ ਏ। (ਨੌਜਵਾਨ ਨੂੰ ਸੰਬੋਧਨ ਕਰਦਿਆਂ ਹੋਇਆ) ਪਰ ਤੂੰ ਕਿਹੜੇ ਮਹਿਮਾਨਖਾਨੇ ਵਿਚੋਂ ਵਾਪਸ ਆ ਰਿਹਾ ਏਂ ?

ਨੌਜਵਾਨ—ਜੇਹਲ ਵਿਚੋਂ। ਪੰਜ ਸਾਲ ਦੀ ਕੁਟਮਾਰ ਖਾਣ ਪਿਛੋਂ। ਮੇਰੇ ਤੋਂ ਦੇਸ਼ ਦੀ ਸੁਰਖਿਆ ਨੂੰ ਬੜਾ ਖਤਰਾ ਸੀ। ਹਾ—ਹਾ।

ਨਾਮਾਨਿਗਾਰ—ਤੇਰੇ ਤੋਂ ਭਲਾ ਦੇਸ਼ ਦੀ ਸੁਰਖਿਆ ਕਿਵੇਂ ਖਤਰੇ ਵਿੱਚ ਪੈ ਸਕਦੀ ਸੀ ?

ਨੌਜਵਾਨ—ਨੌਕਰੀ ਖਰੀਦਣ ਲਈ ਬਹੁਤ ਜ਼ਿਆਦਾ ਪੈਸੇ ਚਾਹੀਦੇ ਸਨ। ਮੈਂ ਪੰਜ ਸੌ ਰੁਪਇਆ ਦੇ ਕੇ ਮੰਤਰੀ ਪਾਸੋਂ ਸਿਫਾਰਸ਼ੀ ਚਿੱਠੀ ਖਰੀਦ ਲਈ—ਪਰ ਉਹ ਚਿੱਠੀ ਜਾਅਲੀ ਨਿਕਲੀ। ਮੈਂ ਮੰਤਰੀ ਨੂੰ ਪੁਛਣ ਗਿਆ ਤੇ ਸੁਰਖਿਆ ਕਾਨੂੰਨ ਅਧੀਨ ਮੈਨੂੰ ਗਰਿਫਤਾਰ ਕਰਕੇ ਜੇਹਲ ਵਿੱਚ ਸੁੱਟ ਦਿੱਤਾ।

ਨਾਮਾਨਿਗਾਰ—ਸਾਡੇ ਦੇਸ਼ ਵਿੱਚ ਨਿਆਂ ਦਾ ਬਹੁਤ ਮਾੜਾ ਹਾਲ ਹੈ—ਭਾਰਤੀ ਜੇਹਲਾਂ ਵਿੱਚ ਇਸ ਵੇਲੇ 2,20,146 ਕੈਦੀਆਂ ਵਿੱਚ 1,12,722 ਕਈ ਕਈ ਸਾਲਾਂ ਤੋਂ ਸੁਣਾਈ ਅਧੀਨ ਹੀ ਜੇਹਲਾਂ ਵਿੱਚ ਬੰਦ ਹਨ—28,596 ਬੰਦੇ ਲਾਪਤਾ ਹਨ। ਝੂਠੇ ਕੇਸ, ਬਿਨਾਂ ਕਾਰਨ ਗਰਿਫਤਾਰੀ ਕਈ ਕਈ ਸਾਲਾਂ ਤੱਕ ਲਟਕਦੇ ਕੇਸ, ਪੁਲਿਸ ਮੁਕਾਬਲਿਆਂ ਦੀ ਸ਼ਕਲ ਵਿੱਚ ਵੱਧ ਰਹੇ ਕਤਲ, ਜੇਹਲ ਵਿੱਚ ਅੰਨ੍ਹੇ ਤੇ ਹੀਜੜੇ ਕਰ ਦੇਣ ਤੱਕ ਦੇ ਅਣਮਨੁੱਖੀ ਤਸੀਹੇ...।

ਬੁਲਾਰਾ—ਪੰਜ ਵਜ ਰਹੇ ਨੇ। ਮੈਂ ਤਾਂ ਹੁਣ ਚਲਦਾ ਹਾਂ। ਅਜ ਤਾਂ ਕੁਝ ਓਵਰ ਡੀਊਟੀ ਵੀ ਦੇਣੀ ਪੈਂਦੀ ਹੈ—ਸ਼ਾਮ ਛੇ ਵਜੇ ਕਲਰ (ਰੰਗੀਨ) ਟੀ. ਵੀ. ਦਾ ਤਜਰਬਾ ਹੋਣਾ ਏਂ—ਉਸ ਵੇਲੇ ਵੀ ਮੇਰਾ ਹਾਜ਼ਰ ਰਹਿਣਾ ਜ਼ਰੂਰੀ ਹੈ। ਏਸ਼ੀਆਡ ਨੇ ਤਾਂ ਸਾਡੇ ਉੱਤੇ ਕੰਮ ਦਾ ਭਾਰ ਬਹੁਤ ਜ਼ਿਆਦਾ ਵਧਾ ਦਿਤਾ ਏ।

ਨੌਜਵਾਨ—ਰੰਗੀਨ ਟੀ. ਵੀ.। ਪਹਿਲਾਂ ਹੀ ਤੁਸੀਂ ਆਪਣੀਆਂ ਅੱਖਾਂ ਉੱਤੇ ਹਰੇ ਚਸ਼ਮੇ ਲਗਾਏ ਹੋਏ ਨੇ। ਤੇ ਹੁਣ ਕਲਰ ਟੀ. ਵੀ. ਭਾਰਤ ਵਿੱਚ ਚਾਲੂ ਕਰਨ ਦਾ ਫਿਕਰ ਤੁਹਾਨੂੰ ਰਾਤ ਦਿਨ ਬੇਅਰਾਮ ਕਰ ਰਿਹਾ ਏ।

ਨਾਮਾਨਿਗਾਰ—ਰੰਗੀਨ ਟੀ. ਵੀ. ਦੀ ਸਾਰੀ ਕਿੱਟ (ਸਾਮਾਨ) ਬਾਹਰੋਂ ਮੰਗਵਾਈ ਜਾ ਚੁੱਕੀ ਏ। ਰੰਗੀਨ ਪਿਕਚਰ ਟਿਊਬਾਂ ਦਖਣੀ ਕੋਰੀਆ ਤੋਂ ਅਤੇ ਹੋਰ ਸਾਮਾਨ ਪਛਮੀ ਜਰਮਨੀ ਤੋਂ ਦਰਾਮਦ ਕੀਤਾ ਗਿਆ ਹੈ।

ਨੌਜਵਾਨ—ਰੰਗਦਾਰ ਟੀ. ਵੀ. ਉੱਤੇ ਕੀ ਵਿਖਾਉਗੇ? ਵੱਡੇ ਵੱਡੇ ਸਿਆਸੀ ਨੇਤਾਵਾਂ ਤੇ ਉਹਨਾਂ ਦੇ ਪਰਿਵਾਰ ਬਦੇਸ਼ੀ ਸੈਰ ਉੱਤੇ ਜਾ ਰਹੇ ਜਾਂ ਵਾਪਸ ਮੁੜ ਕੇ ਹਵਾਈ ਜਹਾਜ਼ ਤੋਂ ਉੱਤਰਕੇ ਸਵਾਗਤ ਕਰਵਾ ਰਹੇ? ਰਜਨੀਸ਼ ਆਸ਼ਰਮ ਜਾਂ ਫਿਰ ਯੋਗਾ ਆਸ਼ਰਮ? ਉਦਘਾਟਨ-ਭਾਸ਼ਨ, ਫਿਲਮੀ ਚਿਹਰੇ ਜਾਂ ਫਿਰ ਹੜ ਮਾਰੇ ਜਾਂ ਕਾਲ ਮਾਰੇ ਪਿੰਡਾਂ ਦੇ ਹੈਲੀਕਾਪਟਰ ਰਾਹੀਂ ਦੂਰ-ਦਰਿਸ਼। ਸਾਨੂੰ ਪਤਾ ਹੈ ਤੁਸੀਂ ਰਾਸ਼ਨ ਡੀਪੂਆਂ ਸਾਹਮਣੇ ਲਾਈਨਾਂ, ਨਗਰ-ਪਾਣੀ-ਟੂਟੀ ਉੱਤੇ ਲੜ ਰਹੀਆਂ ਔਰਤਾਂ ਦਾ ਦਰਿਸ਼ ਜਾਂ ਲੇਬਰ ਕਾਲੋਨੀ ਵਿੱਚ ਗੰਦਗੀ ਦੇ ਢੇਰਾਂ ਉੱਤੇ ਖੇਡ ਰਹੇ ਨੰਗੇ ਬੱਚਿਆਂ ਦਾ ਦਰਿਸ਼ ਕਦੀ ਨਹੀਂ ਦਿਖਾਉਗੇ। ਭਲਾ ਜੇ ਤੁਸੀਂ ਟਪਰੀਵਾਸ ਔਰਤਾਂ ਦੀਆਂ ਧੋ ਕੇ ਸੁਕਣੇ ਪਾਈਆਂ ਕਈ ਰੰਗਾਂ ਦੀਆਂ ਟਾਕੀਆਂ ਵਾਲੀਆਂ ਘਗਰੀਆਂ ਦਾ ਦਰਿਸ਼ ਵਿਖਾਉ ਤਾਂ ਰੰਗਦਾਰ ਟੀ. ਵੀ. ਉੱਤੇ ਇਹ ਰੰਗ ਬਰੰਗੀਆਂ ਟਾਕੀਆਂ ਕੇਹਾ ਜਲੰਤਰੰਗ ਪੇਸ਼ ਕਰਨ।

(ਬੁਲਾਰਾ ਫਾਇਲਾਂ ਸੰਭਾਲਦਾ ਹੋਇਆ ਉਠ ਕੇ ਜਾ ਹੀ ਰਿਹਾ ਹੁੰਦਾ ਹੈ ਕਿ ਸਟੇਜ ਦੀ ਇੱਕ ਨੁਕਰੇ ਇੱਕ ਧੂਵੀ ਚਾਦਰ ਤੇ ਹੇਠਾਂ ਲਟਕ ਰਹੇ ਲੰਮੇ ਸ਼ਮਲੇ ਵਾਲਾ ਅਧਖੜ ਉਮਰ ਦਾ ਇੱਕ ਮਨੁੱਖ ਆਉਂਦਾ ਮਿਲਦਾ ਹੈ।)

ਸ਼ਮਲੇ ਵਾਲਾ ਮਨੁੱਖ—ਬਾਊ ਜੀ, ਜਰਾ ਦੱਸਣਾ ਏਥੇ ਏਸ਼ੀਆਈ ਖੇਡਾਂ ਦਾ ਅਧਿਕਾਰੀ ਕੌਣ ਹੈ?

ਬੁਲਾਰਾ—ਮੈਂ ਹੀ ਖੇਡ ਅਧਿਕਾਰੀ ਹਾਂ। ਕਿਉਂਕਿ ਕੀ ਗੱਲ ਹੈ?

ਸ਼ਮਲੇ ਵਾਲਾ—ਮੈਂ ਵੀ ਆਪਣੀ ਇਕ ਖੇਡ ਸ਼ਾਮਲ ਕਰਵਾਉਣੀ ਹੈ।

ਬੁਲਾਰਾ—ਕਿਹੜੀ ਤੇਰੀ ਖੇਡ ਉਏ?

ਸ਼ਮਲੇ ਵਾਲਾ—ਕੁਤਿਆਂ ਦੀ ਦੌੜ ਮੁਕਾਬਲੇ ਵਿਚ ਮੈਂ ਆਪਣੇ ਸ਼ਿਕਾਰੀ ਨੂੰ ਵੀ ਸ਼ਾਮਲ ਕਰਵਾਉਣਾ ਚਾਹੁੰਦਾ ਹਾਂ। ਕਈ ਮਹੀਨਿਆਂ ਤੋਂ ਲਗਾਤਾਰ ਏਸ਼ਿਆਈ ਖੇਡਾਂ ਬਾਰੇ ਤੁਹਾਡੇ ਬਿਆਨ ਸੁਣ ਸੁਣ ਕੇ ਇਸ ਨੇ ਮੁਕਾਬਲਾ ਲੜਨ ਦਾ ਮਨ ਬਣਾ ਲਿਆ ਏ।

ਬੁਲਾਰਾ—ਕੁਤਿਆਂ ਦੀ ਖੇਡ ਮੁਕਾਬਲਾ। ਤੂੰ ਮੈਨੂੰ ਮਜ਼ਾਕ ਕਰਦਾ ਏਂ।

ਨਾਮਾ ਨਿਗਾਰ—ਕੀ ਤੇਰਾ ਕੁੱਤਾ ਇਮਪੋਰਟਿਡ ਹੈ?

ਸ਼ਮਲੇ ਵਾਲਾ—ਇਮਪੋਰ ਕੀ ਹੁੰਦਾ ਏ ਬਾਬੂ ਜੀ?

ਨਾਮਾ ਨਿਗਾਰ—ਇਮਪੋਰਟਿਡ, ਮਤਲਬ ਕਿਸੇ ਬਾਹਰਲੇ ਦੇਸ਼ ਤੋਂ ਮੰਗਵਾਇਆ ਗਿਆ ਏ?

ਸ਼ਮਲੇ ਵਾਲਾ—ਹਾਂ ਬਾਬੂ ਜੀ। ਅਰਬ ਤੋਂ ਲਿਆਂਦਾ ਏ। ਦੇਖੋ ਨਾ ਇਸ ਦਾ ਕਾਲਾ ਚਮਕੀਲਾ ਰੰਗ। ਤੇ ਸਿਹਤ। ਤੇਲ ਪੀ ਪੀ ਕੇ ਕਿਵੇਂ ਫਿਟਿਆ ਏ।

ਨਾਮਾ ਨਿਗਾਰ—ਪਾਲਤੂ ਏ?

ਸ਼ਮਲੇ ਵਾਲਾ—ਪਾਲਤੂ ਤਾਂ ਨਹੀਂ। ਉਂਜ ਹੈ ਮਿਤਰਾਂ ਦਾ ਦਾ ਪੂਰਾ ਮਿੱਤਰ।

ਨਾਮਾ ਨਿਗਾਰ—ਆਪਣੇ ਕੁੱਤੇ ਨੂੰ ਜ਼ਰਾ ਲਿਆ ਤਾਂ ਸਹੀ ਕਿਥੇ?

ਸ਼ਮਲੇ ਵਾਲਾ—ਏਥੇ ਈ ਏ। ਅੱਬੂ ਉਏ ਬੇਟੇ ਅੱਬੂ! ਹੈਂ! ਦੌੜ ਗਿਆ।

ਨਾਮਾ ਨਿਗਾਰ—ਦੌੜ ਗਿਆ?

ਸ਼ਮਲੇ ਵਾਲਾ—ਹਾਂ। ਦੌੜ ਗਿਆ। ਪਾਲਤੂ ਨਹੀਂ ਸੀ ਨਾ। ਆਜ਼ਾਦ ਸੀ ਤੇ ਸਿਆਣਾ ਵੀ।

(ਉੱਚ ਖੇਡ-ਅਫਸਰ ਚਿੱਕ ਚੁੱਕ ਕੇ ਬਾਹਰ ਆਉਂਦਾ ਹੈ)

ਅਫਸਰ—ਇਹ ਕੀ ਤਮਾਸ਼ਾ ਬਣਾ ਰਖਿਆ ਏ (ਬੁਲਾਰੇ ਨੂੰ) ਤੂੰ ਵੀ ਹਾਲੀ ਏਥੇ ਹੀ ਏਂ। ਰੰਗਦਾਰ ਟੀ. ਵੀ. ਦਾ ਪਹਿਲੀ ਵਾਰ ਤਜਰਬਾ ਸ਼ੁਰੂ ਹੋਣ ਲੱਗਾ ਏ ਤੇ ਤੂੰ ਕੀ ਕਰ ਰਿਹਾ ਏਂ?

(ਅਫਸਰ ਆਪਣੀ ਕਾਰ ਵੱਲ ਤੁਰ ਪੈਂਦਾ ਹੈ ਤੇ ਨੀਵੀਂ ਪਾਈ ਪਿੱਛੇ ਪਿੱਛੇ ਪਾਲਤੂ ਆਦਮੀ ਵਾਂਗ ਬੁਲਾਰਾ ਵੀ)।

ਨਾਮਾ ਨਿਗਾਰ—ਚੰਗਾ ਭਈ ਸਜਣੋ, ਮੈਂ ਵੀ ਚਲਦਾ ਹਾਂ। 'ਲੋਕ ਸ਼ਕਤੀ' ਦੇ ਏਸ਼ਿਆਡ ਅੰਕ ਲਈ ਕਾਫੀ ਮਸਾਲਾ ਹੋ ਗਿਆ। ਇਸ ਅੰਕ ਵਿਚ ਮੈਂ ਇਕ ਨਾਟਕ ਵੀ ਦਿਆਂਗਾ—ਭਾਰਤਾਡ।

(ਚਲਾ ਜਾਂਦਾ ਹੈ—ਹਨੇਰਾ ਹੁੰਦਾ ਹੈ)। ○○

# ਐਕਸੀਡੈਂਟ ਜਾਂ ਕਤਲ......???

ਉਸ ਦਿਨ ਕੁਦਰਤੀ, ਮੈਂ ਦੋ ਹੋਰ ਪ੍ਰੋਫੈਸਰਾਂ ਨਾਲ ਐਨ. ਐਸ. ਦਾ ਇੰਟਰ-ਕਾਲਜ ਕੈਂਪ ਵੇਖਣ ਛੱਤ ਬੀੜ ਗਿਆ ਹੋਇਆ ਸਾਂ ਜਦੋਂ ਬੱਚਿਆਂ ਨਾਲ ਭਰੀ-ਭਰਾਈ ਬੱਸ ਸਾਡੇ ਕੋਲ ਆ ਕੇ ਰੁਕੀ...ਮੇਰੀ ਸਾਥਣ ਪ੍ਰੋਫੈਸਰ ਦੀ ਬੱਚੀ ਬੜੇ ਪਿਆਰ ਨਾਲ ਵਿਚੋਂ ਉਤਰ ਕੇ ਸਾਨੂੰ ਮਿਲੀ...ਉਸ ਦੀ ਰੀਸੋ ਰੀਸੀ ਹੋਰ ਵੀ ਸੱਤ-ਅੱਠ ਬੱਚੀਆਂ-ਬੱਚੇ, ਅੰਕਲ ਨਮਸਤੇ, ਅੰਕਲ ਬਾਏ, ਆਂਟੀ ਸਤਿ ਸ੍ਰੀ ਅਕਾਲ, ਸੋਨੂ-ਅੰਕਲ' ਨਮਸਤੇ ਨਮਸਤੇ ਬੋਲਦੇ ਸਾਨੂੰ ਆਣ ਲਿਪਟੇ...ਰਿਸ਼ਟ ਪੁਸ਼ਟ, ਚਹਿਕਦੇ ਬੱਚੇ, ਰੂਸੀ ਪਾਈਨਰਾਂ (ਸਕੂਲੀ ਬੱਚਿਆਂ) ਵਾਂਗੂ ਜਾਪਦੇ ਸਨ...ਬੱਚਿਆਂ ਤੋਂ ਪਤਾ ਲਗਾ ਕਿ ਛਤ ਬੀੜ ਦਾ ਚਿੜੀਆਘਰ ਵੇਖਣ ਮਗਰੋਂ ਹੁਣ ਉਹ ਨੰਗਲ ਡੈਮ ਵੇਖਣ ਜਾ ਰਹੇ ਹਨ। ਸਮਾਂ ਕੋਈ ਸਾਢੇ ਬਾਰਾਂ ਵਜੇ ਦਾ ਹੋਵੇਗਾ। ਦੋ-ਤਿੰਨ ਮਿੰਟ ਮਗਰੋਂ ਬੱਚੇ ਮੁੜ ਬੱਸ ਵਿਚ ਜਾ ਬੈਠੇ...ਟਾ ਟਾ, ਬਾਏ ਬਾਏ ਦੀਆਂ ਅਵਾਜ਼ਾਂ ਕਈ ਦੇਰ ਤੀਕ ਆਉਂਦੀਆਂ ਰਹੀਆਂ...ਬਿਨਾਂ ਜਾਣੇ ਪਹਿਚਾਣੇ ਅਨੇਕਾਂ ਬੱਚੇ ਸਾਡਾ ਮਨ ਮਿੰਟਾਂ ਵਿਚ ਹੀ ਮੋਹ ਗਏ ਸਨ...ਪਰ ਕੌਣ ਜਾਣਦਾ ਸੀ ਕਿ ਹਸਮੁੱਖ ਮਸੂਮ ਜਿੰਦੜੀਆਂ ਦਾ ਇਹ ਆਖਰੀ ਹਾਸਾ...

ਸ਼ਾਮੀਂ ਪਤਾ ਲਗਾ ਕਿ ਉਹ ਬੱਚੇ ਐਕਸੀਡੈਂਟ ਦਾ ਸ਼ਿਕਾਰ ਹੋ ਗਏ ਹਨ...ਵੀਹ ਸਾਲ ਪੁਰਾਣੀ ਬੇੜੀ ਵਿਚੋਂ ਥਾਂ ਥਾਂ ਤੇ ਛੇਦੀ ਪਈ ਸੀ ਜਿਨ੍ਹਾਂ ਵਿਚ ਟਾਟ ਦੇ ਦੇ ਕੇ ਬੁੱਤਾ ਸਾਰਨ ਦੀ ਕੀਤੀ ਹੋਈ ਸੀ। ਬੀ. ਡੀ. ਓ., ਐਸ. ਡੀ. ਐਮ. ਤੇ ਐਕਸੀਅਨ ਨੂੰ ਇਹ ਪਤਾ ਹੀ ਨਹੀਂ ਸੀ ਕਿ ਉਨ੍ਹਾਂ ਦੇ ਇਲਾਕਿਆਂ ਵਿਚ ਚਲਣ ਵਾਲੀਆਂ ਬੇੜੀਆਂ ਦੀ ਸੁਰੱਖਿਆ ਦੀ ਜ਼ੁਮੇਵਾਰੀ ਉਨ੍ਹਾਂ ਦੀ ਬਣਦੀ ਹੈ—ਉਹਨਾਂ ਨੂੰ ਤਾਂ ਬਸ ਇੰਨਾ ਹੀ ਯਾਦ ਸੀ ਕਿ ਸਾਲ ਦੇ ਸਾਲ ਠੇਕੇ ਦੀ ਬੋਲੀ ਜ਼ਰੂਰ ਕਰਵਾਉਣੀ ਹੁੰਦੀ ਹੈ...ਤੀਹਾਂ ਲਈ ਨਾ ਕਾਫੀ ਬੇੜੀ ਵਿਚ ਜਦੋਂ 67 ਬੱਚੇ ਸਵਾਰ ਹੋਏ ਤਾਂ ਹਾਦਸਾ ਕਿਵੇਂ ਟਲ ਸਕਦਾ ਸੀ?

...ਤੇ ਬੇੜੀ ਨੇ ਕਿਨਾਰਾ ਛਡਿਆ ਹੀ ਸੀ ਕਿ ਅਵਾਜ਼ਾਂ ਆਉਣ ਲਗ ਪਈਆਂ...ਵਾਟਰ ..ਵਾਟਰ, ਅੰਕਲ ਵਾਟਰ...ਅੰਕਲ ਪਾਣੀ ਭਰ ਆਇਆ...ਵਾਟਰ ਅੰਕਲ ਵਾਟਰ...ਅੰਕਲ ਯਹਾਂ ਸੇ ਭੀ ..ਮਲਾਹ ਅੰਕਲ ਹਮੇਂ ਬਚਾਓ... ਬਚਾਓ...ਪਾਪਾ... ਮਾਮਾ...ਦੀਦੀ .. ਟੀਚਰ ਆਂਟੀ... ਮਲਾਹ ਅੰਕਲ... ਸੋਨੂ... ਬਿੱਟੂ... ਵੋ-ਪੂਨਮ ਡੁਬ ਗਈ... ਮਲਾਹ ਅੰਕਲ... ਬਾਬਾ... ਪਾਪਾ...ਮੇਰੇ ਬੱਚਿਓ ਪਰੇ ਹਟੋ ਮੈਨੂੰ ਬੇੜੀ ਸੰਭਾਲਣ ਦਿਓ...ਪਾਪਾ ਮੈਂ ਡੁਬ ਰਹਾ... ਮੰਮੀ... ਟੀਚਰ ਦੀਦੀ ...ਮਲਾਹ ਅੰਕਲ ਹਮ ਤੁਮੇ ਨਹੀਂ ਛੋੜੇਂਗੇ...ਓਹ ਮੇਰੇ ਭਗਵਾਨ...ਸ਼ਰਮਾ ਦੀਦੀ ਮੇਰੀ ਚੁੰਨੀ ਪਕੜੋ... ਪਕੜੋ ਟੀਚਰ ਜਲਦੀ ਪਕੜੋ...ਜੈਨ ਦੀਦੀ ਮੁਝੇ ਵੀ ਪਕੜੋ...ਸੰਜੇ ਮੁਝੇ ਵੀ, ਸੇਠੀ ਭਈਆ ਮੁਝੇ ਭੀ...ਚਲ ਤੂੰ ਉਸ ਬੇੜੀ ਮੇਂ ਕੂਦ ਜਾ.. ਲੋ ਤੁਮ ਭੀ ਬਾਹਰ ਜਾਓ... ਥੈਂਕ ਯੂ ਸੇਠੀ ਭਈਆ...ਸੋਨੂ ਤੁਮ ਮੁਝੇ ਛੋੜਨਾ ਨਾ...ਚਲ ਸੋਨੂ ਤੂੰ ਭੀ ਬਾਹਰ...ਆ ਮੇਰੀਆਂ ਤਿੰਨ ਮਾਲਾ ਵੀ ਪਕੜ...ਸੇਠੀ ਭਈਆ ਤੁਮ ਭੀ ਆ ਜਾਓ...ਆਓ ਨਾ...ਟੀਚਰ ਆਂਟੀ ਸੇਠੀ ਭਈਆ... ਸੇਠੀ ਭਈਆ, ਤੁਮਾਰੀਆਂ ਗਾਨੀਆਂ...ਸੇਠੀ...ਮੰਮੀ... ਵਾਹ ਓਹ ਸੇਠੀ.. ਪੰਜ ਨੂੰ ਤਾਂ ਪਾਰ ਲਾ ਗਿਉਂ ਪਰ ਆਪਣੀ ਵੇਰਾਂ ਤੇਰੀਆਂ ਬਾਹਵਾਂ ਹੰਭ...ਗਾਨੀਆਂ ਤਾਂ ਆਪਣੀਆਂ ਤਿੰਨਾਂ ਭੈਣਾਂ ਨੂੰ ਹੱਥੀਂ ਦੇ ਜਾਂਦੋਂ... ਤੇ ਠੀਕ ਜਦੋਂ ਪਟਿਆਲੇ ਤੇ ਸਾਰਾ ਪੰਜਾਬ ਸੋਕ ਵਿਚ ਡੁੱਬਿਆ ਹੋਇਆ ਸੀ...ਪੰਜਾਬ ਦੇ ਮੁਖ ਮੰਤਰੀ ਮਰਨ ਵਾਲਿਆਂ ਦੇ ਪਰਿਵਾਰਾਂ ਨੂੰ ਪੰਜ ਪੰਜ ਹਜ਼ਾਰ ਦੇਣ ਦਾ ਐਲਾਨ ਕਰਕੇ ਆਪਣੇ ਦਿਮਾਗੀ ਦੀਵਾਲੀਆਪਨ ਦਾ ਸਬੂਤ...

ਤੇ ਅੱਜ ਉਨ੍ਹਾਂ ਮਾਸੂਮਾਂ ਦੀਆ ਚੀਕਾਂ, ਉਨ੍ਹਾਂ ਦੀਆਂ ਖੜੀਆਂ ਬਾਹਵਾਂ (ਆਕੜੀਆਂ) ਇਕ ਸਵਾਲ ਸਭ ਨੂੰ ਕਰਦੀਆਂ ਹਨ...ਕੀ ਅਸੀਂ ਹਮੇਸ਼ਾਂ ਵਾਂਗੂ ਤਮਾਸ਼ਬੀਣ ਬਣੀ ਹੀ ਕੰਢੇ ਤੇ ਖੜੇ ਰਿਹਾ ਕਰਾਂਗੇ ਤੇ ਸਾਡੀਆਂ ਅੱਖਾਂ ਸਾਹਮਣੇ ਸਾਡੇ ਭੈਣ-ਭਰਾ, ਬੱਚੇ-ਬੱਚੀਆਂ, ਸੜਕਾਂ ਕਿਨਾਰੇ, ਝੀਲਾਂ ਵਿਚ, ਕੁਤਬ ਮੀਨਾਰ ਅੰਦਰ ਦਮ ਤੋੜਦੇ ਜਾਇਆ ਕਰਣਗੇ...ਕੌਣ ਹੈ ਉਨ੍ਹਾਂ ਮਾਸੂਮਾਂ ਦਾ ਕਾਤਲ...???

ਉਨ੍ਹਾਂ ਮਾਸੂਮਾਂ ਦਾ ਕਾਤਲ, ਇਸ "ਪਾਏਦਾਰ" ਸਰਕਾਰ ਦੇ ਢਿਚਕੂ ਢਿਚਕੂ ਕਰਦੇ ਢਾਂਚੇ ਤੋਂ ਸਿਵਾ ਦੂਜਾ ਕੋਈ ਨਹੀਂ। ○ ○ ○

ਤੇ ਨੰਗਲ ਬੋਟ-ਟਰੈਜਿਡੀ ਨੂੰ ਹਾਲੇ ਮਹੀਨਾ ਵੀ ਨਹੀਂ ਸੀ ਹੋਇਆ ਕਿ ਸਰਹਿੰਦ-ਪਟਿਆਲਾ ਸੜਕ ਉਪਰ, ਇਕ ਸਾਲਮ ਬਸ ਨਹਿਰ ਵਿਚ ਡਿਗ ਕੇ ਡੁੱਬ ਗਈ। ਨੱਬੇ-ਪਚਾਨਵੇਂ ਸਵਾਰੀਆਂ ਸੀ ਇਸ ਬੱਸ ਵਿਚ! ਰਾਮਪਾਲ ਤਿੰਨਾਂ ਮਹੀਨਿਆਂ ਬਾਦ ਹਿਮਾਚਲ ਵਿਚੋਂ, ਦੀਵਾਲੀ ਤੇ ਆਪਣੇ ਘਰ ਪਰਤ ਰਿਹਾ ਸੀ। ਕਿੰਨੀ ਆਸਾਂ ਲਗੀਆਂ ਹੋਈਆਂ ਸਨ—ਉਸਦੇ ਘਰ...ਪੱਪੂ ਲਈ ਛੋਟਾ ਫੁੱਟਬਾਲ ਲਿਆਉਣਾ ਸੀ ਉਸਦੇ ਡੈਡੀ ਨੇ ਤੇ ਛੋਟੀ ਲਈ ਗਜਰੇ...ਬਜ਼ੁਰਗ ਬਾਪ ਫੌਜੀ ਜੱਰਸੀ ਦਾ ਇੰਤਜ਼ਾਰ ਕਰ ਰਿਹਾ ਸੀ...ਸ਼ਰਮਾ, ਰਾਣੀ, ਸੰਧੂ, ਢਿਲੋਂ ਕਿੰਨੇ ਸਾਰੇ ਬੈਂਕ-ਮੁਲਾਜ਼ਮ ਸਰਹੰਦ ਤੋਂ ਵਾਪਸ਼ ਪਰਤ ਰਹੇ ਸਨ, ਕਿਸੇ ਘਰਦਿਆਂ ਲਈ ਮਠਿਆਈ ਦਾ ਡੱਬਾ ਚੁਕਿਆ ਹੋਇਆ ਸੀ, ਕਿਸੇ ਬੱਚਿਆਂ ਲਈ ਸਵੈਟਰ ਦੀ ਉਨ—ਅਗਲੇ ਦਿਨ ਦੀਵਾਲੀ ਜੁ ਸੀ...ਪਰ ਕੌਣ ਜਾਣਦਾ ਸੀ ਦੀਵਾਲੀ ਤਾਂ ਹਰ ਸਾਲ ਆਇਆ ਕਰੇਗੀ

ਪਰ ਉਨ੍ਹਾਂ ਦੇ ਘਰ ਚਾਨਣ, ਹੁਣ ਕਦੇ ਵੀ ਨਹੀਂ—ਸਾਡੇ ਗੁਆਂਢੀਆਂ ਦਾ ਬਿੱਲੂ (ਗੁਰਕਰਨ ਸਿੰਘ) ਨੇ ਨੰਗਲੋਂ, ਆਪਣੀ ਭੈਣ ਨੂੰ ਗਗੂਵਾਲ ਸੁਨੇਹਾ ਭੇਜਿਆ ਸੀ, ਭੈਣ ਤੂੰ ਨੇਰ੍ਹਾ ਨਾ ਕਰੀਂ, ਮੈਂ ਨੈਣਾ ਦੇਵੀ ਵਾਲੀ ਬਸ ਤੇ ਮਗਰੋਂ ਆ ਜਾਵਾਂਗਾ। ਦੋਨਾਂ ਪਟਿਆਲੇ ਆਉਣਾ ਸੀ। ਹਾਲੇ ਪਿਛਲੇ ਹਫਤੇ ਤੇ ਉਹ ਘਰ ਮਖੌਲ ਕਰ ਰਿਹਾ ਸੀ, ਬਾਈ ਐਦਕਾਂ ਮੈਂ ਸੇਬਾਂ ਦੀ ਪੇਟੀ ਲੈ ਕੇ ਆਊਗਾਂ, ਬਰਫੀ ਦਾ ਡੱਬਾ ਤੁਸੀਂ ਇਥੋਂ ਫੜ੍ਹ ਲਿਆਇਉ...ਫਿਰ ਰੱਜ 2 ਖਾਵਾਂਗੇ, ਆਖਿਰ ਬੇਬੀ (ਉਸਦੀ ਭੈਣ ਦੀ ਸਾਡੇ ਘਰ ਵਿਚ ਤਾਂ ਆਖਿਰੀ ਦੀਵਾਲੀ ਹੋਣੀ ਹੈ—ਫਿਰ ਪਤਾ ਨਹੀਂ ਭੈਣ ਦੀ ਸੱਸ ਕਦੇ ਆਉਣ ਵੀ ਦੇਵੇ ਜਾਂ ਨਾ...ਪਰ ਕੌਣ ਜਾਣਦਾ ਸੀ ਕਿ ਇਹ ਭੈਣ ਦੀ ਨਹੀਂ ਸਗੋਂ ਭਰਾ ਦੀ ਹੀ ਆਖਰੀ ਦੀਵਾਲੀ ਸੀ . ਪਰਸੋਂ ਜਦ ਲੁਧਿਆਣੇ ਵਾਲਿਆਂ ਦੀ ਚਿੱਠੀ ਆਈ ਸੀ (ਬੇਬੀ ਦੇ ਸਹੁਰੇ ਘਰੋਂ) ਕਿ ਵਿਆਹ ਲਈ ਬੱਸ ਦਾ ਪ੍ਰਬੰਧ ਕਰ ਲਿਆ ਹੈ—ਐਪਰ ਬਿੱਲੂ ਦੀ ਲਾਸ਼ ਲਿਆਉਣ ਵਾਸਤੇ ਅਸੀਂ ਟੈਕਸੀ ਦਾ ਪ੍ਰਬੰਧ ਕਰ ਰਹੇ ਸਾਂ......ਕਲ ਜੋ ਹਸਦਾ-ਵਸਦਾ ਘਰ ਸੀ, ਅਜ ਵੀਰਾਨ੍ਹ...

ਪ੍ਰੋਫੈਸਰ ਸ਼ਰਮਾ ਕਚੀਚੀਆਂ ਵਟ-2 ਦਸ ਰਿਹਾ ਸੀ ਕਿ ਡਰੈਵਰ ਨੂੰ ਕੁਤਰਾ 2 ਕਰ ਦੇਣਾ ਚਾਹੀਦਾ ਹੈ... ਤੇ ਜਿਹੜਾ ਕਲ ਐਕਸੀਡੈਂਟ, ਉਸੇ ਪੁਲ ਤੋਂ ਮੀਲ ਕੁ ਉਰੇ ਹੋਇਆ ਹੈ—ਤੇ ਜਿਸ ਵਿਚ ਮਰਿਆ ਵੀ ਇਕੱਲਾ ਡਰੈਵਰ ਹੀ ਹੈ, ਉਥੇ ਕਿਸਨੂੰ ਕੁਤਰਾ 2 ਕਰੇਂਗਾ...?

ਕੋਈ ਪਟਿਆਲਿਉਂ ਆਉਣ ਵਾਲੀ ਬੱਸ ਦਾ ਦੋਸ਼ ਦਸ ਰਿਹਾ ਸੀ, ਕੋਈ ਜਾਣ ਵਾਲੀ ਦਾ...ਪਰ ਇਹ ਕੋਈ ਨਹੀਂ ਸੀ ਦਸ ਰਿਹਾ ਕਿ ਦਰਅਸਲ ਪੁੱਲ ਹੀ ਭੀੜਾ ਸੀ...ਕਦੇ ਨਹਿਰਾਂ ਉਪਰੋਂ ਗੱਡੇ ਆਰ-ਪਾਰ ਜਾਣ ਖਾਤਰ ਬਣਾਇਆ ਗਿਆ ਹੋਵੇਗਾ (ਸੜਕ ਬਾਦ ਵਿਚ ਬਣੀ ਅਤੇ ਚੌੜੀ ਹੋਈ ਹੈ) ਸੋ ਅਜ ਤੀਕ ਵੀ ਸਰਕਾਰ ਨੇ ਜ਼ਰੂਰਤ ਨਹੀਂ ਸਮਝੀ ਕਿ ਇਸਨੂੰ ਖੁਲ੍ਹਾ (Double lane) ਕਰ ਦਿਤਾ ਜਾਏ...ਤਿੰਨ ਕੁ ਸਾਲ ਪਹਿਲਾਂ ਵੀ ਕਹਿੰਦੇ ਹਨ ਕੋਈ ਮੋਟਰ/ਕਾਰ ਇਸ ਪੁਲ ਤੋਂ ਨਹਿਰ ਵਿਚ ਡਿਗੀ ਸੀ ਅਤੇ ਸਰਕਾਰ ਨੇ ਉਸ ਵਕਤ "ਭਰੋਸਾ" ਵੀ ਦਵਾਇਆ ਸੀ ਕਿ ਪੁੱਲ..... ਵੈਸੇ ਵੀ ਅਗਰ ਸੱਠਾਂ ਦੀ ਜਗ੍ਹਾ ਨੱਬੇ ਸਵਾਰੀਆਂ ਬਸ ਵਿਚ ਚੜ੍ਹੀਆਂ ਹੋਣ ਤਾਂ ਡਰੈਵਰ ਦਾ ਕੀ ਦੋਸ਼...ਸਕੂਟਰ ਦੇ ਮਗਰ ਹੀ ਅਗਰ ਇਕ ਦੀ ਜਗ੍ਹਾ ਦੋ ਸਵਾਰੀਆਂ ਬੈਠੀਆਂ—ਹੋਣ ਤਾਂ ਬਰੇਕ ਲਾਉਣ ਦੇ ਬਾਵਜੂਦ ਸਕੂਟਰ ਦੋ-ਚਾਰ ਹੱਥ ਅਗੇ ਬਦੋ-ਬਦੀ ਨਿਕਲ ਜਾਂਦਾ ਹੈ।

ਸੋ ਹੀ ਇਥੇ ਹੋਇਆ ਜਾਪਦਾ ਹੈ...ਅਤੇ ਅਜਿਹਾ ਵਾਪਰਦਾ ਹੀ ਰਹੇਗਾ—ਤਦ ਤੀਕ ਵਾਪਰਦਾ ਰਹੇਗਾ ਜਦ ਤੀਕ ਲੋਕ ਇਸਦੇ ਵਿਰੁਧ ਇਕੱਠੇ ਹੋ ਕੇ ਅਵਾਜ਼ ਨਹੀਂ ਹਨ ਉਠਾਂਦੇ......ਜਦ ਤੀਕ ਲੋਕ ਕਹਿੰਦੇ ਨਹੀਂ ਕਿ ਸਾਨੂੰ ਜਹਾਜ਼ ਤੇ ਹੈਲੀਕਪਟਰ ਨਹੀਂ ਚਾਹੀਦੇ. ਸਾਨੂੰ ਹੋਟਲ ਤੇ ਫਲੋਟਿੰਗ ਰੈਸਟੂਰੈਂਟ ਵੀ ਨਹੀਂ ਚਾਹੀਦੇ ਸਾਨੂੰ ਖੁਲ੍ਹੀਆਂ ਸੜਕਾਂ ਤੇ ਬੇਹਤਰ ਬੱਸਾਂ ਚਾਹੀਦੀਆਂ ਹਨ ਅਤੇ ਅਸੀਂ ਤਦ ਤੀਕ ਤੁਹਾਡੀਆਂ ਕਾਰਾਂ ਤੇ ਜਹਾਜ਼ ਵੀ ਚਲਣ ਨਹੀਂ ਦਿਆਂਗੇ ਜਦ ਤੀਕ ਸਾਡੇ ਲਈ ਵਧੇਰੇ ਬੱਸਾਂ ਅਤੇ ਖੁਲੇ ਪੁਲਾਂ ਦਾ ਪ੍ਰਬੰਧ ਨਹੀਂ ਹੈ ਹੋ ਜਾਂਦਾ...ਇਹ ਤਦ ਤੀਕ ਜਾਰੀ ਰਹੇਗਾ ਜਦ ਤੀਕ ਅਸੀਂ ਸਾਰੇ ਇਸ ਗਲ ਨਾਲ ਸਹਿਮਤ ਨਹੀਂ ਹੋ ਜਾਂਦੇ ਕਿ ਅਜ ਸੜਕਾਂ ਉਪਰ ਮਹਿਜ਼ ਐਕਸੀਡੈਂਟ ਨਹੀਂ ਹਨ ਹੋ ਰਹੇ ਬਲ ਕੇ ਵਿਉਂਤਬਧ ਕਤਲ ...

## ਅਣਗਹਿਲੀ ਦੀ ਵੀ ਹੱਦ ਹੁੰਦੀ ਹੈ...?

ਬੱਸ ਦਾ ਐਕਸੀਡੈਂਟ ਪੰਜ ਵਜੇ ਸ਼ਾਮ ਹੋਇਆ ਸੀ ਮਗਰ ਪਹਿਲੀ ਲਾਸ਼ ਅਠ੍ਹਾਰਾਂ ਘੰਟਿਆਂ ਬਾਅਦ ਨਹਿਰ ਵਿਚੋਂ ਕਢੀ ਗਈ...? ਡਾਕਟਰਾਂ ਦੀ ਰਾਏ ਹੈ ਕਿ ਅਗਰ ਪੰਜ ਛੇ ਘੰਟਿਆਂ ਦਾ ਡੁੱਬਿਆ ਵੀ ਕੱਢ ਲਿਆ ਜਾਏ ਤਾਂ ਬਚਾਉਣ ਦੇ ਕੁਝ ਚਾਂਨਸ ਹੋ ਸਕਦੇ ਹਨ...ਪਰ ਐਧਰ ਪਟਿਆਲੇ ਸ਼ਹਿਰ ਵਿਚ ਜਿਥੇ ਮਿਲਟਰੀ ਦਾ ਵੀ ਹੈਡਕੁਆਟਰ (ਛਾਉਣੀ) ਹੈ ਜਿਨ੍ਹਾਂ ਕੋਲ ਕਈ ਕਰੇਨਾਂ ਹਨ—ਐਕਸੀਡੈਂਟ ਵਾਲੀ ਜਗ੍ਹਾ ਤੋਂ ਗੋਬਿੰਦਗੜ੍ਹ (ਸਟੀਲ ਦਾ ਘਰ) ਵੀ ਕੁਲ ਦਸ ਮੀਲ ਸੀ, ਕਰੇਨਾਂ ਦਾ ਉਥੋਂ ਵੀ ਪ੍ਰਬੰਧ ਕੀਤਾ ਜਾ ਸਕਦਾ ਸੀ, ਜੋ ਪੈਪਸੂ ਰੋਡਵੇਜ਼ ਦੀ ਇਕ ਅੱਧੀ ਆਈ ਉਹ ਉਂਜ ਹੀ ਖਰਾਬ ਨਿਕਲੀ.. ਜੈਂਤਾਂ ਨੂੰ ਪੁਛਣਾ ਚਾਹੀਦਾ ਹੈ ਕਿ ਕੀ ਢਾਈ-ਤਿੰਨਾਂ ਘੰਟਿਆਂ ਵਿਚ ਬੱਸ ਨੂੰ ਬਾਹਰ ਕੱਢਣਾ ਸੰਭਵ ਨਹੀਂ ਸੀ...ਇਥੇ ਇਹ ਵੀ ਦਸ ਦਿਤਾ ਜਾਏ ਕਿ ਨਹਿਰ ਢਾਈ ਬੰਦੇ ਡੂੰਘੀ ਜ਼ਰੂਰ ਸੀ ਮਗਰ ਕੋਈ ਸਮੁੰਦਰ ਨਹੀਂ ਸੀ।

ਅਗਰ ਜੰਗੀ ਪੱਧਰ ਤੇ ਭੱਜ ਦੌੜ ਕੀਤੀ ਜਾਂਦੀ ਤਾਂ ਸੌ ਵਿਚੋਂ ਸ਼ਾਇਦ ਦੋ ਚਾਰ ਹੀ ਬਚ ਜਾਂਦੇ.. ਬੈਂਕ ਵਾਲਾ ਸੰਧੂ ਹੀ ਬੱਚ ਜਾਂਦਾ.. ਬੰਟੀ ਦੀ ਮੰਮੀ (ਅਧਿਆਪਕਾ) ਹੀ ਬਚ ਜਾਂਦੀ...ਬੇਬੀ ਦੇ ਭਰਾ ਬਿੱਲੂ ਦੇ ਸਵਾਸ ਚਲ ਪੈਂਦੇ...ਤੇ ਮੈਂ ਗਵਰਨਰ ਪੰਜਾਬ ਨੂੰ ਪੁੱਛਣਾ ਚਾਹਾਂਗਾ ਕਿ ਉਹ ਬੱਸ ਵਿਚ ਡੁੱਬ ਕੇ ਮਰਨ ਵਾਲਿਆਂ ਦੇ ਘਰਦਿਆਂ ਨਾਲ ਅਫਸੋਸ ਕਰਨ ਕਿਉਂ ਨਹੀਂ ਗਏ...ਉਹ ਲੇਡੀ ਫਾਤਿਮਾ ਸਕੂਲ ਵਿਚ ਵੀ ਤਾਂ ਹੱਥ ਵਿਚ ਚਾਂਦੀ ਦਾ ਡੰਡਾ (ਵਹਿਮੀ ਕਿਸੇ ਜ਼ਮਾਨੇ ਦਾ) ਫੜੀ ਬੈਠੇ ਰਹੇ...ਸਿਰਫ ਇਸ ਕਰਕੇ ਕਿ ਉਥੇ ਅਮੀਰਾਂ ਦੇ ਬੱਚਿਆਂ ਦੀ ਮੌਤ ਦਾ ਸਵਾਲ ਸੀ ਤੇ ਬੱਸ ਮਰਨ ਵਾਲੇ ਬਿੱਲੂ, ਰਾਣੀ, ਕਰਨੈਲਾ ਤੇ ਸੰਧੂ ਤਾਂ ਸਾਧਾਰਣ... ।

—**ਐਮ.ਸੀ. ਭਾਰਦਵਾਜ** (ਪ੍ਰੋ.)

ਨੋਟ : ਇੰਨੀ ਅਨਗਹਿਲੀ ਇਸ ਗੱਲ ਦੇ ਬਾਵਜੂਦ ਹੋਈ ਕਿ ਐਕਸੀਡੈਂਟ ਹੋਣ ਤੋਂ ਦਸ ਮਿੰਟ ਮਗਰੋਂ ਹੀ ਜੋਗਿੰਦਰਪਾਲ ਪਾਂਡੇ ਮਨਿਸਟਰ ਉਥੋਂ ਦੀ ਲੰਘ ਰਹੇ ਸਨ...।